# ਵਿਗਿਆਨਕ ਸੂਰ ਪਾਲਣ ਕਿੱਤਾ


## ਡਾ. ਸਰਬਜੀਤ ਸਿੰਘ ਸਿੱਕਾ

ਸਾਬਕਾ ਸੀਨੀਅਰ ਨਿਉਟ੍ਰੀਸ਼ਨਿਸਟ ਕਮ ਹੈਡ
ਡਿਪਾਰਟਮੈਂਟ ਆਫ ਐਨੀਮਲ ਨਿਉਟ੍ਰੀਸ਼ਨ
**ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ**
**ਲੁਧਿਆਣਾ**




# ਵਿਗਿਆਨਕ ਸੂਰ ਪਾਲਣ ਕਿੱਤਾ

**ਡਾ. ਸਰਬਜੀਤ ਸਿੰਘ ਸਿੱਕਾ**

ਸਾਬਕਾ ਸੀਨੀਅਰ ਨਿਊਟ੍ਰੀਸ਼ਨਿਸਟ ਕਮ ਹੈੱਡ
ਡਿਪਾਰਟਮੈਂਟ ਆਫ ਐਨੀਮਲ ਨਿਊਟ੍ਰੀਸ਼ਨ
**ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ**
**ਲੁਧਿਆਣਾ**

# ਦੋ ਸ਼ਬਦ

ਸੂਰ ਪਾਲਣ ਦਾ ਕਿੱਤਾ ਪੰਜਾਬ ਵਿਚ ਸ਼ੁਰੂ ਤੋਂ ਹੀ ਪਛੜੇ ਹੋਏ ਲੋਕਾਂ ਦੇ ਹੱਥਾ ਵਿਚ ਰਿਹਾ ਹੈ। ਜੋ ਕਿ ਸੂਰਾਂ ਨੂੰ ਵਿਗਿਆਨਿਕ ਤਰੀਕਿਆਂ ਨਾਲ ਨਹੀਂ ਪਾਲਦੇ ਅਤੇ ਦਿਨ ਵੇਲੇ ਰੂੜੀਆਂ ਤੇ ਹੀ ਛੱਡ ਦਿੰਦੇ ਹਨ।ਜੋ ਵੱਟਿਆ ਸੋ ਖੱਟਿਆ ਦੇ ਮੁਹਾਵਰੇ ਅਨੁਸਾਰ ਹੀ ਆਪਣਾ ਨਿਰਬਾਹ ਕਰਦੇ ਹਨ। ਵਿਗਿਆਨਿਕ ਢੰਗਾਂ ਦਾ ਉਪਯੋਗ ਨਾ ਕਰਨ ਕਰਕੇ ਇਹ ਲੋਕ ਸੂਰ ਪਾਲਣ ਤੋਂ ਵਧੇਰੇ ਲਾਭ ਨਹੀ ਉਠਾ ਸਕੇ।ਇਹ ਪੁਸਤਕ ਜਿਸ ਵਿਚ ਸੂਰ ਪਾਲਣ ਦੇ ਵਿਗਿਆਨਕ ਢੰਗ ਤਰੀਕੇ ਬਿਆਨ ਕੀਤੇ ਗਏ ਹਨ। ਸੂਰ ਪਾਲਕਾਂ ਲਈ ਬਹੁਤ ਲਾਭਦਾਇਕ ਸਿੱਧ ਹੋਵੇਗੀ।

ਇਸ ਕਿਤਾਬ ਨੂੰ ਲਿਖਣ ਦਾ ਮੁੱਖ ਮੰਤਵ ਸੂਰ ਪਾਲਕਾਂ ਨੂੰ ਵਿਗਿਆਨਕ ਢੰਗਾਂ ਨਾਲ ਪਾਲੇ ਜਾਣ ਸੰਬੰਧੀ ਜਾਣਕਾਰੀ ਹਾਸਲ ਕਰਵਾਉਣਾ ਹੈ। ਇਸ ਪੁਸਤਕ ਵਿਚ ਸੂਰ ਪਾਲਣ ਦੇ ਕਿੱਤੇ ਦੀ ਬਰੀਕ ਤੋਂ ਬਰੀਕ ਜਾਣਕਾਰੀ ਤੋਂ ਲੈਕੇ ਵੱਡੀ ਜਾਣਕਾਰੀ ਤਕ ਦਰਸਾਈ ਗਈ ਹੈ।ਸੂਰ ਪਾਲਣ ਦੇ ਵੱਖ ਵੱਖ ਵਿਸ਼ਿਆਂ ਨੂੰ ਕਈ ਭਾਗਾਂ ਵਿਚ ਵੰਡਿਆਂ ਗਿਆ ਹੈ। ਪਹਿਲੇ ਭਾਗ ਵਿਚ ਸੂਰਾਂ ਦੇ ਬਾਰੇ ਵਿਚ ਮੁਢਲੀ ਜਾਣਕਾਰੀ ਅਤੇ ਸੂਰਾਂ ਦੀ ਆਰਥਿਕ ਮੱਹਤਤਾ ਬਿਆਨ ਕੀਤੀ ਗਈ ਹੈ।ਸੂਰਾਂ ਦੀਆਂ ਨਸਲਾਂ, ਨਸਲਕਸ਼ੀ, ਨਸਲਕਸ਼ੀ ਦੀਆਂ ਪ੍ਰਣਾਲੀਆਂ, ਨਸਲਕਸ਼ੀ ਲਈ ਸੂਰਾਂ ਦੀ ਚੋਣ ਅਤੇ ਪ੍ਰਜਣਨ ਸਬੰਧੀ ਜਾਣਕਾਰੀ ਦੂਸਰੇ ਭਾਗ ਵਿਚ ਸ਼ਾਮਿਲ ਕੀਤੀਆਂ ਗਈਆਂ ਹਨ। ਤੀਜੇ ਭਾਗ ਵਿਚ ਸੂਰਾਂ ਦੀ ਪਾਚਨ ਪ੍ਰਣਾਲੀ ਖੁਰਾਕੀ ਅੰਸ਼, ਖੁਰਾਕੀ ਤੱਤਾਂ ਦੀ ਮਹੱਤਤਾ, ਖੁਰਾਕ ਦਾ ਸੂਤਰੀਕਰਨ ਅਤੇ ਵੱਖ ਵੱਖ ਸ਼੍ਰੇਣੀਆਂ ਲਈ ਸੰਤੁਲਿਤ ਖੁਰਾਕ ਬਾਰੇ ਬਿਆਨ ਕੀਤਾ ਗਿਆ ਹੈ। ਸੂਰਾਂ ਦੀ ਵੱਖ ਵੱਖ ਸ਼੍ਰੇਣੀਆਂ ਦੀ ਸਾਂਭ ਸੰਭਾਲ, ਚੰਗੇ ਘਰਾਂ ਦੀ ਵਿਵਸਥਾ ਅਤੇ ਘਰਾਂ ਦੀ ਵਿਉਤਬੰਦੀ ਸੰਬੰਧੀ ਜਾਣਕਾਰੀ ਚੌਥੇ ਭਾਗ ਵਿਚ ਦਿੱਤੀ ਹੈ।ਪੁਸਤਕ ਦੇ ਪੰਜਵੇ ਭਾਗ ਵਿਚ ਸੂਰਾਂ ਦੀਆਂ ਬਿਮਾਰੀਆਂ ਦੇ ਚਿੰਨ ਅਤੇ ਬਚਾਅ ਦੇ ਸਾਧਨ ਬਿਆਨੇ ਗਏ ਹਨ।ਛੇਵਾਂ ਭਾਗ ਸੂਰਾਂ ਦੇ ਝਟਕਾਉਣ, ਮੀਟ ਦੀ ਗੁਣਵਤਾ ਅਤੇ ਇਸ ਤੋ ਬਣਾਏ ਜਾਣ ਵਾਲੇ ਚੰਗੇ ਅਤੇ ਸਸਤੇ ਪਕਵਾਨਾਂ ਬਾਰੇ ਦੱਸਣ ਦਾ ਉਪਰਾਲਾ ਕੀਤਾ ਗਿਆ ਹੈ। ਸਤਵਾਂ ਅਤੇ ਅਖਰੀਲਾ ਭਾਗ ਸੂਰਾਂ ਦੀ ਆਰਥਿਕਤਾ ਅਤੇ ਇਨ੍ਹਾਂ ਦੇ ਮੰਡੀਕਰਣ ਨਾਲ ਸੰਬੰਧਿਤ ਹੈ। ਨੱਥੀ ਕੀਤਾ ਵੇਰਵਾ ਪੰਜਾਬ ਪਿਗ ਫਾਰਮਰਜ਼ ਐਸੋਸੀਏਸ਼ਨ ਅਤੇ ਪੰਜਾਬ ਵਿਚ ਉਭਰਦੇ ਅਤੇ ਉੱਘੇ ਸੂਰ ਪਾਲਕਾਂ ਦਾ ਬਿਆਨ ਕਰਦਾ ਹੈ।

ਮੈਂ ਇਸ ਪੁਸਤਕ ਨੂੰ ਲਿਖਣ ਲਈ ਉੱਤਮ ਦਰਜੇ ਦੀਆਂ ਕਿਤਾਬਾ ਨੂੰ ਅਤੇ ਇੰਟਰਨੈਟ ਤੋ ਵੱਖ ਵੱਖ ਵਿਸ਼ਿਆਂ ਤੋ ਪ੍ਰਾਪਤ ਕੀਤੀ ਜਾਣਕਾਰੀ ਨੂੰ ਚੰਗੀ ਤਰ੍ਹਾਂ ਵਾਚਿਆ ਅਤੇ ਧੰਨਵਾਦ ਸਹਿਤ ਸਵੀਕਾਰ ਕਰਦਾ ਹਾਂ।ਅਪਣੀ ਅਣਥਕ ਮਿਹਨਤ ਅਤੇ ਪਰਿਵਾਰ ਦੇ ਸਹਿਯੋਗ ਨਾਲ ਮੈਂ ਇਹ ਕਿਤਾਬ ਦਾ ਖਰੜਾ ਤਿਆਰ ਕਰ ਸਕਿਆ।

ਮੈਨੂੰ ਉਮੀਦ ਹੈ ਕਿ ਇਹ ਕਿਤਾਬ ਸੂਰ ਪਾਲਕਾਂ ਦੀਆ ਸੂਰ ਪਾਲਣ ਸੰਬੰਧੀ ਰੋਜ਼ਾਨਾ ਦੀਆਂ ਮੁਸ਼ਕਲਾਂ ਦਾ ਹੱਲ ਕਰੇਗੀ ।ਅਤੇ ਉਨ੍ਹਾਂ ਦੀ ਤੇਜ਼ੀ ਨਾਲ ਤਰੱਕੀ ਕਰੇਗੀ ਅਤੇ ਉਨ੍ਹਾਂ ਦਾ ਆਰਥਿਕ ਮਿਆਰ ਉਪਰ ਚੁੱਕ ਕੇ ਉਨ੍ਹਾਂ ਨੂੰ ਖੁਸ਼ਹਾਲ ਬਣਾਏਗੀ।

ਅੰਤ ਵਿਚ ਮੈ ਆਸ ਕਰਦਾ ਹਾਂ ਕਿ ਮੇਰਾ ਇਹ ਨਿਮਾਣਾ ਜਿਹਾ ਉਪਰਾਲਾ ਸੂਰ ਪਾਲਕਾਂ, ਸਿਖਿਆਰਥੀਆਂ ਅਤੇ ਵਿਦਿਆਰਥੀਆਂ ਦੀਆਂ ਉਮੀਦਾਂ ਤੇ ਖਰਾ ਉਤਰੇਗਾ। ਫਿਰ ਵੀ ਇਸ ਵਿਚ ਕਈ ਤਰੁੱਟੀਆਂ ਰਹਿ ਗਈਆਂ ਹੋਣਗੀਆਂ ਜਿਨ੍ਹਾਂ ਲਈ ਮੈਂ ਖਿਮਾ ਦਾ ਜਾਚਕ ਹਾਂ। ਤੁਹਾਡੇ ਵੱਲੋਂ ਮਿਲੇ ਸੁਝਾਵਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਾਂਗਾ।

**(ਡਾ. ਸਰਬਜੀਤ ਸਿੰਘ ਸਿੱਕਾ)**

# ਮੁਢਲੀ ਜਾਣਕਾਰੀ

ਸੂਰ ਪਾਲਣ ਦਾ ਕਿੱਤਾ ਵਧੇਰੇ ਤੌਰ ਤੇ ਪਿੰਡਾਂ ਦੇ ਵਸਨੀਕਾਂ ਵੱਲੋਂ ਸਹਾਇਕ ਧੰਦੇ ਵਜੋਂ ਅਪਣਾਇਆ ਗਿਆ ਹੈ। ਇਸਦਾ ਇਸ ਤੱਥ ਤੋਂ ਪਤਾ ਲਗਦਾ ਹੈ ਕਿ ਸੂਰਾਂ ਦੀ ਕੁਲ ਗਿਣਤੀ ਦਾ ਕਰੀਬ 60 ਪ੍ਰਤੀਸ਼ਤ ਤੋਂ ਵੱਧ ਹਿੱਸਾ ਪਿੰਡਾਂ ਵਿੱਚ ਹੀ ਹੈ।ਪਸਾਰ ਸਿੱਖਿਆ ਸਾਧਨਾਂ ਜਿਵੇਂ ਕਿ ਰੇਡੀਓ, ਟੈਲੀਵੀਜ਼ਨ, ਅਖਬਾਰਾਂ, ਰਸਾਲੇ ਆਦਿ ਦੇ ਅਤੇ ਵਿਦਿਅਕ ਪੱਧਰ ਦੇ ਉੱਚਾ ਹੋਣ ਨਾਲ ਪਸ਼ੂਆਂ ਤੋਂ ਪ੍ਰਾਪਤ ਹੋਣ ਵਾਲੀ ਖੁਰਾਕ ਜਿਵੇਂ ਕਿ ਦੁੱਧ, ਅੰਡਾ ਅਤੇ ਮੀਟ ਆਦਿ ਦੇ ਬਾਰੇ ਵਧੇਰੇ ਜਾਣਕਾਰੀ ਮਿਲਦੀ ਹੈ ਅਤੇ ਇਨ੍ਹਾਂ ਦਾ ਵਧੇਰੇ ਪੋਸ਼ਟਿਕ ਹੋਣ ਨਾਲ ਮਨੁੱਖੀ ਭੋਜਨ ਵਿੱਚ ਮਹੱਤਤਾ ਵੱਧ ਰਹੀ ਹੈ। ਲੋਕਾਂ ਦਾ ਰੁਝਾਨ ਮੀਟ ਖਾਣ ਵਲ ਕਾਫੀ ਵੱਧ ਰਿਹਾ ਹੈ ਭੇਡਾਂ, ਬਕਰੀਆਂ ਦੀ ਗਿਣਤੀ ਵੀ ਘੱਟਦੀ ਜਾ ਰਹੀ ਹੈ ਮੁਰਗੇ ਤੋਂ ਮਿਲਣ ਵਾਲਾ ਮੀਟ ਮਹਿੰਗਾ ਵੀ ਹੈ।ਅਜਿਹੀ ਹਾਲਤ ਵਿੱਚ ਸੂਰ ਹੀ ਇਕ ਅਜਿਹਾ ਜਾਨਵਰ ਹੈ ਜਿਸ ਦਾ ਮੀਟ ਸਸਤਾ ਹੋਣ ਕਰਕੇ ਆਮ ਵਿਅਕਤੀ ਇਸ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰ ਸਕਦਾ ਹੈ।

ਸਾਡੇ ਦੇਸ਼ ਵਿਚ ਸੂਰ ਪਾਲਣ ਦਾ ਕਿੱਤਾ ਕਾਫੀ ਪਛੜੀ ਹਾਲਤ ਵਿਚ ਸੀ। ਇਸ ਕਿੱਤੇ ਨੂੰ ਸਾਡੇ ਦੇਸ਼ ਵਿਚ ਸ਼ੁਰੂ ਤੋਂ ਹੀ ਇਕ ਘਟੀਆ ਕਿਸਮ ਦਾ ਧੰਦਾ ਸਮਝਿਆ ਜਾਂਦਾ ਰਿਹਾ ਹੈ। ਜਿਸ ਕਰਕੇ ਇਹ ਗਰੀਬ ਲੋਕਾਂ ਦੇ ਹੱਥਾਂ ਵਿਚ ਹੀ ਰਿਹਾ ਹੈ। ਇਨ੍ਹਾਂ ਲੋਕਾਂ ਕੋਲ ਬਹੁਤ ਘੱਟ ਸਹੂਲਤਾਂ ਹੋਣ ਕਰਕੇ ਸੂਰਾਂ ਦੀ ਦੇਖ ਭਾਲ ਪੁਰਾਣੇ ਢੰਗਾਂ ਨਾਲ ਕੀਤੀ ਜਾਂਦੀ ਰਹੀ ਹੈ ਅਤੇ ਇਹ ਸੂਰਾਂ ਨੂੰ ਗੰਦਗੀ ਵਾਲੀ ਥਾਂ ਤੇ ਅਤੇ ਰੂੜੀਆਂ ਦੀ ਗੰਦੀ ਖੁਰਾਕ ਦੇ ਕੇ ਪਾਲਦੇ ਹਨ। ਇਹੀ ਇੱਕ ਵੱਡਾ ਕਾਰਨ ਹੈ ਕਿ ਲੋਕ ਇਸ ਤਰ੍ਹਾਂ ਪਾਲੇ ਹੋਏ ਸੂਰਾਂ ਤੋਂ ਬਿਮਾਰੀਆਂ ਫੈਲਣ ਤੋਂ ਡਰਦੇ ਹੋਏ ਸੂਰ ਦਾ ਮੀਟ ਖਾਣ ਤੋਂ ਕਾਫੀ ਕਤਰਾਉਂਦੇ ਹਨ। ਪ੍ਰੰਤੂ ਵਿਗਿਆਨਿਕ ਢੰਗਾਂ ਨਾਲ ਸਾਫ ਸੁਥਰੇ ਸ਼ੈਡਾਂ ਵਿਚ ਵਧੀਆ ਅਤੇ ਸੰਤੁਲਿਤ ਖੁਰਾਕ ਦੇ ਕੇ ਪਾਲੇ ਹੋਏ ਸੂਰਾਂ ਤੋਂ ਅਜਿਹਾ ਖਤਰਾ ਬਿਲਕੁਲ ਹੀ ਨਹੀਂ ਰਹਿੰਦਾ। ਵੇਖਣ ਵਿੱਚ ਆਇਆ ਹੈ ਕਿ ਵਧੀਆ ਢੰਗਾਂ ਨਾਲ ਪਾਲੇ ਹੋਏ ਸੂਰਾਂ ਦੇ ਮੀਟ ਨੂੰ ਲੋਕ ਵਧੇਰੇ ਤਰਜੀਹ ਦਿੰਦੇ ਹਨ ਅਤੇ ਇਸ ਦੀ ਮੰਗ ਕਰਦੇ ਹਨ।

# ਸੂਰ ਪਾਲਣ ਦੀਆਂ ਵਿਸ਼ੇਸ਼ਤਾਈਆਂ

ਸੂਰਾਂ ਤੋਂ ਪ੍ਰਾਪਤ ਹੋਣ ਵਾਲੇ ਮਾਸ ਨੂੰ ਪੋਰਕ (Pork) ਕਹਿੰਦੇ ਹਨ। ਜੋ ਕਿ ਪ੍ਰੋਟੀਨ ਅਤੇ ਬੀ ਕੰਪਲੈਕਸ ਵਿਟਾਮਿਨਾਂ ਤੋਂ ਇਲਾਵਾ ਬਾਕੀ ਪਸ਼ੂਆਂ ਦੇ ਮੀਟ ਦੇ ਮੁਕਾਬਲੇ ਊਰਜਾ ਭਰਪੂਰ ਹੁੰਦਾ ਹੈ। ਇਸ ਵਿੱਚੋਂ ਕਢੇ ਹੋਏ ਤੇਲ ਨੂੰ ਲਾਰਡ (Lard) ਕਹਿੰਦੇ ਹਨ ਜੋ ਕਿ ਸਬਜ਼ੀਆਂ ਆਦਿ ਬਣਾਉਣ ਲਈ ਰਸੋਈ ਵਿਚ ਵਰਤਿਆ ਜਾਂਦਾ ਹੈ ਦੇਸੀ ਘਿਉ ਦੇ ਮੁਕਾਬਲੇ ਤੇ ਲਾਰਡ ਦੂਸਰੇ ਨੰਬਰ ਤੇ ਆਉਂਦਾ ਹੈ ਇਸ ਤੋਂ ਇਲਾਵਾ ਇਸ ਨੂੰ ਮੋਮਬਤੀਆਂ, ਗਰੀਸ, ਸਾਬਨ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਚਮੜੇ ਨੂੰ ਪਾਣੀ ਤੋਂ ਬਚਾਉਣ ਲਈ ਉਸ ਉਪਰ ਵੀ ਲਗਾਇਆ ਜਾ ਸਕਦਾ ਹੈ।

ਮੀਟ ਤੋਂ ਇਲਾਵਾ ਸੂਰ ਦੀ ਪਿੱਠ ਅਤੇ ਗਰਦਨ ਤੋਂ ਉਤਾਰੇ ਹੋਏ ਵਾਲਾਂ ਨੂੰ ਬਰਿਸਲਜ਼ (Bristles) ਕਹਿੰਦੇ ਹਨ। ਇਹ ਰੰਗ ਕਰਨ ਵਾਲੇ ਬੁਰਸ਼ ਬਣਾਉਣ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਚੀਜ਼ਾਂ ਤੋਂ ਇਲਾਵਾ ਸੂਰ ਪਾਲਣ ਕਿੱਤੇ ਦੀਆਂ ਕੁਝ ਅਜਿਹੀਆਂ ਵਿਸ਼ੇਸ਼ਤਾਈਆਂ ਹਨ ਜੋ ਕਿ ਦੂਸਰੇ ਪਸ਼ੂ ਪਾਲਣ ਦੇ ਕਿੱਤਿਆਂ ਵਿੱਚ ਨਹੀ ਹਨ ਅਜਿਹੀਆਂ ਹੀ ਖਾਸ ਖਾਸ ਵਿਸ਼ੇਸ਼ਤਾਵਾਂ ਹੇਠਾਂ ਦਿਤੀਆਂ ਹਨ।

**ਘੱਟ ਪੂੰਜੀ ਦੀ ਲੋੜ**

ਸੂਰ ਫਾਰਮ ਸ਼ੁਰੂ ਕਰਨ ਤੇ ਲਗਾਈ ਜਾਣ ਵਾਲੀ ਪੂੰਜੀ ਦੂਸਰੇ ਪਸ਼ੂ ਪਾਲਣ ਕਿੱਤਿਆਂ ਦੇ ਮੁਕਾਬਲੇ ਤੇ ਕਾਫੀ ਘੱਟ ਲੋੜੀਂਦੀ ਹੈ।

**ਜਲਦੀ ਆਮਦਨ**

ਮੁਰਗੀ ਪਾਲਣ ਧੰਦੇ ਤੋ ਛੁਟ ਹੋਰ ਦੂਜੇ ਪਸ਼ੂ ਪਾਲਣ ਦੇ ਧੰਦਿਆਂ ਦੇ ਮੁਕਾਬਲੇ ਸੂਰ ਪਾਲਣ ਦੇ ਧੰਦੇ ਤੋਂ ਆਮਦਨ ਬੜੀ ਜਲਦੀ ਆਉਣੀ ਸ਼ੁਰੂ ਹੋ ਜਾਂਦੀ ਹੈ। ਨਸਲਕਸ਼ੀ ਲਈ ਰੱਖੇ ਗਏ ਸੂਰਾਂ ਤੌਂ ਪਰਾਪਤ ਬੱਚੇ ਦੋ ਮਹੀਨੇ ਦੀ ਉਮਰ ਤੇ ਜਦੋਂ ਬੱਚਿਆਂ ਨੂੰ ਮਾਂ ਤੋ ਵੱਖਰਿਆ ਕੀਤਾ ਜਾਂਦਾ ਹੈ, ਵੇਚ ਕੇ ਆਮਦਨ ਅਰੰਭ ਕੀਤੀ ਜਾ ਸਕਦੀ ਹੈ ਜਦੋਂ ਕਿ ਦੋ ਮਹੀਨੇ ਦੇ ਬੱਚੇ ਖਰੀਦ ਕੇ ੫ ਮਹੀਨੇ ਰਖ ਕੇ ਮੀਟ ਵਾਸਤੇ ਵੇਚੇ ਜਾ ਸਕਦੇ ਹਨ।

**ਉਤਮ ਜਨਣ ਕਿਰਿਆ**

ਜੇਕਰ ਵਾਤਾਵਰਨ ਸੂਰਾਂ ਦੇ ਅਨੁਕੂਲ ਹੋਵੇ ਤਾਂ ਇੱਕ ਸਾਲ ਵਿੱਚ ਹੀ ਇੱਕ ਸੂਰੀ ਤੋਂ ਬੜਾ ਵੱਡਾ ਸੂਰ ਫਾਰਮ ਬਣਾਇਆ ਜਾ ਸਕਦਾ ਹੈ, ਕਿਉਂਕਿ ਸੂਰੀ ਦਾ ਗਰਭ ਦਾ ਸਮਾਂ ਸਿਰਫ 114 ਦਿਨ ਹੈ ਅਤੇ ਇਕ ਸੂਰੀ ਤੋਂ ਸਾਲ ਵਿੱਚ ਘੱਟ ਤੋਂ ਘੱਟ ਦੋ ਸੂਏ ਸਹਿਜੇ ਹੀ ਲਏ ਜਾ ਸਕਦੇ ਹਨ।

**ਵਧੇਰੇ ਬੱਚੇ ਪੈਦਾ ਕਰਨਾ**

ਇਕ ਸੁਧਰੀ ਹੋਈ ਨਸਲ ਦੀ ਸੂਰੀ ਹਰੇਕ ਸੂਏ ਵਿੱਚ ਘੱਟ ਤੋਂ ਘੱਟ 8 ਬੱਚੇ ਦੇ ਦਿੰਦੀ ਹੈ ਇਸ ਤਰ੍ਹਾਂ ਇਕ ਸੂਰੀ ਤੋਂ ਸਾਲ ਵਿੱਚ ਘੱਟੋ ਘੱਟ 16 ਅਤੇ ਵੱਧ ਤੋਂ ਵੱਧ 28 ਬੱਚੇ ਲਏ ਜਾ ਸਕਦੇ ਹਨ।

**ਭਾਰ ਵਿੱਚ ਛੇਤੀ ਵਾਧਾ**

ਜਨਮ ਸਮੇਂ ਬੱਚਿਆਂ ਦਾ ਭਾਰ 800-1200 ਗਰਾਮ ਦੇ ਦਰਮਿਆਨ ਹੁੰਦਾ ਹੈ। ਜੇਕਰ ਸੂਰਾਂ ਨੂੰ ਸੰਤੁਲਿਤ ਖੁਰਾਕ ਦਿੱਤੀ ਜਾਵੇ ਤਾਂ 7 ਮਹੀਨੇ ਦੀ ਉਮਰ ਤੇ ਸੂਰ ਦਾ ਭਾਰ 75-80 ਕਿਲੋ ਦੇ ਕਰੀਬ ਹੋ ਜਾਂਦਾ ਹੈ।

**ਛੇਤੀ ਜਵਾਨ ਹੋਣਾ**

ਗਾਵਾਂ ਅਤੇ ਮੱਝਾਂ ਦੇ ਮੁਕਾਬਲੇ ਸੂਰ ਅਤੇ ਸੂਰੀਆਂ ਛੇ ਮਹੀਨੇ ਦੀ ਉਮਰ ਤੇ ਹੀ ਨਸਲਕਸ਼ੀ ਦੇ ਕਾਬਲ ਹੋ ਜਾਂਦੇ ਹਨ। ਇਸ ਨਾਲ ਸਹੀ ਮਾਤਰਾ ਵਿਚ ਖੁਰਾਕ ਦਿੱਤੀ ਜਾਵੇ ਤਾਂ ਸੂਰੀਆਂ ਨੂੰ ਛੋਟੀ ਉਮਰ (ਪੱਠ ਸੂਰੀ 8-9) ਤੇ ਪਹਿਲੀ ਵਾਰੀ ਗੱਭਣ ਕਰਵਾ ਕੇ ਇਕ ਸਾਲ ਦੀ ਉਮਰ ਦੇ ਕਰੀਬ ਪਹਿਲਾ ਸੂਆ ਲਿਆ ਜਾ ਸਕਦਾ ਹੈ। ਇਸੇ ਤਰ੍ਹਾਂ ਸਾਨੂ੍ ਸੂਰ ਨੂੰ ਵੀ ਨਸਲਕਸ਼ੀ ਲਈ ਛੋਟੀ ਉਮਰ ਤੇ ਹੀ ਵਰਤਿਆ ਜਾ ਸਕਦਾ ਹੈ।

**ਘੱਟ ਖੁਰਾਕ ਖਾ ਕੇ ਵਧੇਰੇ ਮੀਟ ਪੈਦਾ ਕਰਨਾ**

ਸਿਵਾਏ ਬਰਾਏਲਰਾਂ ਦੇ ਸੂਰ ਬਾਕੀ ਜਾਨਵਰਾਂ ਦੇ ਮੁਕਾਬਲੇ ਘੱਟ ਖੁਰਾਕ ਖਾ ਕੇ ਵਧੇਰੇ ਭਾਰ ਵਧਾਉਣ ਵਿੱਚ ਨਿਪੁੰਨ ਹੈ। ਜੇਕਰ ਸੰਤੁਲਿਤ ਖੁਰਾਕ ਸਹੀ ਮਾਤਰਾ ਵਿੱਚ ਦਿੱਤੀ ਜਾਵੇ ਤਾਂ ਇਕ ਸੂਰ 3-3.5 ਕਿਲੋ ਖਰਾਕ ਖਾ ਕੇ ਇਕ ਕਿਲੋ ਭਾਰ ਵਧਾਉਂਦਾ ਹੈ।

**ਸਾ-ਉਪਜਾਂ ਅਤੇ ਬੱਚੀਆਂ ਖੁਚੀਆਂ ਚੀਜਾਂ ਨੂੰ ਵਧੀਆ ਮਾਸ ਵਿੱਚ ਬਦਲਣਾ**

ਪਸ਼ੂ ਜਗਤ ਵਿਚ ਸੂਰ ਇਕ ਅਜਿਹਾ ਜਾਨਵਰ ਹੈ ਜੋ ਕਿ ਬੱਚੀਆਂ, ਖਰਾਬ ਚੀਜਾਂ ਖਾ ਕੇ ਗੁਜ਼ਾਰਾ ਕਰ ਸਕਦਾ ਹੈ। ਮਨੁੱਖੀ ਵਰਤੋਂ ਵਿਚ ਨਾ ਆਉਣ ਵਾਲੀਆਂ ਬੱਚੀਆਂ ਖੁੱਚੀਆਂ ਵਸਤਾਂ ਜਿਵੇ ਕਿ ਘਰਾਂ, ਲੰਗਰਾਂ, ਹੋਟਲਾਂ, ਕੰਨਟੀਨਾਂ, ਮਿਲਟਰੀ ਕੰਨਟੂਨ ਮੈਂਟ ਆਦਿ ਤੋਂ ਬਚੀ ਹੋਈ ਜੂਠ, ਗੰਨੇ ਦੀ ਮੈਲ, ਖੇਤਾਂ ਵਿੱਚ ਟੁਕੇ ਆਲੂ, ਗਾਜਰਾਂ, ਸ਼ਲਗਮ, ਚੁਕੰਦਰ, ਆਦਿ ਸਬਜੀ ਮੰਡੀ ਦੀਆਂ ਜ਼ਾਇਆ ਸਬਜ਼ੀਆਂ, ਫਲ ਫਰੂਟ, ਕੋਲਡ ਸਟੋਰਾਂ ਦੇ ਖਰਾਬ ਆਲੂ ਅਤੇ ਫਲ, ਘਰ ਵਿੱਚ ਖਰਾਬ ਹੋਇਆ ਦੁੱਧ, ਲੱਸੀ ਆਦਿ ਖਾ ਕੇ ਵੀ ਸੂਰ ਵਧੀਆ ਕਿਸਮ ਦਾ ਪੋਸ਼ਟਿਕ ਮਾਸ ਪੈਦਾ ਕਰਦਾ ਹੈ। ਜਿਸ ਨਾਲ ਖੁਰਾਕ ਦਾ ਖਰਚ ਬਹੁਤ ਹੀ ਘਟਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮਰੇ ਹੋਏ ਪਸ਼ੂਆਂ, ਬੁਚੜ ਖਾਨੇ ਦੀਆਂ ਵਸਤੂਆਂ (ਲਹੂ ਆਂਦਰਾਂ, ਫੇਫੜੇ ਆਦਿ) ਵੀ ਸੂਰਾਂ ਨੂੰ ਖੁਆਈਆਂ ਜਾ ਸਕਦੀਆ ਹਨ।

**ਘਟ ਸਾਂਭ ਸੰਭਾਲ**

ਮੁਰਗੀ ਪਾਲਣ ਅਤੇ ਬਾਕੀ ਪਸ਼ੂ ਪਾਲਣ ਧੰਦਿਆਂ ਦੇ ਮੁਕਾਬਲੇ ਤੇ ਸੂਰ ਪਾਲਣ ਵਿੱਚ ਸਾਂਭ ਸੰਭਾਲ ਬਹੁਤ ਹੀ ਘੱਟ ਹੈ ਜਿਸ ਨਾਲ ਕੁਲ ਖਰਚੇ ਦੀ ਬਹੁਤ ਬੱਚਤ ਹੋ ਜਾਂਦੀ ਹੈ।

**ਵਧੀਆ ਖਾਦ**

ਸੂਰਾਂ ਤੋਂ ਨਾ ਕੇਵਲ ਮੀਟ ਪੈਦਾ ਕਰਕੇ ਹੀ ਆਮਦਨ ਲਈ ਜਾ ਸਕਦੀ ਹੈ, ਸਗੋਂ ਸੂਰਾਂ ਦੇ ਮਲ ਮੁਤਰ ਨੂੰ ਖਾਦ ਦੇ ਤੌਰ ਤੇ ਖੇਤਾਂ ਵਿੱਚ ਵਰਤਿਆ ਜਾ ਸਕਦਾ ਹੈ ਅਤੇ ਇਸ ਨੂੰ ਵੇਚ ਕੇ ਵੀ ਆਮਦਨ ਵਧਾਈ ਜਾ ਸਕਦੀ ਹੈ।ਇਹ ਜ਼ਮੀਨ ਦੀ ਬਣਤਰ ਨੂੰ ਠੀਕ ਕਰਦਾ ਹੈ ਅਤੇ ਜਮੀਨ ਵਿਚ ਲਾਭਦਾਇਕ ਜੀਵ ਜੰਤੂਆਂ ਦੀ ਉਤਪਤੀ ਵਿਚ ਕਾਫੀ ਸਹਾਇਤਾ ਕਰਦਾ ਹੈ। ਆਮਤੌਰ ਤੇ ਇਕ ਵੱਡਾ ਸੂਰ ਰੋਜਾਨਾ ੨.੭ ਕਿਲੋ ਗੋਹਾ ਅਤੇ ੧.੭ ਲਿਟਰ ਪਿਸ਼ਾਬ ਕਰਦਾ ਹੈ। ਸੂਰਾਂ ਦੀ ਮੱਲ ਮੂਤਰ ਵਾਲੀ ਖਾਦ ਮੱਝਾਂ ਗਾਵਾਂ ਦੀ ਰੂੜੀ ਦੀ ਖਾਦ ਤੋਂ ਬਹੁਤ ਵਧੀਆ ਹੁੰਦੀ ਹੈ। ਵੱਖ-ਵੱਖ ਪਸ਼ੂਆਂ ਦੇ ਮਲ ਮੂਤਰ ਤੋਂ ਮਿਲਣ ਵਾਲੇ ਖੁਰਾਕੀ ਤੱਤ ਜਿਵੇਂ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਸਾਰਨੀ ਵਿੱਚ ਦਰਸਾਏ ਗਏ ਹਨ।

**ਬਹੁਨੁਕਾਤੀ ਖੇਤੀ**

ਸੂਰ ਪਾਲਣ ਦੇ ਕਿੱਤੇ ਨੂੰ ਬਹੁਨੁਕਾਤੀ ਖੇਤੀ ਧੰਦੇ ਵਿੱਚ ਅਪਨਾਉਣ ਨਾਲ ਘੱਟ ਖਰਚ ਕਰਕੇ ਆਮਦਨੀ ਵਿੱਚ ਕਾਫੀ ਵਾਧਾ ਕੀਤਾ ਜਾ ਸਕਦਾ ਹੈ। ਸੂਰ ਪਾਲਣ ਨਾਲ ਜੇਕਰ ਮੱਛੀ ਫਾਰਮ ਵੀ ਬਣਾਇਆ ਜਾਵੇ ਤਾਂ ਇਨ੍ਹਾਂ ਦਾ ਮੱਲ ਮੂਤਰ ਮੱਛੀਆਂ

ਲਈ ਖੁਰਾਕ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਸੁਰਾਂ ਨੂੰ ਖੇਤਾਂ ਦੀ ਜ਼ਮੀਨ ਪੋਲੀ ਕਰਨ ਵਾਸਤੇ ਵੀ ਫਸਲ ਕੱਟਣ ਤੋਂ ਬਾਅਦ ਖੇਤਾਂ ਵਿੱਚ ਛਡਿਆ ਜਾ ਸਕਦਾ ਹੈ।

**ਵੱਖੋ ਵੱਖ ਪਸ਼ੂਆਂ ਦੇ ਮਲ ਮੂਤਰ ਤੋਂ ਮਿਲਣ ਵਾਲੇ ਖਾਦ ਦੇ ਤੱਤ**

| ਪਸ਼ੂ | ਔਸਤਨ ਭਾਰ (ਕਿਲੋ ) | ਮੱਲ ਮੂਤਰ /ਦਿਨ (ਕਿਲੋ ) | ਨਮੀ (%) | ਨਾਈਟਰੋਜਨ (%) | ਫਾਸਫੋਰਸ (%) | ਪੋਟਾਸ਼ੀਅਮ (%) |
|---|---|---|---|---|---|---|
| ਗਾਂ | 310 | 11.6 | - | 1.9-2.4 | 2-2.5 | 0.90-1 |
| ਮੱਝਾਂ | 375 | 12.2 | - | 1.9-2.4 | 2-2.5 | 0.8-1.2 |
| ਭੇਡ | 33 | 0.7 | 64 | 2.4-3.2 | 2-3 | 0.7-1.2 |
| ਸੂਰ | 70 | 2.9 | 87 | 2.4-4.0 | 2-3 | 1.9-0.2 |
| ਮੁਰਗੀ | 2.0 | 0.1 | 68 | 4.0-5.1 | 4-5 | 2.3-2.6 |

**ਸੂਰ ਪਾਲਣ ਦੇ ਔਗੁਣ**

1. ਪਸ਼ੂਆਂ ਦੀਆਂ ਬਾਕੀ ਸ਼੍ਰੇਣੀਆਂ ਤੋਂ ਇਲਾਵਾ ਮੁਰਗੀਆਂ ਵਾਂਗ ਸੂਰਾਂ ਨੂੰ ਪਰਜੀਵਾਂ ਅਤੇ ਬਿਮਾਰੀਆਂ ਤੋਂ ਨੁਕਸਾਨ ਹੋ ਸਕਦਾ ਹੈ। ਇਸ ਲਈ ਸੂਰਾਂ ਨੂੰ ਟੀਕੇ ਜ਼ਰੂਰ ਕਰਵਾਉਂਣੇ ਚਾਹੀਦੇ ਹਨ।
2. ਸੂਰਾਂ ਦਾ ਪੇਟ ਦੁਧਾਰੂ ਪਸ਼ੂਆਂ ਤੋ ਭਿੰਨ ਇਕਹਿਰਾ ਹੁੰਦਾ ਹੈ। ਜਿਸ ਕਰਕੇ ਇਹ ਘਾਹ ਆਦਿ ਦੀ ਬਹੁਤ ਘੱਟ ਵਰਤੋਂ ਕਰ ਸਕਦੇ ਹਨ ਇਸੇ ਕਰਕੇ ਇਹ ਮਨੁੱਖਾਂ ਨਾਲ ਅਨਾਜ ਵਾਸਤੇ ਸਿੱਧਾ ਮੁਕਾਬਲਾ ਕਰਦੇ ਹਨ।
3. ਸੂਰਾਂ ਦੇ ਗੋਹੇ ਵਿਚੋਂ ਖਾਸ ਕਿਸਮ ਦੀ ਬੂ ਆਉਂਦੀ ਹੈ ਜਿਸ ਦੇ ਕਰਕੇ ਇਨਾਂ ਨੂੰ ਇਨ੍ਹਾਂ ਦੇ ਵਾੜਿਆਂ ਦੀ ਸਫਾਈ ਕਰਨੀ ਮੁਸ਼ਕਿਲ ਹੁੰਦੀ ਹੈ।

4. ਇਨ੍ਹਾਂ ਤੋਂ ਇਲਾਵਾ ਸੂਰ ਜਮੀਨ ਦਾ ਨੁਕਸਾਨ ਕਰਦੇ ਹਨ ਕੁਦਰਤੀ ਤੌਰ ਤੇ ਇਨਾਂ ਦਾ ਮੂੰਹ ਤੇ ਨਕ ਕਾਫੀ ਸਖਤ ਹੋਣ ਕਰਕੇ ਇਹ ਜ਼ਮੀਨ ਅਤੇ ਫਰਸ਼ ਨੂੰ ਪੱਟ ਦਿੰਦੇ ਹਨ ਇਸ ਸਮੱਸਿਆ ਨੂੰ ਹੱਲ ਕਰਨ ਲਈ ਸੂਰ ਵਾੜੇ ਦਾ ਫਰਸ਼ ਖੜਵੀਆਂ ਇਟਾਂ ਦਾ ਲਗਾਉਣਾ ਚਾਹੀਦਾ ਹੈ।

ਸੂਰ ਪਾਲਣ ਦੇ ਕਿੱਤੇ ਚੋਂ ਜ਼ਿਆਦਾ ਮੁਨਾਫਾ ਲੈਣ ਲਈ ਸੂਰ ਪਾਲਕ ਨੂੰ ਚਾਹੀਦਾ ਹੈ ਕਿ ਉਹ ਹੇਠ ਲਿਖੀਆਂ ਗੱਲਾਂ ਵੱਲ ਖਾਸ ਧਿਆਨ ਰੱਖੇ

1. ਸੂਰ ਦੀ ਨਸਲ ਅਤੇ ਨਸਲ ਸੁਧਾਰ ਦਾ ਪ੍ਰਬੰਧ
2. ਸੂਰੀ ਸੂਣ ਤੋ ਤਿੰਨ ਹਫਤੇ ਬਾਅਦ ਤੱਕ ਜ਼ਿਆਦਾ ਦੁੱਧ ਦੀ ਮਾਤਰਾ ਦੇਵੇ।
3. ਸੂਰੀ ਇਕ ਸੂਏ ਵਿਚ ਵੱਧ ਤੋਂ ਵੱਧ ਬੱਚੇ ਪੈਦਾ ਕਰੇ ਅਤੇ ਬੱਚਿਆਂ ਦੀ ਵੱਧਣ ਫੁੱਲਣ ਦੀ ਰਫਤਾਰ ਤੇਜ਼ ਹੋਵੇ।
4. ਚੰਗੇ ਖੁਰਾਕੀ ਅੰਸ਼ ਅਸਾਨੀ ਨਾਲ ਉਪਲੱਬਧ ਹੋਣ।
5. ਬਿਮਾਰੀਆ ਅਤੇ ਪ੍ਰਜੀਵੀ ਕੀਟਾਣੂਆਂ ਤੋਂ ਬਚਾਓ।
6. ਮੀਟ ਦੀ ਕਿਸਮ ਚੰਗੀ ਹੋਵੇ ਜਿਸਦੀ ਮੰਡੀ ਵਿਚ ਮੰਗ ਹੋਵੇ।
7. ਸੂਰ ਦਾ ਮੀਟ ਵੇਚਣ ਦੀਆਂ ਮੰਡੀਆਂ ਵਿਚ ਸਹੂਲਤਾਂ ਹੋਣ।

ਜਿਸ ਤਰ੍ਹਾਂ ਪੰਜਾਬ ਦੇ ਕਿਸਾਨਾਂ ਦੇ ਫਸਲਾਂ ਦੇ ਝਾੜ ਵਿਗਿਆਨਕ ਤਰੀਕੇ ਵਰਤ ਕੇ ਵਧਾਏ ਹਨ ਉਸੇ ਤਰ੍ਹਾਂ ਸੂਰ ਪਾਲਣ ਦੇ ਧੰਦੇ ਨੂੰ ਹਰ ਪ੍ਰਕਾਰ ਦੀ ਨਵੀ ਜਾਣਕਾਰੀ ਨਾਲ ਜ਼ਿਆਦਾ ਸੂਰ ਦਾ ਮੀਟ ਪੈਦਾ ਕੀਤਾ ਜਾ ਸਕਦਾ ਹੈ।

# ਸੂਰਾਂ ਦੀਆਂ ਨਸਲਾਂ

ਦੁਨੀਆਂ ਵਿਚ ਪਾਏ ਜਾਣ ਵਾਲੇ ਸੂਰਾਂ ਦੀਆਂ ਤਕਰੀਬਨ 87 ਕਿਸਮਾਂ ਹਨ । ਜੋ ਕਿ ਵੱਖ-ਵੱਖ ਅਸਥਾਨਾਂ ਤੇ ਸਗੋਂ ਉਥੋਂ ਦੇ ਜਲਵਾਯੂ ਅਨੁਸਾਰ ਸਥਾਪਿਤ ਹੋ ਚੁਕੀਆਂ ਹਨ। ਸੂਰਾਂ ਦੀ ਨਸਲਾਂ ਨਾ ਕੇਵਲ ਜਲਵਾਯੂ ਦੇ ਅਧਾਰ ਤੇ ਸਗੋਂ ਉਥੋਂ ਦੇ ਵਸਨੀਕਾਂ ਦੀਆਂ ਮੰਗਾਂ ਅਤੇ ਪਸੰਦ ਅਨੁਸਾਰ ਵਿਕਸਿਤ ਕੀਤੀਆਂ ਗਈਆ । ਅਰੰਭ ਵਿਚ ਸੂਰ ਜੰਗਲਾਂ ਵਿਚ ਰਹਿੰਦੇ ਸਨ ਜੋ ਕਿ ਹੌਲੀ ਹੌਲੀ ਉਸ ਇਲਾਕੇ ਦੇ ਲੋਕਾਂ ਵਲੋਂ ਪਕੜ ਕੇ ਪਾਲੇ ਜਾਣ ਤੋ ਬਾਅਦ ਪਾਲਤੂ ਸੂਰ ਕਰਾਰ ਦਿੱਤੇ ਗਏ। ਬੱਚਿਆਂ ਦੀ ਗਿਣਤੀ, ਵਧੇਰੇ ਭਾਰ ਵਧਾਉਣ ਦੀ ਸ਼ਕਤੀ ਦੇ ਅਧਾਰ ਤੇ ਚੋਣ ਨਾਲ ਪਾਲਤੂ ਸੂਰਾਂ ਦੀਆਂ ਵੱਖ ਵੱਖ ਕਿਸਮਾਂ ਦੇਖਣ ਵਿਚ ਆਈਆਂ ਹਨ। ਇਤਿਹਾਸ ਤੌਂ ਪਤਾ ਲਗਦਾ ਹੈ ਕਿ ਸੂਰ ਪਾਲਣ ਦਾ ਕਿੱਤਾ ਜੀਸਸ ਕਰਾਈਸਟ ਦੇ ਜਨਮ ਤੋਂ ੪੯੦੦ ਪਹਿਲਾਂ ਤੋਂ ਹੀ ਚਲਦਾ ਆ ਰਿਹਾ ਹੈ।

ਸਾਡੇ ਦੇਸ਼ ਵਿਚ ਵੱਖ ਵੱਖ ਅਸਥਾਨਾਂ ਤੇ ਵੱਖ ਵੱਖ ਜਲਵਾਯੂ ਅਤੇ ਵਾਤਾਵਰਨ ਅਨੁਸਾਰ ਅਲੱਗ ਅਲੱਗ ਕਿਸਮਾਂ ਦੇ ਸੂਰ ਮਿਲਦੇ ਹਨ। ਭਾਰਤ ਵਿਚ ਮਿਲਣ ਵਾਲੇ ਸੂਰਾਂ ਨੂੰ ਚਾਰ ਮੁੱਖ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

ੳ. ਜੰਗਲੀ ਸੂਰ (Wild Boar)

ਅ. ਪਾਲਤੂ ਦੇਸੀ ਸੂਰ (Indegenous pigs)

ੲ. ਬਾਹਰੋਂ ਮੰਗਵਾਏ ਹੋਏ ਸੂਰ (Exotic pigs)

ਸ. ਸੁਧਾਰੇ ਹੋਏ ਸੂਰ (Crossbred/Upgraded pigs)

## ੳ. ਜੰਗਲੀ ਸੂਰ (Wild Boar)

ਇਸ ਦਾ ਤਕਨੀਕੀ ਨਾਂ ਸਸ ਸਕਰੋਫਾ ਕਰਿਸਟੇਟਸ (Sus Scrofa Crystatus) ਹੈ। ਇਹ ਸੂਰ ਤਿੰਨ ਕਿਸਮਾਂ ਦੇ ਹੁੰਦੇ ਹਨ।

1. ਜੰਗਲੀ ਸੂਰ
2. ਬਲਿਥ
3. ਪਿਗਮਈ

1. **ਜੰਗਲੀ ਸੂਰ**: ਭਾਰਤੀ ਜੰਗਲੀ ਸੂਰ ਹਿਮਾਲੀਆ ਪਰਬਤ ਦੇ ਉਨ੍ਹਾਂ ਜੰਗਲਾਂ ਜਿਹੜੇ ਸਮੁੰਦਰ ਤੋ 4500 ਮੀਟਰ ਦੀ ਉਚਾਈ ਤੇ ਹਨ ਵਿਚ ਮਿਲਦਾ ਹੈ ਇਸਦੀ ਨੱਕ ਤੋਂ ਪੂਛ ਤਕ ਲੰਬਾਈ ਤਕਰੀਬਨ 1.5 ਮੀਟਰ ਹੁੰਦੀ ਹੈ ਅਤੇ ਮੋਢਿਆਂ ਤੇ ਉਚਾਈ 86 ਸੈਂਟੀਮੀਟਰ ਹੁੰਦੀ ਹੈ ਪੰਜਾਬ ਅਤੇ ਦੱਖਣੀ ਪਠਾਰ ਦੇ ਇਲਾਕਿਆਂ ਵਿਚ ਮਿਲਣ ਵਾਲੇ ਜੰਗਲੀ ਸੂਰ ਪੱਛਮੀ ਬੰਗਾਲ ਦੇ ਸੂਰਾਂ ਨਾਲੋਂ ਹਲਕੇ ਹੁੰਦੇ ਹਨ। ਜੰਗਲੀ ਸੂਰਾਂ ਦਾ ਮੂੰਹ ਲੰਬਾ, ਛੋਟੀਆਂ ਪਸਲੀਆਂ ਅਤੇ ਲੱਤਾਂ ਲੰਬੀਆਂ ਹੁੰਦੀਆਂ ਹਨ। ਛੋਟੇ ਸੂਰ ਦਾ ਰੰਗ ਭੂਰਾ ਜਿਹਾ ਹੁੰਦਾ ਹੈ ਅਤੇ ਵੱਡੇ ਸੂਰ ਦਾ ਰੰਗ ਗੂੜਾ ਭੂਰਾ ਹੰਦਾ ਹੈ ਸਰੀਰ ਦੇ ਵਾਲਾਂ ਦੀ ਅਤੇ ਪੂਛ ਹਲਕੇ ਕਾਲੇ ਰੰਗ ਦੀ ਝਲਕ ਮਾਰਦੀ ਹੈ। ਨਰ ਸੂਰਾਂ ਦੇ ਮੂੰਹ ਵਿਚੋਂ ਦੰਦ ਬਾਹਰ ਵਲ ਨਿਕਲੇ ਹੁੰਦੇ ਹਨ।
2. **ਬਲਿਥ:** ਇਸ ਦਾ ਤਕਨੀਕੀ ਨਾਂ ਸਸ ਸਕਰੋਫਾ ਅੰਡਾਮਾਨੈਨਸਿਸ (Sus scrofa Andamanensis) ਹੈ ਅਤੇ ਇਹ ਸੂਰ ਅੰਡੇਮਾਨ ਦੇ ਜੰਗਲਾਂ ਵਿਚ ਰਹਿੰਦੇ ਹਨ।
3. **ਪਿਗਮਈ:** ਇਸ ਦਾ ਤਕਨੀਕੀ ਨਾਂ ਸਸ ਸਲਵੈਨਿਸ (Sus salvinus) ਹੈ। ਇਹ ਸੂਰ ਵਧੇਰੇ ਨਮੀ ਵਾਲੇ ਜੰਗਲਾਂ ਦਾ ਵਾਸੀ ਹੈ। ਇਸ ਤਰ੍ਹਾਂ ਦੇ ਸੂਰਾਂ ਦੀ ਮੂੰਹ ਤੋਂ ਪੁੜਿਆਂ (rump) ਤਕ ਲੰਬਾਈ ੬੬ ਸੈਂਟੀਮੀਟਰ ਦੇ ਕਰੀਬ ਹੁੰਦੀ ਹੈ। ਅਤੇ ਇਨ੍ਹਾਂ ਦਾ ਸਰੀਰਕ ਰੰਗ ਭੂਰਾ ਕਾਲਾ ਹੁੰਦਾ ਹੈ। ਇਹ ਸੂਰ ਨੇਪਾਲ, ਭੁਟਾਨ ਅਤੇ ਪੂਰਬੀ ਇਲਾਕਿਆਂ ਵਿਚ ਮਿਲਦਾ ਹੈ। ਇਹ ਆਮ ਤੋਰ ਤੇ ਉੱਚੇ ਲੰਬੇ ਘਾਹ ਵਿਚ ਰਹਿੰਦਾ ਹੈ।

## ਅ. ਪਾਲਤੂ ਦੇਸੀ ਸੂਰ (Domsticated pigs)

ਭਾਰਤ ਵਿਚ ਮਿਲਣ ਵਾਲੇ ਪਾਲਤੂ ਦੇਸੀ ਸੂਰ, ਜੰਗਲੀ ਸੂਰਾਂ ਨੂੰ ਫੜ ਕੇ ਲਗਾਤਾਰ ਪਾਲਣ ਦਾ ਨਤੀਜਾ ਹਨ। ਵੱਖ-ਵੱਖ ਇਲਾਕਿਆਂ ਦੇ ਜੰਗਲੀ ਸੂਰਾਂ ਨੂੰ ਉਥੋਂ ਦੇ ਵਸਨੀਕਾਂ ਵਲੋਂ ਪਾਲਕੇ ਵੱਖੋ ਵੱਖਰੀ ਤਰ੍ਹਾਂ ਦੇ ਦੇਸੀ ਸੂਰ ਵਿਕਸਿਤ ਕੀਤੇ ਗਏ। ਵੱਖਰੇ ਵਖੱਰੇ ਇਲਾਕਿਆਂ ਵਿਚ ਮਿਲਣ ਵਾਲੇ ਸੂਰਾਂ ਦਾ ਰੰਗ, ਕੱਦ ਕਾਠ, ਸਰੀਰਕ ਬਣਤਰ ਵੀ ਵੱਖੋ ਵੱਖ ਹੈ ਇਨ੍ਹਾਂ ਦਾ ਚਿਹਰਾ ਲੰਮਾ ਤੇ ਪਤਲਾ, ਮੋਟੇ ਵਾਲ, ਸਿਰ ਤੇ ਮੋਢੇ ਪਿਛਲੇ ਹਿੱਸੇ ਨਾਲੋਂ ਭਾਰੇ ਹੁੰਦੇ ਹਨ ਪੂਛ ਤੇ ਪਿਛਲੇ ਹਿੱਸੇ ਤੇ ਵਾਲਾਂ ਦਾ ਗੁੱਛਾ ਜਿਹਾ ਬਣਦਾ ਹੈ। ਕੰਨ ਛੋਟੇ ਦਰਮਿਆਨੇ ਹੁੰਦੇ ਹਨ। ਭਾਰਤ ਦੇ ਵੱਖੋ ਵੱਖਰੇ ਇਲਾਕਿਆਂ ਵਿਚ ਮਿਲਣ ਵਾਲੇ ਪਾਲਤੂ ਦੇਸੀ ਸੂਰ ਨਿਮਨਲਿਖਤ ਕਿਸਮਾਂ ਦੇ ਹੁੰਦੇ ਹਨ।

1 ਦੇਸੀ ਸੂਰ 2. ਘੋੜੀ 3. ਅੰਕਾਮਲੀ

1. **ਦੇਸੀ ਸੂਰ (Indegenous pigs):** ਇਹ ਆਮ ਤੌਰ ਤੇ ਉੱਤਰ ਪ੍ਰਦੇਸ਼, ਪੰਜਾਬ, ਬਿਹਾਰ ਅਤੇ ਮੱਧ ਪ੍ਰਦੇਸ਼ ਦੇ ਇਲਾਕਿਆਂ ਵਿਚ ਹੁੰਦਾ ਹੈ। ਭਾਰਤ ਵਿਚ ਮਿਲਣ ਵਾਲੇ ਬਾਕੀ ਦੇ ਸਾਰੇ ਦੇਸੀ ਸੂਰਾਂ ਦੇ ਮੁਕਾਬਲੇ ਇਹ ਸੂਰ ਅਕਾਰ ਵਿਚ ਵੱਡਾ ਹੁੰਦਾ ਹੈ। ਇਹ ਭੂਰੇ ਗਰੇ ਤੋ ਕਾਲੇ ਭੂਰੇ ਰੰਗਾਂ ਦਾ ਹੁੰਦਾ ਹੈ। ਇਨ੍ਹਾਂ ਦਾ ਚਿਹਰਾ ਲੰਬਾ ਅਤੇ ਨੱਕ ਵੱਲ ਢਾਲਾਨ ਵਾਲਾ ਹੁੰਦਾ ਹੈ। ਸਿਰ ਅਤੇ ਮੋਢੇ ਪਿਛਲੇ ਹਿਸੇ ਦੇ ਮੁਕਾਬਲੇ ਕਾਫੀ ਭਾਰੇ ਹੁੰਦੇ ਹਨ। ਇਸ ਦੀ ਪਿੱਠ ਥੋੜੀ ਕਮਾਨ ਵਰਗੀ ਹੁੰਦੀ ਹੈ। ਪਿੱਠ ਅਤੇ ਗਰਦਨ ਤੇ ਮਿਲਣ ਵਾਲੇ ਵਾਲ ਮੋਟੇ ਸਖਤ ਅਤੇ ਕਾਲੇ ਰੰਗ ਦੇ ਹੁੰਦੇ ਹਨ ਜਦੋਂ ਕਿ ਪਸਲੀਆਂ ਅਤੇ ਪੇਟ ਦੇ ਵਾਲ ਛੋਟੇ ਅਤੇ ਕੁਝ ਕੁ ਪਤਲੇ ਹੁੰਦੇ ਹਨ। ਮਾਦਾ ਸੂਰ ਇਕ ਸੂਏ ਵਿਚ ੮-੧੨ ਬੱਚੇ ਦਿੰਦੀ ਹੈ ਅਤੇ ਇਨ੍ਹਾਂ ਦਾ ਭਾਰ ਬੜੀ ਹੌਲੀ ਵਧਦਾ ਹੈ।

2. **ਘੋੜੀ (Ghori) :** ਇਸ ਕਿਸਮ ਦੇ ਸੂਰ ਅਸਾਮ, ਅਰਨਾਚਲ ਪ੍ਰਦੇਸ਼, ਸਿਕਮ, ਹਿਮਾਲਿਆ ਦੇ ਤਰਾਈ ਦੇ ਇਲਾਕੇ. ਨਾਗਾਲੈਂਡ, ਭੂਟਾਨ, ਮਿਜੋਰਮ ਅਤੇ ਮਨੀਪੁਰ ਆਦਿ ਵਿਚ ਮਿਲਦੇ ਹਨ। ਅਸਾਮ ਅਤੇ ਬੰਗਲਾ ਦੇਸ਼ ਵਿਚ ਇਸ ਸੂਰ ਨੂੰ ਡੋਮ ਪਿਗਮਈ ਸੂਰ ਕਹਿੰਦੇ ਹਨ। ਇਨ੍ਹਾਂ ਸੂਰਾਂ ਨੂੰ ਕਬੀਲੇ ਵਾਲੇ ਨਾਲ ਹੀ ਰੱਖਦੇ ਹਨ ਆਮ ਤੌਰ ਤੇ ਇਨ੍ਹਾਂ ਦਾ ਰੰਗ ਕਾਲਾ ਜਾਂ ਹਲਕੇ ਭੂਰੇ ਕਾਲੇ ਰੰਗ ਦਾ ਮੇਲ ਹੁੰਦਾ ਹੈ। ਜੰਗਲੀ ਸੂਰ ਵਾਂਗ ਹੀ ਇਨ੍ਹਾਂ ਦੀ ਪਿੱਠ ਤੇ ਕਾਲੇ ਰੰਗ ਦੇ ਖੁਰਦਰੇ ਅਤੇ ਸਿੱਧੇ ਵਾਲ ਹੁੰਦੇ ਹਨ। ਜੋ ਕਿ ਗਰਦਨ ਤੋ ਸ਼ੁਰੂ ਹੰਦੇ ਹਨ ਅਤੇ ਪੂਛ ਤਕ ਜਾਂਦੇ ਹਨ।

3. **ਅੰਕਾਮਲੀ (Ankamali):** ਅੰਕਾਮਲੀ ਦੇਸੀ ਸੂਰ ਦਖਣੀ ਪਠਾਰ, ਕਰਨਾਟਕਾ, ਤਾਮਿਲਨਾਡੂ ਅਤੇ ਮਹਾਰਾਸ਼ਟਰ ਦੇ ਇਲਾਕਿਆਂ ਵਿਚ ਮਿਲਦਾ ਹੈ।ਇਹ ਆਮ ਤੌਰ ਤੇ ਕਾਲੇ ਰੰਗ ਦਾ ਹੁੰਦਾ ਹੈ। ਜਿਸ ਤੇ ਚਿੱਟੇ ਰੰਗ ਦੇ ਚਟਾਕ ਹੁੰਦੇ ਹਨ। ਦਰਮਿਆਨੇ ਜਿਹੇ ਸੂਰ ਦਾ ਰੰਗ ਮਿਟਿਆਲਾ ਜਿਹਾ ਹੈ। ਜਿਸ ਤੇ ਚਿੱਟੇ ਰੰਗ ਦੇ ਚਟਾਕ ਹੁੰਦੇ ਹਨ।ਇਸਦੀ ਮੋਢਿਆਂ ਤੋ ਪੂਛ ਤਕ ਲੰਬਾਈ ੯੧ ਸੈਂਟੀਮੀਟਰ ਦੇ ਕਰੀਬ ਹੁੰਦੀ ਹੈ। ਸਰੀਰ ਤੇ ਮੋਟੇ ਵਾਲ ਹੁੰਦੇ ਹਨ। ਸਿਰ ਅਤੇ ਮੋਢੇ ਦੋਵੇਂ ਹੀ ਪਿਛਲੇ ਹਿੱਸੇ ਨਾਲੋਂ ਭਾਰੇ ਹੁੰਦੇ ਹਨ।ਇਸ ਦੀ ਪੂੰਛ ਹਾਕ ਜਾਇੰਟ ਤਕ ਲੰਬੀ ਹੁੰਦੀ ਹੈ ਅਤੇ ਇਸਦੇ ਅਖੀਰ ਤੇ ਵਾਲਾਂ ਦਾ ਗੁੱਛਾ ਹੁੰਦਾ ਹੈ। ਆਮ ਤੌਰ ਤੇ ਇਕ ਸੂਰੀ ਇਕ ਸੂਏ ਵਿਚ ੧੨-੧੫ ਬੱਚੇ ਦਿੰਦੀ ਹੇ ਪ੍ਰੰਤੂ ਇਨ੍ਹਾਂ ਵਿਚੋ ਕੇਵਲ ੬-੮ ਬੱਚੇ ਹੀ ਬਚਦੇ ਹਨ।

## **ੲ. ਵਿਦੇਸ਼ੀ ਨਸਲਾਂ (Exotic breeds)**

ਸਰਕਾਰ ਦੇ ਵਿਸ਼ੇਸ਼ ਉਪਰਾਲੇ ਨਾਲ ਬਾਹਰਲੇ ਦੇਸ਼ਾਂ ਤੋਂ ਉਨੱਤ ਕਿਸਮਾਂ ਦੇ ਸੂਰ ਮੰਗਵਾਏ ਗਏ। ਜੋ ਕਿ ਭਾਰਤ ਵਿਚ ਸੂਰ ਪਾਲਣ ਦੇ ਕਿੱਤੇ ਨੂੰ ਉਤਸ਼ਾਹਿਤ ਕਰ ਸਕਣ। ਵਿਦੇਸ਼ਾਂ ਤੋਂ ਮੰਗਵਾਏ ਗਏ ਸੂਰਾਂ ਦੀਆਂ ਨਸਲਾਂ ਸਾਡੇ ਦੇਸ਼ ਵਿਚ ਮਿਲਣ ਵਾਲੇ ਸੂਰਾਂ ਦੇ ਮੁਕਾਬਲੇ ਤੇ ਘੱਟ ਖੁਰਾਕ ਖਾਕੇ ਵੀ ਵਧੇਰੇ ਭਾਰ ਵਧਾਉਣ ਦੀ ਸਮੱਰਥਾ ਰਖਦੀਆਂ ਹਨ।

ਬਾਹਰਲੇ ਮੁਲਕਾਂ ਤੋਂ ਮੰਗਵਾਈਆਂ ਨਸਲਾਂ ਨੂੰ ਸਰੀਰਕ ਰੰਗ ਮੁਤਾਬਿਕ ਦੋ ਹਿਸਿਆਂ ਵਿਚ ਵੰਡਿਆਂ ਜਾ ਸਕਦਾ ਹੈ।

ੳ. ਸਫੈਦ ਨਸਲਾਂ (White Breeds) ਅ. ਰੰਗਦਾਰ ਨਸਲਾਂ (Coloured Breeds)

### **ੳ. ਸਫੈਦ ਨਸਲਾਂ (White Breeds)**

1. **ਯਾਰਕਸ਼ਾਇਰ (Yorkshire):** ਸੂਰਾਂ ਦੀ ਇਸ ਨਸਲ ਦਾ ਆਰੰਭ ਉੱਤਰੀ ਇੰਗਲੈਡ ਦੇ ਯਾਰਕਸ਼ਾਇਰ ਸ਼ਹਿਰ ਅਤੇ ਉਸ ਦੇ ਆਲੇ ਦੁਆਲੇ ਤੋਂ ਹੋਇਆ। ਇਹ ਨਸਲ ਅਗੋਂ ਤਿੰਨ ਹਿੱਸਿਆਂ ਵਿਚ ਵੰਡੀ ਜਾ ਸਕਦੀ ਹੈ।

   (1) ਲੰਬਾ ਚਿਟਾ ਯਾਰਕਸ਼ਾਇਰ ਸੂਰ (Large White York shire)

   (2) ਦਰਮਿਆਨਾ ਚਿੱਟਾ ਯਾਰਕ ਸ਼ਾਇਰ ਸੂਰ (Middle White York shire)

   (3) ਛੋਟਾ ਚਿੱਟਾ ਯਾਰਕ ਸਾਇਰ ਸੂਰ (Short White York shire)

ਇਨ੍ਹਾਂ ਤਿੰਨਾਂ ਹੀ ਨਸਲਾਂ ਦੇ ਸੂਰਾਂ ਦਾ ਰੰਗ ਚਿੱਟਾ ਹੈ ਅਤੇ ਕਈ ਵਾਰੀ ਕਿਤੇ ਕਿਤੇ ਕਾਲੇ ਧੱਬੇ ਵੀ ਹੰਦੇ ਹਨ। ਕੰਨ ਤਿੱਖੇ ਤੇ ਖੜਵੇਂ, ਮੂੰਹ ਤੇ ਗਰਦਨ ਛੋਟੇ ਹੁੰਦੇ ਹਨ। ਪਿੱਠ ਪਧਰੀ, ਸਰੀਰ ਤੇ ਤਿਖੇ ਲਿਸ਼ਕਦੇ ਵਾਲ ਅਤੇ ਕੁੰਡਲਦਾਰ ਪੂੰਛ ਹੁੰਦੀ ਹੈ। ਇਨ੍ਹਾਂ ਦੇ ਨਾਂ ਇਨ੍ਹਾਂ ਦੀ ਸਰੀਰਕ ਲੰਬਾਈ ਦੇ ਆਧਾਰ ਤੇ ਲੰਬਾ ਦਰਮਿਆਨਾ, ਅਤੇ ਛੋਟਾ ਯਾਰਕਸ਼ਾਇਰ ਕ੍ਰਮਵਾਰ ਲੰਬੇ ਕਦ ਦਾ, ਦਰਮਿਆਨੇ ਕੱਦ ਦਾ ਅਤੇ ਛੋਟੇ ਕੱਦ ਦਾ ਹੋਣ ਕਰਕੇ ਦਿੱਤੇ ਹਏ ਹਨ।

2. **ਲੈਂਡਰੇਸ (Landrace):** ਇਸ ਨਸਲ ਦਾ ਆਰੰਭ ੧੯੯੫ ਦੇ ਕਰੀਬ ਡੈਨਮਾਰਕ ਵਿਚ ਲਾਰਜ ਵਾਈਟ ਯਾਰਸ਼ਾਇਰ ਅਤੇ ਸੂਰਾਂ ਦੀਆਂ ਡੈਨਮਾਰਕ ਵਿਚ ਮਿਲਣ ਵਾਲੀਆਂ ਨਸਲਾਂ ਦੇ ਮਿਲਾਉਣ ਤੋਂ ਹੋਇਆ।ਲੈਂਡਰੇਸ ਨਸਲ ਨੂੰ ਪੋਲੈਂਡ ਚਾਈਨਾ ਨਸਲ ਨਾਲ ਮਿਲਾਉਣ ਤੇ ਨਵੀਂ ਨਸਲ ਅਮਰੀਕਨ ਲੈਂਡਰੇਸ ਦਾ ਆਰੰਭ ਹੋਇਆ। ਨਸਲ ਦਾ ਰੰਗ ਸਫੈਦ, ਸਰੀਰ ਲੰਬਾ, ਲੰਬੇ ਕੰਨ ਜੋ ਕਿ ਅੱਗੇ ਵੱਲ ਡਿੱਗੇ ਹੋਏ ਚਿਹਰੇ ਦੇ ਸਮਾਨੰਤਰ ਹੁੰਦੇ ਹਨ ਜੋ ਕਿ ਅੱਖਾਂ ਨੂੰ ਢੱਕ ਦਿੰਦੇ ਹਨ । ਇਹ ਨਸਲ ਸਾਡੇ ਦੇਸ਼ ਵਿਚ ਲਾਰਜ ਵਾਈਟ ਯਾਰਕਸ਼ਾਇਰ ਤੋਂ ਪਿਛੋਂ ਆਉਂਦੀ ਹੈ।
3. **ਚੈਸਟਰ ਵਾਈਟ (Chester White):** ਇਸ ਨਸਲ ਦਾ ਆਰੰਭ ਅਮਰੀਕਾ ਦੇ ਪੈਨਸਿਲ ਵਾਨੀਆਂ ਵਿਚ ਹੋਇਆ ਇਹ ਵੀ ਚਿੱਟੇ ਰੰਗ ਦੀ ਲੰਬੇ ਕੱਦ ਦੀ ਨਸਲ ਹੈ।

**ਅ. ਰੰਗਦਾਰ ਨਸਲਾਂ (Coloured breeds)**

1. **ਟੈਮਵਰਥ (Tam worth):** ਇਹ ਨਸਲ ਮੱਧ ਇੰਗਲੈਂਡ ਦੀ ਹੈ। ਇਸ ਦਾ ਰੰਗ ਹਲਕੇ ਤੋਂ ਗੂੜਾ ਸੁਨਹਿਰੀ ਹੁੰਦਾ ਹੈ। ਸਿਰ ਲੰਬਾ ਤੇ ਪਤਲਾ ਹੁੰਦਾ ਹੈ। ਇਸ ਨਸਲ ਦੇ ਸੂਰ ਬੜੇ ਚੁਸਤ ਅਤੇ ਚੰਗੇ ਚਾਰੂ ਅਤੇ ਬਹੁਤ ਬੱਚੇ (੯-੧੧) ਪੈਦਾ ਕਰਨ ਵਾਲੇ ਹਨ। ਇਸ ਨਸਲ ਤੋਂ ਵਧੀਆ ਕਿਸਮ ਦਾ ਬੇਕਨ (Bacon)ਪ੍ਰਾਪਤ ਹੁੰਦਾ ਹੈ।
2. **ਬਰਕਸ਼ਾਇਰ (Berk shire):** ਇਹ ਇੰਗਲੈਡ ਵਿਚ ਸੂਰਾਂ ਦੀ ਸਭ ਤੋਂ ਪੁਰਾਣੀ ਨਸਲ ਹੈ। ਇਸ ਦਾ ਆਰੰਭ ਮੱਧ ਇੰਗਲੈਡ ਦੇ ਬਰਕਸ਼ਾਇਰ ਵਿਲਟਸ਼ਾਇਰ ਅਤੇ ਨਾਲ ਲਗਦੇ ਇਲਾਕਿਆਂ ਵਿਚ ਹੋਇਆ। ਇਸ ਦਾ ਰੰਗ ਕਾਲਾ ਹੁੰਦਾ ਹੈ। ਜਿਸ ਉਤੇ ੬ ਚਿੱਟੇ ਨਿਸ਼ਾਨ ਜੋ ਕਿ ਚਾਰੇ ਪੈਰਾਂ ਅਤੇ ਪੂਛ ਤੇ ਹੁੰਦੇ ਹਨ। ਇਸ ਦੇ ਕੰਨ ਸਿੱਧੇ ਖੜਵੇਂ ਹੁੰਦੇ ਹਨ ਇਨ੍ਹਾਂ ਦਾ ਮੂੰਹ ਕਮਾਨ ਦੀ ਤਰ੍ਹਾਂ ਅਤੇ ਥੋੜਾ ਜਿਹਾ ਉੱਪਰ ਵੱਲ ਹੁੰਦਾ ਹੈ। ਇਹ ਨਸਲ ਮੀਟ ਪੈਦਾ ਕਰਨ ਵਾਲੀ ਹੈ।
3. **ਹੈਮਪਸ਼ਾਇਰ (Hampshire):** ਇਸ ਨਸਲ ਦਾ ਆਰੰਭ ਅਮਰੀਕਾ ਦੇ ਕੈਨਟੁਕੀ ਵਿਖੇ ਹੋਇਆ। ਪਰ ਇਸ ਦੇ ਸਰੀਰ ਤੇ ਇਕ ਚਿੱਟੇ ਰੰਗ ਦੀ ਪੱਟੀ ਹੁੰਦੀ ਹੈ। ਜਿਹੜੀ ਕਿ ਅਗਲੇ ਪੈਰ ਤੋਂ ਸ਼ੁਰੂ ਹੁੰਦੀ ਹੈ ਅਤੇ ਮੋਢੇ ਤੋਂ ਹੋ ਕੇ ਦੂਜੇ ਪਾਸੇ ਦੇ ਅਗਲੇ ਪੈਰ ਤੇ ਜਾ ਕੇ ਚੱਕਰ ਰੂਪ ਵਿਚ ਖਤਮ ਹੁੰਦੀ ਹੈ। ਇਸ ਦਾ ਚਿਹਰਾ

ਕਮਾਨ (dish) ਦੀ ਤਰ੍ਹਾਂ ਹੁੰਦਾ ਹੈ। ਦੂਸਰੀਆਂ ਨਸਲਾਂ ਦੇ ਮੁਕਾਬਲੇ ਇਨ੍ਹਾਂ ਦੇ ਪੈਰ ਛੋਟੇ ਹੁੰਦੇ ਹਨ। ਇਹ ਨਸਲ ਦੱਖਣੀ ਭਾਰਤ ਵਿਚ ਸੂਰਾਂ ਦੀ ਨਸਲ ਸੁਧਾਰ ਵਾਸਤੇ ਵਰਤੀ ਜਾਂਦੀ ਹੈ।

4. **ਵੀਸੈਕਸ ਸੈਡਲਬੈਕ (Wessex Saddle back):** ਸੂਰਾਂ ਦੀ ਇਹ ਨਸਲ ਵੀ ਇੰਗਲੈਂਡ ਦੀ ਹੀ ਹੈ।ਇਹ ਕਾਲੇ ਰੰਗ ਦੀ ਅਤੇ ਡਿਗੇ ਹੋਏ ਕੰਨਾਂ ਵਾਲੀ ਨਸਲ ਹੈ। ਇਸ ਦੇ ਵੀ ਹੈਮਪਸ਼ਾਇਰ ਵਾਂਗ ਸਰੀਰ ਤੇ ਚਿਟੀ ਧਾਰੀ ਹੁੰਦੀ ਹੈ। ਇਹ ਬੇਕਨ ਪੈਦਾ ਕਰਨ ਵਾਸਤੇ ਵਰਤੀ ਜਾਂਦੀ ਹੈ।
5. ਡੁਰੋਕ (Duroc): ਇਸ ਨਸਲ ਦੇ ਸੂਰ ਅਮਰੀਕਾ ਵਿਚ ਤਿਆਰ ਕੀਤੇ ਗਏ ਹਨ।ਇਸ ਨਸਲ ਦੇ ਸੂਰਾਂ ਦਾ ਰੰਗ ਲਾਲ ਹੁੰਦਾ ਹੈ।

ਇਨ੍ਹਾਂ ਨਸਲਾਂ ਤੋਂ ਇਲਾਵਾ ਹੋਰ ਵੀ ਕਈ ਨਸਲਾਂ ਮਿਲਦੀਆਂ ਹਨ ਜਿਵੇਂ ਕਿ ਪਿਟਰੇਨ ਈਸੈਕਸ, ਪੋਲੈਂਡ ਚਾਈਨਾ, ਗਲਾਊਸੈਸਟਰ, ਇਤਿਆਦਿਕ।

### ਸ. ਅੱਪਗਰੇਡਿਡ ਸੂਰ (Upgraded stock)

ਅਪਗਰੇਡਿਡ ਤੋ ਭਾਵ ਹੈ ਕਿ ਸਥਾਨਿਕ ਜਾਂ ਦੇਸੀ ਸੂਰੀ ਨੂੰ ਵਧੀਆਂ ਨਸਲ ਦੇ ਬਾਹਰਲੇ ਮੁਲਕਾਂ ਤੋਂ ਮੰਗਵਾਏ ਸਾਨ੍ਹ ਸੂਰਾਂ ਨਾਲ ਬਾਰ ਬਾਰ ਮਿਲਾਉਣ ਉਪਰੰਤ ਪੈਦਾ ਹੋਏ ਸੂਰ। ਇਸ ਵਿਧੀ ਅਨੁਸਾਰ ਨਸਲਕਸ਼ੀ ਕਰਨ ਨਾਲ ਸੂਰਾਂ ਵਿਚ ਦੇਸੀ ਨਸਲ ਦੀ ਜੱਦ ਘੱਟਦੀ ਜਾਂਦੀ ਹੈ। ਅਤੇ ਵੱਧੀਆ ਨਸਲ ਦੇ ਸੂਰਾਂ ਦੀ ਜੱਦ ਵੱਧਦੀ ਰਹਿੰਦੀ ਹੈ। ਇਸ ਤਰੀਕੇ ਨਾਲ 7-8 ਪੀੜੀਆਂ ਬਾਅਦ ਦੇਸੀ ਸੂਰੀ ਵਿਚ ਵਧੀਆਂ ਨਸਲ ਦੇ 97-98 % ਦੇ ਕਰੀਬ ਗੁਣ ਆ ਜਾਂਦੇ ਹਨ।

ਇਸ ਵਿਧੀ ਨਾਲ ਪ੍ਰਾਪਤ ਕੀਤੇ ਗਏ ਸੂਰਾਂ ਵਿਚ ਵੰਸ਼ ਵਾਧੇ, ਘੱਟ ਖੁਰਾਕ ਖਾ ਕੇ ਵਧੇਰੇ ਭਾਰ ਵਧਾਉਣ ਅਤੇ ਜ਼ਿਆਦਾ ਤੇਜ਼ੀ ਨਾਲ ਵੱਧਣ ਵਾਲੇ ਸਾਰੇ ਗੁੱਣ ਉਂਨਤ ਨਸਲ ਵਾਲੇ ਆ ਜਾਂਦੇ ਹਨ।





**ਪਿਗ ਮਈ ਸੂਰ**



ਦੇਸੀ ਸੂਰ (Indigenous pigs)



ਯਾਰਕਸ਼ਾਇਰ ਸੂਰ (Yorkshine)



ਲੈਂਡਰੇਸ ਸੂਰ (Landrace)



ਚੈਸਟਰ ਵਾਈਟ ਸੂਰ (Chesterwhite)



ਟੈਮਵਰਥ ਸੂਰ (Tam worth)



ਬਰਕਸਾਇਰ ਸੂਰ (Berk shire)



**ਹੈਮਪਸਾਇਰ ਸੂਰ (Hampshire)**



**ਵੀਸੈਕਸ ਸੈਡਲਬੈਕ ਸੂਰ (Wessex Saddle back)**



**ਡੁਰੋਕ ਸੂਰ (Duroc)**



**ਅੱਪਗਰੇਡਿਡ ਸੂਰੀ (Upgraded stock)**

# ਨਸਲ ਸੁਧਾਰ ਪ੍ਰਣਾਲੀਆਂ (Breeding Systems)

ਸੂਰ ਉਦਯੋਗ ਤੋਂ ਹੋਣ ਵਾਲਾ ਮੁਨਾਫਾ ਸੂਰਾਂ ਦੀ ਜੱਦ ਅਤੇ ਵਾਤਾਵਰਣ ਜਿਵੇ ਕਿ ਜਲਵਾਯੂ, ਘਰ, ਦਾਣਾ, ਪ੍ਰਬੰਧ, ਬਿਮਾਰੀਆਂ ਤੋਂ ਬਚਾਅ ਆਦਿ ਤੇ ਮੁਨੱਸਰ ਕਰਦਾ ਹੈ। ਘੱਟ ਖੁਰਾਕ ਖਾ ਕੇ ਵਧੇਰੇ ਮੀਟ ਪੈਦਾ ਕਰਨਾ, ਵਧੇਰੇ ਭਾਰ ਵੱਧਣ ਦੀ ਸਮਰੱਥਾ, ਸਰੀਰ ਵਿਚ ਘੱਟ ਚਰਬੀ, ਸਰੀਰ ਦੀ ਲੰਬਾਈ, ਵਧੇਰੇ ਬੱਚੇ ਪੈਦਾ ਕਰਨੇ, ਦੁਧੋਂ ਛੁਡਾਏ ਬਚਿਆਂ ਦੀ ਵੱਧ ਗਿਣਤੀ, ਜਨਮ ਤੋਂ ਮੌਤ ਦਰ ਆਦਿ ਜੱਦੀ ਗੁਣ ਹਨ ਇਨ੍ਹਾਂ ਗੁਣਾਂ ਨੂੰ ਵਿਚਾਰ ਕੇ ਹੀ ਨਸਲਕਸ਼ੀ ਵਾਲੇ ਸੂਰਾਂ ਦੀ ਚੋਣ ਅਤੇ ਨਸਲਕਸ਼ੀ ਕੀਤੀ ਜਾਂਦੀ ਹੈ। ਤਾਂ ਜੋ ਸੂਰ ਪਾਲਣ ਤੋਂ ਵਧੇਰੇ ਲਾਭ ਲਿਆ ਜਾ ਸਕੇ।

ਹਰੇਕ ਪਸ਼ੂ ਪਾਲਕ ਆਪਣੇ ਪਸ਼ੂਆਂ ਦੀ ਉੱਨਤੀ ਚਾਹੁੰਦਾ ਹੈ ਤਾਂ ਜੋ ਆਉਣ ਵਾਲੇ ਸਮੇਂ ਵਿਚ ਉਹ ਇਨ੍ਹਾਂ ਜਾਨਵਰਾਂ ਤੋ ਵਧੇਰੇ ਮੁਨਾਫਾ ਕਮਾ ਸਕੇ। ਵਧੇਰੇ ਮੁਨਾਫਾ ਕਮਾਉਣ ਲਈ ਸੂਰ ਪਾਲਕ ਸੂਰਾਂ ਨੂੰ ਵਧੀਆ ਖੁਰਾਕ, ਚੰਗਾ ਪ੍ਰਬੰਧ ਕਰਕੇ ਅਤੇ ਬਿਮਾਰੀਆਂ ਤੋਂ ਬਚਾ ਕੇ ਰੱਖ ਸਕਦਾ ਹੈ ਇਸ ਤਰ੍ਹਾਂ ਕਰਨ ਨਾਲ ਸੂਰ ਅਸਥਾਈ ਰੂਪ ਵਿਚ ਲਾਭਦਾਇਕ ਹੋਵੇਗਾ ਪਰੰਤੂ ਉਸਦੇ ਵੰਸ਼ਕੀ ਗੁਣਾਂ ਵਿਚ ਕੋਈ ਬਦਲਾਵ ਨਹੀਂ ਆਉਂਦਾ। ਲੰਬੇ ਸਮੇਂ ਲਈ ਅਤੇ ਸਥਾਈ ਰੂਪ ਵਿੱਚ ਲਾਭ ਪ੍ਰਾਪਤ ਕਰਨ ਲਈ ਸੂਰਾਂ ਦੇ ਵੰਸ਼ਕੀ ਗੁਣਾਂ ਵਿੱਚ ਵਾਧਾ ਅਤੇ ਬਦਲਾਵ ਆਉਣਾ ਜ਼ਰੂਰੀ ਹੈ।

ਸੂਰਾਂ ਦੀਆਂ ਸਾਰੀਆਂ ਨਸਲਾਂ ਵੰਸ਼ਕੀ ਗੁਣਾਂ ਵਿਚ ਬਰਾਬਰ ਨਹੀਂ ਹੁੰਦੀਆਂ ਕਿਸੇ ਨਸਲ ਵਿਚ ਕੁਝ ਗੁਣ ਜ਼ਿਆਦਾ ਵਧੀਆ ਹੁੰਦੇ ਹਨ ਅਤੇ ਕਿਸੇ ਵਿਚ ਕੋਈ ਹੋਰ ਗੁਣ। ਉਦਾਹਰਣ ਦੇ ਤੌਰ ਤੇ ਯਾਰਕ ਸ਼ਾਇਰ ਨਸਲਾਂ ਦੇ ਸੂਰਾਂ ਵਿਚ ਵਧੇਰੇ ਬੱਚੇ ਪੈਦਾ ਕਰਨ ਦੀ ਸਮਰਥਾ ਵਾਲੇ ਵੰਸ਼ਕੀ ਗੁਣ ਵਧੀਆ ਹੁੰਦੇ ਹਨ। ਡੁਰੋਕ ਨਸਲ ਦੇ ਸੂਰਾਂ ਵਿਚ ਵਧੇਰੇ ਵਾਧਾ ਅਤੇ ਖੁਰਾਕ ਦੀ ਵਧੇਰੇ ਅਤੇ ਵਧੀਆ ਵਰਤੋਂ ਦੇ ਵੰਸ਼ਕੀ ਗੁਣ ਵਧੇਰੇ ਵਧੀਆ ਹੁੰਦੇ ਹਨ। ਨਸਲਕਸ਼ੀ ਲਈ ਵੱਖ ਵੱਖ ਨਸਲਾਂ ਦੇ ਸੂਰਾਂ ਨੂੰ ਮਿਲਾਏ ਜਾਣ ਤੇ ਉਨ੍ਹਾਂ ਦੇ ਵਧੀਆ ਗੁਣਾਂ ਨਾਲ ਸੂਰਾਂ ਵਿਚ ਵਧੇਰੇ ਤੱਰਕੀ ਨਜ਼ਰ ਆਉਂਦੀ ਹੈ।

ਸੂਰਾਂ ਵਿਚ ਵੰਸ਼ਕੀ ਪਰਿਵਰਨ ਲਿਆਉਣ ਦੀਆਂ ਵਿਧੀਆਂ ਨੂੰ ਨਸਲਕਸ਼ੀ ਪ੍ਰਣਾਲੀਆਂ/ ਵਿਧੀਆਂ (Breeding systems) ਕਿਹਾ ਜਾਂਦਾ ਹੈ। ਸੂਰਾਂ ਦੀ ਵਧੀਆ ਚੋਣ ਕਰਨਾ ਅਤੇ ਨਸਲਕਸ਼ੀ ਦੋਵੇਂ ਹੀ ਸੂਰਾਂ ਦੇ ਨਸਲ ਸੁਧਾਰਕ ਦੇ ਸਾਧਨ (Tools) ਹਨ। ਇਨ੍ਹਾਂ ਵਿਚੋਂ ਇਕ ਦੀ ਵਰਤੋਂ ਨਾਲ ਸੂਰਾਂ ਵਿਚ ਵੰਸ਼ਕੀ ਪਰਿਵਰਤਨ ਨਹੀਂ ਲਿਆਂਦਾ ਜਾ ਸਕਦਾ। ਉਨ੍ਹਾਂ ਦੀ ਵਿਧੀ ਪੂਰਵਕ ਵਰਤੋਂ ਨਾਲ ਸੂਰਾਂ ਦੀਆਂ ਨਸਲਾਂ ਨੂੰ ਸੁਧਾਰਿਆ ਜਾ ਸਕਦਾ ਹੈ। ਇਨ੍ਹਾਂ ਦੀ ਵਿਧੀ

ਪੂਰਵਕ ਵਰਤੋਂ ਨਾਲ ਸੂਰਾਂ ਦੀਆਂ ਪੀੜੀਆਂ (Progeny) ਵਿਚ ਕਾਫੀ ਤੇਜ਼ੀ ਨਾਲ ਸੁਧਾਰ ਕੀਤਾ ਜਾ ਸਕਦਾ ਹੈ। ਕਿਉਂਕਿ ਇਹ ਦੋਵੇਂ ਸਾਧਨ ਇਕ ਦੂਸਰੇ ਦੇ ਪੂਰਕ ਹਨ। ਇਨ੍ਹਾਂ ਵਿਚੋਂ ਇਕ ਸਾਧਨ ਦੀ ਵਰਤੋਂ ਬਿਨਾਂ ਦੂਸਰਾ ਸਾਧਨ ਪ੍ਰਭਾਵਹੀਨ ਹੁੰਦਾ ਹੈ।

ਸੂਰਾਂ ਦੀਆਂ ਨਸਲਾਂ ਸੁਧਾਰਨ ਲਈ ਨਸਲਕਸ਼ੀ ਦੀਆਂ ਬਹੁਤ ਸਾਰੀਆਂ ਵਿਧੀਆਂ (Breeding Systems) ਹਨ। ਜਿਨ੍ਹਾਂ ਦੇ ਪ੍ਰਭਾਵ ਸੂਰਾਂ ਦੀਆਂ ਪੀੜੀਆਂ ਤੇ ਵੱਖੋ ਵੱਖਰੇ ਪੈਂਦੇ ਹਨ। ਇਸ ਲਈ ਸੂਰ ਪਾਲਕ ਲਈ ਇਹ ਬੜੀ ਔਖੀ ਗੱਲ ਹੁੰਦੀ ਹੈ ਕਿ ਉਹ ਕਿਹੜੀ ਨਸਲਕਸ਼ੀ ਦੀ ਵਿਧੀ ਅਪਨਾਏ ਤਾਂ ਜੋ ਉਸਦੇ ਸੂਰਾਂ ਵਿਚ ਕੋਈ ਮਾੜਾ ਪ੍ਰਭਾਵ ਨਾ ਪਵੇ ਸਗੋਂ ਮਾੜੇ ਪ੍ਰਭਾਵ ਖਤਮ ਹੋਕੇ ਚੰਗੇ ਪ੍ਰਭਾਵ ਪੈਣ। ਸੂਰਾਂ ਵਿਚ ਵੰਸ਼ਕੀ ਸੁਧਾਰ ਲਈ ਕੋਈ ਵੀ ਇਕ ਨਸਲਕਸ਼ੀ ਦੀ ਵਿਧੀ ਪੂਰੀ ਉਤਰਦਾਈ ਨਹੀਂ ਸਗੋਂ ਨਸਲਕਸ਼ੀ ਦੀ ਵਿਧੀ ਦੀ ਸਫਲਤਾ ਸੂਰਾਂ ਦੇ ਅਨੁਵੰਸ਼ਕੀ ਗੁਣਾਂ ਤੇ ਅਧਾਰਿਤ ਹੁੰਦੀ ਹੈ। ਨਸਲਕਸ਼ੀ ਦੀ ਹਰੇਕ ਪ੍ਰਣਾਲੀ ਨੂੰ ਕਿਸੇ ਵਿਸ਼ੇਸ਼ ਉਦੇਸ਼ ਨੂੰ ਪੂਰਾ ਕਰਨ ਲਈ ਹੀ ਵਰਤਿਆ ਜਾਂਦਾ ਹੈ।

ਸੂਰਾਂ ਦੀਆਂ ਨਸਲਾਂ ਸੁਧਾਰਨ ਲਈ ਮੁੱਖ ਤੌਰ ਤੇ ਨਸਲਕਸ਼ੀ ਦੀਆਂ ਦੋ ਵਿਧੀਆਂ ਵਰਤੀਆਂ ਜਾਂਦੀਆਂ ਹਨ।

ੳ. ਅੰਤਰ ਪ੍ਰਜਣਨ (In Breeding) ਰਿਸ਼ਤੇਦਾਰਾਂ ਵਿਚ ਮਿਲਾਪ ਕਰਵਾਉਣਾ

ਅ. ਬਾਹਰੀ ਪ੍ਰਜਣਨ (Out Breeding)

## ੳ. ਅੰਤਰ ਪ੍ਰਜਣਨ (In Breeding)

ਇਸ ਪ੍ਰਣਾਲੀ ਰਾਹੀਂ ਸੂਰਾਂ ਅਤੇ ਸੂਰੀਆਂ ਦੇ ਨੇੜੇ ਦੇ ਰਿਸ਼ਤੇਦਾਰਾਂ ਨੂੰ ਆਪਸ ਵਿਚ ਮਿਲਾਇਆ ਜਾਂਦਾ ਹੈ।ਜਿਨ੍ਹਾਂ ਦਾ ਆਪਸ ਵਿਚ ੪-੬ ਪੀੜੀਆਂ ਤਕ ਦਾ ਰਿਸ਼ਤਾ ਹੁੰਦਾ ਹੈ। ਇਹ ਦੋ ਤਰਾਂ ਦੀ ਹੁੰਦੀ ਹੈ।

੧. **ਬਹੁਤ ਨਜ਼ਦੀਕੀ ਰਿਸ਼ਤੇਦਾਰਾਂ ਦਾ ਮਿਲਾਉਣਾ (Close breeding)**

ਇਸ ਪ੍ਰਣਾਲੀ ਨਾਲ ਸੂਰਾਂ ਦੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਆਪਸ ਵਿੱਚ ਮਿਲਾਇਆ ਜਾਂਦਾ ਹੈ। ਜਿਵੇਂ ਪਿਉ ਤੇ ਧੀ, ਮਾਂ ਤੇ ਪੁੱਤਰ, ਭੈਣ ਤੇ ਭਰਾ ਨੂੰ ਆਪਸ ਵਿਚ ਮਿਲਾਉਣਾ। ਇਸ ਪ੍ਰਣਾਲੀ ਰਾਹੀਂ ਨਸਲਕਸ਼ੀ ਕਰਨ ਤੇ ਸੂਰਾਂ ਵਿਚ ਵਿਸ਼ੇਸ਼ ਗੁਣ ਉਤਪੰਨ ਹੋ ਜਾਂਦੇ ਹਨ। ਜੋ ਕਿ ਚੰਗੇ ਵੀ ਹੋ ਸਕਦੇ ਹਨ ਜਾਂ ਫਿਰ ਮਾੜੇ ਵੀ। ਇਸ ਲਈ ਇਸ

ਪ੍ਰਣਾਲੀ ਦੀ ਵਰਤੋਂ ਕਰਦੇ ਹੋਏ ਅਣਚਾਹੀਆਂ ਵਿਸ਼ੇਸ਼ਤਾਈਆ ਨੂੰ ਘਟਾਉਣ ਲਈ ਨਸਲਕਸ਼ੀ ਕਰਤਾ ਨੂੰ ਬਹੁਤ ਧਿਆਨ ਨਾਲ ਸੂਰਾਂ ਦੀ ਚੋਣ ਕਰਨ ਦੀ ਲੋੜ ਹੁੰਦੀ ਹੈ।

੨. **ਬੰਸਾਵਲੀ ਪ੍ਰਜਣਨ ਪ੍ਰਣਾਲੀ (Line Breeding)**

ਇਹ ਨਸਲਕਸ਼ੀ ਦੀ ਉਹ ਪ੍ਰਣਾਲੀ / ਵਿਧੀ ਹੈ। ਜਿਸ ਵਿਚ ਉਨ੍ਹਾਂ ਰਿਸ਼ਤੇਦਾਰਾਂ ਨੂੰ ਮਿਲਾਇਆ ਜਾਂਦਾ ਹੈ ਜਿਨ੍ਹਾਂ ਦਾ ਆਪਸ ਦਾ ੪-੬ ਪੀੜੀਆਂ ਤੱਕ ਦਾ ਖ਼ੂਨੀ ਸੰਬੰਧ ਹੁੰਦਾ। ਇਸ ਪ੍ਰਣਾਲੀ ਦੀ ਵਰਤੋਂ ਨਾਲ ਵਡੇ ਵਡੇਰਿਆਂ ਦੇ ਵੱਡ ਮੁੱਲੇ ਗੁਣਾਂ ਨੂੰ ਸੰਭਾਲਿਆ ਜਾਂਦਾ ਹੈ। ਇਸ ਪ੍ਰਣਾਲੀ ਰਾਹੀਂ ਸੂਰਾਂ ਦੀ ਇਕ ਹੀ ਨਸਲ ਦੇ ਚਚੇਰੇ ਭੈਣ ਭਰਾਵਾਂ ਦਾ ਆਪਸ ਵਿਚ, ਸੂਰੀ ਦਾ ਵਾਪਸ ਆਪਣੇ ਦਾਦੇ ਜਾਂ ਨਾਨੇ ਨਾਲ, ਸਾਨ੍ਹ ਸੂਰ ਦਾ ਆਪਣੀ ਦਾਦੀ ਜਾਂ ਨਾਨੀ ਨਾਲ ਆਪਸ ਵਿਚ ਸਮਾਗਮ ਕਰਵਾਇਆ ਜਾਂਦਾ ਹੈ। ਇਸ ਪ੍ਰਣਾਲੀ ਦੀ ਵਰਤੋਂ ਨਾਲ ਇਕ ਹੀ ਗੁਣ ਲਈ ਸਮਾਨਤਾ ਪਾਈ ਜਾਂਦੀ ਹੈ।

ਅੰਤਰ ਨਸਲਕਸ਼ੀ ਦੀਆਂ ਦੋਵੇਂ ਪ੍ਰਣਾਲੀਆਂ ਦਾ ਨਤੀਜਾ ਤਕਰੀਬਨ ਇਕੋ ਜਿਹਾ ਹੀ ਹੁੰਦਾ ਹੈ।

**ਅੰਤਰ ਪ੍ਰਜਣਨ ਦੇ ਫਾਇਦੇ**

੧. ਅੰਤਰ ਪ੍ਰਜਣਨ ਪ੍ਰਣਾਲੀ ਰਾਹੀਂ ਸੂਰਾਂ ਦੀ ਨਸਲ ਵਿਚ ਵਧੇਰੇ ਸਮਾਨਤਾ ਆਉਂਦੀ ਹੈ।

੨. ਇਨ੍ਹਾਂ ਪ੍ਰਣਾਲੀਆਂ ਦੀ ਸਹੀ ਵਰਤੋਂ ਨਾਲ ਚੰਗੇ ਵੰਸ਼ਕੀ ਗੁਣਾਂ ਦੀ ਚੋਣ ਕਰਨ ਅਤੇ ਮਾੜੇ ਵੰਸ਼ਕੀ ਗੁਣਾਂ ਦੀ ਛਾਂਟੀ ਕਰਨ ਵਿਚ ਸਹਾਇਤਾ ਮਿਲਦੀ ਹੈ।

੩. ਚੰਗੇ ਜਾਂ ਮਾੜੇ ਗੁਣਾਂ ਨੂੰ ਸੂਰਾਂ ਵਿਚ ਸਥਿਰ ਬਣਾਉਂਦੀ ਹੈ।

੪. ਇਹ ਪ੍ਰਣਾਲੀਆਂ ਵਿਰਾਸਤੀ ਗੁਣਾਂ ਨੂੰ ਵਧਾਉਂਦੀਆਂ ਹਨ ਅਤੇ ਉਨਾਂ ਦੀ ਵਿਭੰਨਤਾ ਨੂੰ ਘਟਾਉਂਦੀਆਂ ਹਨ।

ਅੰਤਰ ਪ੍ਰਜਣਨ ਦੀਆਂ ਪ੍ਰਣਾਲੀਆਂ ਵਿਚੋਂ ਬੰਸਾਵਲੀ ਨਸਲਕਸ਼ੀ ਪ੍ਰਣਾਲੀ ਦੀ ਵਰਤੋਂ ਵਧੇਰੇ ਸੁਰੱਖਿਅਤ ਹੈ ਨਸਲਕਸ਼ੀ ਕਰਤਾ ਇਸ ਪ੍ਰਣਾਲੀ ਨੂੰ ਹੇਠ ਲਿਖੀਆਂ ਗੱਲਾਂ ਵਿਚ ਹੀ ਵਰਤੇ

੧. ਜਦੋਂ ਸੂਰ ਔਸਤ ਦਰਜੇ ਤੋਂ ਉੱਤਮ ਹੋਣ।

੨. ਜਦੋਂ ਨਸਲਕਸ਼ੀ ਕਰਤਾ ਇਸ ਦੀਆਂ ਚੰਗਿਆਈਆਂ ਤੇ ਬੁਰਿਆਈਆਂ ਤੋਂ ਭਲੀ ਭਾਂਤ ਜਾਣੂੰ ਹੋਵੇ।

੩. ਜਿਸ ਸੂਰ ਇੱਜੜ ਵਿਚ ਦੋ ਨਰ ਸੂਰ ਹੋਣ ਉਸੇ ਸੂਰ ਫਾਰਮ ਤੇ ਹੀ ਇਸ ਨੂੰ ਅਪਣਾਇਆ ਜਾਵੇ।

## ਅ. ਬਾਹਰੀ ਪ੍ਰਜਣਨ (Out breeding)

ਬਾਹਰੀ ਪ੍ਰਜਣਨ ਪ੍ਰਣਾਲੀ ਅੰਤਰ ਪ੍ਰਜਣਨ ਪ੍ਰਣਾਲੀ ਦੇ ਬਿਲਕੁਲ ਉਲਟ ਹੈ ਅਤੇ ਇਸ ਵਿਚ ਉਨ੍ਹਾਂ ਸੂਰਾਂ ਅਤੇ ਸੂਰੀਆਂ ਦਾ ਆਪਸ ਵਿੱਚ ਮਿਲਾਪ ਕਰਵਾਇਆ ਜਾਂਦਾ ਜਿਨ੍ਹਾਂ ਦਾ ਆਪਸ ਵਿਚ ਘੱਟੋ ਘੱਟ ੪-੬ ਪੁਸ਼ਤਾਂ ਤਕ ਕੋਈ ਸੰਬੰਧ ਨਾ ਹੋਵੇ। ਇਨ੍ਹਾਂ ਸੂਰਾਂ ਦਾ ਖਾਨ ਦਾਨ ਵੀ ਇਕ ਨਹੀਂ ਹੁੰਦਾ।ਇਸ ਪ੍ਰਜਣਨ ਪ੍ਰਣਾਲੀ ਵਿਚ ਇਕ ਹੀ ਨਸਲ ਦੇ ਅਸੰਬੰਧਿਤ ਸੂਰਾਂ ਦੇ ਆਪਸੀ ਮਿਲਾਪ, ਇਕ ਨਸਲ ਦਾ ਦੂਸਰੀ ਨਸਲ ਦੇ ਸੂਰਾਂ ਦੇ ਨਾਲ ਮਿਲਾਪ ਨੂੰ ਬਾਹਰੀ ਪ੍ਰਜਣਨ ਕਹਿੰਦੇ ਹਨ। ਬਾਹਰੀ ਪ੍ਰਜਣਨ ਪ੍ਰਣਾਲੀ ਦੇ ਨਤੀਜੇ ਅੰਤਰ ਪ੍ਰਜਣਨ ਪ੍ਰਣਾਲੀ ਦੇ ਬਿਲਕੁਲ ਉਲਟ ਹੁੰਦੇ ਹਨ। ਕਿਉਂਕਿ ਇਹ ਵੰਸ਼ਕੀ ਗੁਣਾਂ ਦੀ ਸਮਾਨਤਾ ਨੂੰ ਘਟਾਉਂਦੀ ਹੈ ਅਤੇ ਵੰਸ਼ਕੀ ਗੁਣਾਂ ਦੀ ਵਿਭਿੰਨਤਾ ਨੂੰ ਵਧਾਉਂਦੀ ਹੈ ਜਿਸ ਨਾਲ ਸੂਰਾਂ ਦੀ ਪੀੜੀ ਵਧੇਰੇ ਪ੍ਰਭਾਵ ਸ਼ਾਲੀ ਹੁੰਦੀ ਹੈ। ਪਰੰਤੂ ਉਨ੍ਹਾਂ ਦੀ ਨਸਲਕਸ਼ੀ ਦਾ ਦਰਜਾ ਘੱਟਦਾ ਹੈ ਇਸ ਪ੍ਰਣਾਲੀ ਰਾਹੀਂ ਜਨਮੇ ਬਚਿਆਂ ਵਿਚ ਆਏ ਸੁਧਾਰ ਨੂੰ Heterosis ਕਹਿੰਦੇ ਹਨ।ਬਾਹਰੀ ਪ੍ਰਜਣਨ ਪ੍ਰਣਾਲੀ ਤਿੰਨ ਤਰੀਕਿਆਂ ਨਾਲ ਲਾਗੂ ਕੀਤੀ ਜਾ ਸਕਦੀ ਹੈ।

**੧. ਬਾਹਰੀ ਦੋਗਲਾਕਰਨ (Out crossing)**

ਇਸ ਪ੍ਰਣਾਲੀ ਰਾਹੀਂ ਇਕ ਹੀ ਨਸਲ ਦੇ ਉਨ੍ਹਾਂ ਅਸੰਬੰਧਿਤ ਖਾਲਸ ਸੂਰਾਂ ਅਤੇ ਸੂਰੀਆਂ ਦਾ ਆਪਸ ਵਿੱਚ ਮਿਲਾਪ ਕਰਵਾਇਆ ਜਾਂਦਾ ਹੈ ਜਿਨ੍ਹਾਂ ਦਾ ਆਪਸ ਵਿਚ ੪-੬ ਪੀੜੀਆਂ ਤਕ ਕੋਈ ਵੀ ਸਾਂਝਾ ਰਿਸ਼ਤਾ ਨਹੀਂ ਹੁੰਦਾ।ਇਹ ਤਰੀਕਾ ਵੰਸ਼ਕੀ ਗੁਣਾਂ ਜਿਵੇਂ ਕਿ ਭਾਰ ਵਾਧੇ ਦੀ ਸਮਰੱਥਾ, ਦੁੱਧ ਪੈਦਾ ਕਰਨ ਦੀ ਸਮਰੱਥਾ ਆਦਿ ਲਈ ਬਹੁਤ ਪ੍ਰਭਾਵਸ਼ਾਲੀ ਹੈ। ਜੇਕਰ ਇਸ ਵਿਧੀ ਦੇ ਨਾਲ ਨਾਲ ਸੂਰਾਂ ਦੀ ਸਹੀ ਚੋਣ ਵੀ ਕੀਤੀ ਜਾਵੇ ਤਾਂ ਉਨ੍ਹਾਂ ਵਿਚ ਜੱਦੀ ਗੁਣਾਂ ਨੂੰ ਸਥਾਪਿਤ ਕੀਤਾ ਜਾ ਸਕਦਾ ਹੈ। ਔਸਤਨ ਦਰਜੇ ਦੇ ਘੱਟ ਉਤਪਾਦਨ ਵਾਲੇ ਸੂਰ ਫਾਰਮਾਂ ਤੇ ਨਸਲਕਸ਼ੀ ਲਈ ਇਹ ਪ੍ਰਣਾਲੀ ਬਹੁਤ ਲਾਭਦਾਇਕ ਵਿਧੀ ਹੈ।

**੨. ਦੋਗਲਾ ਕਰਨ (Cross Breeding)**

ਇਸ ਪ੍ਰਣਾਲੀ ਰਾਹੀਂ ਸੂਰਾਂ ਦੀਆਂ ਦੋ ਅਲੱਗ ਅਲੱਗ ਨਸਲਾਂ ਦੇ ਸ਼ੁਧ ਨਰ (Pure Bred Male) ਅਤੇ ਸ਼ੁਧ ਮਾਦਾ (Pure Bred Female) ਦਾ ਮਿਲਾਪ ਕਰਵਾਇਆ ਜਾਂਦਾ ਹੈ। ਇਹ ਪ੍ਰਣਾਲੀ ਉਤਪਾਦਨ ਯੋਗਤਾ ਨੂੰ

ਯਕੀਨੀ ਬਣਾਉਂਦੀ ਹੈ ਅਤੇ ਇਸ ਪ੍ਰਣਾਲੀ ਰਾਹੀਂ ਤਿਆਰ ਕੀਤੇ ਬੱਚੇ ਨਸਲਕਸ਼ੀ ਲਈ ਨਹੀਂ ਵਰਤੇ ਜਾਂਦੇ ਸਗੋਂ ਉਨ੍ਹਾਂ ਨੂੰ ਮੀਟ ਲਈ ਵੇਚ ਦਿੱਤਾ ਜਾਂਦਾ ਹੈ। ਤਜਰਬਿਆਂ ਤੋਂ ਪਤਾ ਲਗਦਾ ਹੈ ਕਿ ਦੋਗਲੇ ਸੂਰ ਆਪਣੇ ਮਾਂ ਪਿਓ ਤੋਂ ਵਧੇਰੇ ਫੁਰਤੀਲੇ ਹੁੰਦੇ ਹਨ ਬੱਚੇ ਆਪਣੇ ਮਾਂ ਪਿਉ ਦੇ ਮੁਕਾਬਲੇ ਛੇਤੀ ਭਾਰ ਵਧਾਉਂਦੇ ਹਨ, ਉਨ੍ਹਾਂ ਨੂੰ ਬਿਮਾਰੀਆਂ ਵੀ ਘੱਟ ਲਗਦੀਆਂ ਹਨ ਅਤੇ ਸੂਰ ਉਤਪਾਦਕ ਦਾ ਆਰਥਿਕ ਲਾਭ ਵੀ ਵਧਾਉਂਦੇ ਹਨ।ਜੇਕਰ ਦੋਵੇਂ ਹੀ ਉੱਨਤ ਨਸਲਾਂ ਜਿਵੇਂ ਯਾਰਕਸ਼ਾਇਰ ਅਤੇ ਲੈਂਡਰੈਸ ਦੇ ਸੂਰ ਹੋਣ ਤਾਂ ਇਨ੍ਹਾਂ ਤੋਂ ਪੈਦਾ ਹੋਏ ਦੋਗਲੇ ਸੂਰਾਂ ਵਿਚ 10-15 % ਵਧੇਰੇ ਭਾਰ ਵੱਧਦਾ ਹੈ ਅਤੇ ਇਹ ਖੁਰਾਕ ਨੂੰ ਮੀਟ ਵਿਚ ਬਦਲਣ ਲਈ ਵਿਚ ਵਧੇਰੇ ਸਮਰੱਥ ਹੁੰਦੇ ਹਨ। ਦੋਗਲਾ ਕਰਣ (Cross Breeding) ਵਿਧੀ ਸੂਰਾਂ ਦੀਆਂ ਨਵੀਆਂ ਨਸਲਾਂ ਤਿਆਰ ਕਰਨ ਲਈ ਇਕ ਅਧਾਰ ਹੈ। ਇਸ ਵਿਧੀ ਨਾਲ ਸੂਰਾਂ ਦੀਆਂ ਅਲੱਗ ਅਲੱਗ ਨਸਲਾਂ ਦੇ ਵਧੀਆ ਜੱਦੀ ਗੁਣਾਂ ਦਾ ਇਕ ਨਵੀਂ ਨਸਲ ਵਿਚ ਸੰਗ੍ਰਹਿ ਕੀਤਾ ਜਾ ਸਕਦਾ ਹੈ।

**ਦੋਗਲਾ ਕਰਣ ਦੇ ਢੰਗ (Methods of Cross Breeding)**

1. **ਉਲਟਾ ਪੁਲਟਾ ਨਸਲੀ ਚੱਕਰ (Criss Crossing):** ਜਦੋਂ ਦੋ ਨਸਲਾਂ ਦੇ ਸੂਰਾਂ ਦੀ ਵਰਤੋਂ ਦੋਗਲਾਕਰਣ ਵਿਚ ਵਾਰੀ ਵਾਰੀ ਕੀਤੀ ਜਾਵੇ, ਨੂੰ ਉਲਟਾ ਪੁਲਟਾ ਨਸਲੀ ਚੱਕਰ (Criss Crossing) ਕਹਿੰਦੇ ਹਨ। ਇਸ ਰਾਹੀਂ ਪੈਦਾ ਹੋਈਆਂ ਦੋਗਲੀਆਂ ਸੂਰੀਆਂ ਨੂੰ ਉਨ੍ਹਾਂ ਦੀ ਜਨਮ ਦਾਤੀ ਵਾਲੇ ਪਾਸੇ ਦੇ ਸਾਨ੍ਹ ਸੂਰ ਨਾਲ ਮਿਲਾਇਆ ਜਾਂਦਾ ਹੈ। ਉਦਾਹਰਣ ਦੇ ਤੌਰ ਤੇ

ਲੈਡਰੇਸ ਸਾਨ੍ਹ ਸੂਰ (100%) x ਯਾਰਕ ਸ਼ਾਇਰ ਸੂਰੀ (100%)

↓

ਦੋਗਲੀ ਸੂਰੀ (50%ਲ: 50% ਯ) x ਯਾਰਕਸ਼ਾਇਰ ਸਾਨ੍ਹ ਸੂਰ (100%)

↓

ਦੋਗਲੀ ਸੂਰੀ (25% ਲ: 75% ਯ) x ਲੈਂਡਰੇਸ ਸਾਨ੍ਹ ਸੂਰ (100%)

↓

ਦੋਗਲੀ ਸੂਰੀ (62.5% ਲ: 37.5%)

2. **ਨਸਲੀ ਚੱਕਰ:** ਇਸ ਵਿਧੀ ਨਾਲ ਕਈ ਨਸਲਾਂ ਦੇ ਸੂਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਕਰਨ ਨਾਲ ਹਰੇਕ ਨਸਲ ਦੇ ਵਿਸ਼ੇਸ਼ ਗੁਣਾਂ ਨੂੰ ਇੱਕਠਾ ਕੀਤਾ ਜਾਂਦਾ ਹੈ ਜਦੋਂ ਤਿੰਨ ਨਸਲਾਂ ਦੀ ਵਰਤੋਂ ਕੀਤੀ ਜਾਵੇ ਤਾਂ ਇਹ ਤ੍ਰੈ ਨਸਲੀ ਚੱਕਰ ਕਹਾਉਂਦਾ ਹੈ। ਉਦਾਹਰਣ ਦੇ ਤੌਰ ਤੇ ਲੈਂਡਰੇਸ ਅਤੇ ਯਾਰਕਸ਼ਾਇਰ ਨਸਲਾਂ ਦੇ ਮਿਲਾਪ ਤੋਂ ਪੈਦਾ ਹੋਈ ਸੂਰੀ ਨੂੰ ਡੁਰੋਕ ਨਸਲ ਦੇ ਸੂਰ ਨਾਲ ਮਿਲਾਪ ਕਰਵਾਉਣਾ

ਲੈਂਡਰੇਸ ਸਾਨ੍ਹ ਸੂਰ (100 % ਲ) ਯਾਰਕਸ਼ਾਇਰ ਸੂਰੀ (100 % ਯ)

↓

ਦੋਗਲੀ ਸੂਰੀ (50 % ਲ: 50 % ਯ) x ਡੁਰੋਕ ਸਾਨ੍ਹ ਸੂਰ (100 % ਡ)

↓

ਦੋਗਲੀ ਸੂਰੀ (25%ਲ: (25% ਯ: (50% ਡ) x ਯਾਰਕਸ਼ਾਇਰ ਸਾਨ੍ਹ (100%)

3. **ਪਿੱਛੇ ਵੱਲ ਨਸਲਕਸ਼ੀ (Back crossing):** ਇਸ ਵਿਧੀ ਨਾਲ ਦੋਗਲਾ ਕਰਣ ਤੋਂ ਪੈਦਾ ਹੋਏ ਸੂਰਾਂ ਦਾ ਮਿਲਾਪ ਉਨ੍ਹਾਂ ਦੀ ਹੀ ਮਾਂ ਨਾਲ ਜਾਂ ਫਿਰ ਦੋਗਲੀ ਪੈਦਾ ਹੋਈ ਸੂਰੀ ਦਾ ਮਿਲਾਪ ਉਸਦੇ ਹੀ ਪਿਤਾ ਨਾਲ ਕਰਵਾਇਆ ਜਾਂਦਾ ਹੈ।ਦੋਗਲਾ ਕਰਣ ਦੀ ਵਿਧੀ ਨਾਲ ਸੂਰਾਂ ਵਿਚ ਹਰੇਕ ਸੂਏ ਵਿਚ ਜਨਮੇ ਬਚਿੱਆਂ ਦੀ ਗਿਣਤੀ ਵਧਾਈ ਜਾ ਸਕਦੀ ਹੈ। ਭਾਰ ਵਾਧੇ ਦੀ ਰਫਤਾਰ ਵੱਧਦੀ ਹੈ ਅਤੇ ਮੌਤ ਦਰ ਘਟਦੀ ਹੈ ਅਤੇ ਵਧੇਰੇ ਸ਼ਕਤੀ (Hybrid vigour) ਮਿਲਦੀ ਹੈ। ਦੋਗਲੇ ਕਰਣ ਤੋਂ ਪ੍ਰਾਪਤ ਸੂਰੀਆਂ ਵਿਚ ਵੰਸ਼ ਵਾਧੇ ਦੀ ਸਮਰਥਾ ਵੀ ਵਧੇਰੇ ਹੁੰਦੀ ਹੈ ਦੋਗਲਾ ਕਰਣ ਨਾਲ ਸੂਰਾਂ ਦੀਆਂ ਨਾਂ ਤਾਂ ਮਾਸ ਪੇਸ਼ੀਆਂ ਨੂੰ ਵਧਾਇਆ ਜਾ ਸਕਦਾ ਹੈ ਅਤੇ ਨਾ ਹੀ ਚਰਬੀ ਦੀ ਮਾਤਰਾ ਨੂੰ ਘਟਾਇਆ ਜਾ ਸਕਦਾ ਹੈ ਅਤੇ ਨਾ ਹੀ ਸੂਰਾਂ ਦੇ ਮੀਟ (Pork) ਦੀ ਗੁਣਵਤਾ (Quality) ਨੂੰ ਵਧਾਇਆ ਜਾ ਸਕਦਾ ਹੈ।

4. **ਕ੍ਰਮਗਤ ਉੱਨਤੀ (Grading up)**

ਕ੍ਰਮਗਤ ਉੱਨਤੀ (Grading up) ਵਿਚ ਕਿਸੇ ਵੀ ਵਿਦੇਸ਼ੀ ਨਸਲ ਦੇ ਸਾਨ੍ਹ ਸੂਰ ਨਾਲ ਦੇਸੀ ਨਸਲ ਦੀ ਸੂਰੀ ਨੂੰ ਮਿਲਾਕੇ ਉਨ੍ਹਾਂ ਤੋਂ ਪੈਦਾ ਹੋਈ ਸੰਤਾਨ ਦੀਆਂ ਦੋਗਲੀਆਂ ਸੂਰੀਆਂ ਨੂੰ ਦੁਬਾਰਾ ਫਿਰ ਵਿਦੇਸ਼ੀ ਨਸਲ ਦੇ ਨਰ ਨਾਲ ਮਿਲਾਣਾ ਅਤੇ ਇਹ ਕ੍ਰਮ ਪੀੜੀ ਦਰ ਪੀੜੀ ਕਰਦੇ ਰਹਿਣਾ। ਇਸ ਤਰ੍ਹਾਂ ਕਰਨ ਨਾਲ ਸਤਵੀਂ ਪੀੜੀ ਵਿਚ ਦੇਸੀ ਨਸਲ ਦੇ ਸੂਰਾਂ ਵਿਚ ੯੯.੨੨ % ਵਿਦੇਸ਼ੀ ਤੇ ਉੱਨਤ ਨਸਲ ਦੇ ਵੰਸ਼ਕੀ ਗੁਣ ਆ ਜਾਂਦੇ

ਹਨ। ਇਹ ਇਕ ਕਿਸਮ ਦੀ ਪਿੱਛੇ ਵੱਲ ਨਸਲਕਸ਼ੀ (Back crossing) ਦੀ ਹੀ ਕਿਸਮ ਹੈ। ਇਸ ਵਿਧੀ ਨਾਲ ਸੰਤਾਨ ਵਿਚ ਸਮਾਨਤਾ ਦਾ ਵਿਕਾਸ ਹੁੰਦਾ ਹੈ ਅਤੇ ਉਨ੍ਹਾਂ ਦੇ ਵੰਸ਼ਕੀ ਗੁਣਾਂ ਤੇ ਉਤਪਾਦਨ ਵਿਚ ਵੀ ਵਾਧਾ ਹੁੰਦਾ ਹੈ।ਇਸ ਵਿਧੀ ਨਾਲ ਹਰੇਕ ਪੀੜੀ ਵਿਚ ਬੜੀ ਤੇਜੀ ਨਾਲ ਉੱਨਤੀ ਹੁੰਦੀ ਹੈ। ਜੋ ਕਿ ਹੇਠਾਂ ਦਿੱਤੀ ਸਾਰਨੀ ਵਿਚ ਦਿੱਤੀ ਗਈ ਹੈ।

| ਸੰਤਾਨ/ਪੀੜੀ | ਦੇਸੀ ਸੂਰਾਂ ਦੇ ਗੁਣ (%) | ਵਿਦੇਸ਼ੀ / ਉੱਨਤ ਨਸਲ ਦੇ ਗੁਣ (%) |
|---|---|---|
| 1 | 50 | 50 |
| 2 | 25 | 75 |
| 3 | 12.5 | 87.5 |
| 4 | 6.25 | 93.75 |
| 5 | 3.120 | 96.88 |
| 6 | 1.56 | 98.44 |
| 7 | 0.78 | 99.22 |
| 8 | 0.39 | 99.61 |

ਇਸ ਤਰ੍ਹਾਂ ਛੇਵੀਂ ਜਾਂ ਸਤਵੀਂ ਪੀੜੀ ਤੋਂ ਬਾਅਦ ਦੇਸੀ ਸੂਰ ਉੱਨਤ ਨਸਲ ਦੇ ਸਮਾਨ ਹੀ ਹੋ ਜਾਂਦੇ ਹਨ। ਇਸ ਤਰ੍ਹਾਂ ਪ੍ਰਾਪਤ ਨਰ ਸੂਰਾਂ ਨੂੰ ਨਸਲਕਸ਼ੀ ਲਈ ਨਹੀਂ ਵਰਤਿਆ ਜਾ ਸਕਦਾ । ਕਿਉਂਕਿ ਉਨ੍ਹਾਂ ਵਿਚ ਵਿਭਿੰਨਤਾ ਦੇ ਕੁਝ ਅੰਸ਼ ਅਜੇ ਵੀ ਬਾਕੀ ਹੁੰਦੇ ਹਨ। ਕ੍ਰਮਗਤ ਉੱਨਤੀ (grading up) ਕਰਨ ਲਈ ਭਾਰਤ ਸਰਕਾਰ ਨੇ ਬਾਹਰਲੇ ਮੁਲਕਾਂ ਤੋਂ ਯਾਰਕਸ਼ਇਰ (Large white yorkshine) ਅਤੇ ਲੈਂਡਰੇਸ (Landrace) ਨਸਲਾਂ ਦੇ ਸੂਰ ਮੰਗਵਾਏ। ਪੰਜਾਬ ਵਿਚ ਦੇਸੀ ਸੂਰੀਆਂ ਦੀ ਕ੍ਰਮਗਤ ਉੱਨਤੀ ਲਈ ਚਿਟੇ ਲੰਬੇ ਯਾਰਕਸ਼ਾਇਰ (Large white York shire) ਸਾਨ੍ਹ ਸੂਰਾਂ ਦੀ ਵਰਤੋਂ ਕੀਤੀ ਗਈ।

# ਨਸਲਕਸ਼ੀ ਲਈ ਸੂਰਾਂ ਦੀ ਚੋਣ

## ਸੂਰਾਂ ਦੀ ਸਰੀਰਕ ਰਚਨਾ

ਸੂਰਾਂ ਦੀਆਂ ਅਲੱਗ ਅਲੱਗ ਨਸਲਾਂ ਦੀ ਪਛਾਣ, ਨਸਲਕਸ਼ੀ ਲਈ ਚੋਣ, ਮਾਸ ਦੀ ਯੋਗਤਾ ਲਈ ਚੋਣ ਕਰਨ ਲਈ ਸੂਰਾਂ ਦੇ ਸਰੀਰਕ ਅੰਗਾਂ ਦਾ ਗਿਆਨ ਹੋਣਾ ਬਹੁਤ ਜਰੂਰੀ ਹੈ। ਸੂਰਾਂ ਦੇ ਸਰੀਰ ਦੇ ਬਾਹਰਲੇ ਹਿਸਿਆਂ ਦੀ ਪਹਿਚਾਨ ਉਨ੍ਹਾਂ ਦੀ ਚੋਣ ਅਤੇ ਆਪਸ ਵਿਚ ਤੁਲਨਾ ਕਰਨ ਲਈ ਬਹੁਤ ਜਰੂਰੀ ਹੈ। ਹੇਠਾਂ ਚਿੱਤਰ ਵਿਚ ਸੂਰਾਂ ਦੇ ਬਾਹਰਲੇ ਅੰਗਾਂ ਦੀ ਜਾਣਕਾਰੀ ਦਿੱਤੀ ਗਈ ਹੈ।




**ਚਿੱਤਰ: ਸੂਰਾਂ ਦੀ ਸਰੀਰਕ ਰਚਨਾ**

**ਪ੍ਰਜਣਨ ਲਈ ਸੂਰਾਂ ਦੀ ਚੋਣ**

ਪ੍ਰਜਣਨ ਲਈ ਸੂਰਾਂ ਦੀ ਚੋਣ ਕਰਨਾ ਸੂਰ ਉਤਪਾਦਨ ਦਾ ਇਕ ਬਹੁਤ ਮਹੱਤਵ ਪੂਰਨ ਅੰਗ ਹੈ ਕਿਉਂਕਿ ਆਉਣ ਵਾਲੇ ਸੂਰਾਂ ਦੇ ਬੱਚਿਆਂ ਦਾ ਦਾਰੋ ਮਦਾਰ ਇਸ ਤੇ ਹੀ ਨਿਰਭਰ ਕਰਦਾ ਹੈ ਨਸਲਕਸ਼ੀ ਲਈ ਸੂਰ ਅਤੇ ਸੂਰੀਆਂ ਦੀ ਚੋਣ ਹੇਠ ਲਿਖੇ ਗੁਣਾਂ ਤੇ ਆਧਾਰਿਤ ਹੋਣੀ ਚਾਹੀਦੀ ਹੈ।

1. **ਮੰਡੀ ਵਿਚ ਸੂਰਾਂ ਦੇ ਮਾਸ ਦੀ ਕਿਸਮ ਦੀ ਮੰਗ**: ਸੂਰਾਂ ਦੀਆਂ ਦੋ ਤਰ੍ਹਾਂ ਦੀਆਂ ਨਸਲਾਂ ਮਿਲਦੀਆਂ ਹਨ

   (1) ਚਰਬੀ ਵਾਲੀਆਂ ਨਸਲਾਂ (Lard type)

   (2) ਮਾਸ ਵਾਲੀਆਂ ਨਸਲਾਂ (Bacon type/Lean breeds)

2. ਵਨਸਪਤੀ ਤੇਲਾਂ ਦਾ ਵਧੇਰੇ ਉਤਪਾਦਨ ਅਤੇ ਮਿਲਣ ਕਾਰਨ ਅਤੇ ਲੋਕਾਂ ਵਿਚ ਆਪਣੀ ਸਿਹਤ ਵੱਲ ਜ਼ਿਆਦਾ ਧਿਆਨ ਦੇਣ ਕਰਕੇ ਮਾਸ ਪੈਦਾ ਕਰਨ ਵਾਲੀਆਂ (Lean type) ਨਸਲਾਂ ਨੂੰ ਚਰਬੀ ਵਾਲੀਆਂ ਨਸਲਾਂ ਦੇ ਮੁਕਾਬਲੇ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ।

3. **ਆਰਥਿਕ ਗੁਣ**: ਇਨ੍ਹਾਂ ਗੁਣਾਂ ਵਿਚ ਸੂਰਾਂ ਦਾ ਵਧੇਰੇ ਵਾਧਾ, ਘੱਟ ਖੁਰਾਕ ਖਾਣਾ ਅਤੇ ਖੁਰਾਕ ਦੀ ਸਰੀਰ ਵਿਚ ਵਧੇਰੇ ਉਪਯੋਗਤਾ (FCR), ਹਰੇਕ ਸੂਏ ਵਿਚ ਵਧੇਰੇ ਬੱਚੇ (੮ ਤੋਂ ਜਿਆਦਾ) ਪੈਦਾ ਕਰਨੇ, ਬੱਚਿਆਂ ਦੀ ਘੱਟ ਤੋਂ ਘੱਟ ਮੌਤ ਦਰ ਆਦਿ ਆਉਂਦੇ ਹਨ।

4. **ਸੂਰੀ ਦੀ ਯੋਗਤਾ:** ਸੂਰਾਂ ਤੇ ਸੂਰੀਆਂ ਦਾ ਸੁਭਾਅ ਚੰਗਾ, ਸੀਲ ਅਤੇ ਵਧੀਆ ਹੋਣਾ ਚਾਹੀਦਾ ਹੈ, ਸੂਰੀ ਵਧੇਰੇ ਦੁੱਧ ਪੈਦਾ ਕਰੇ ਅਤੇ ਸਾਲ ਵਿਚ ਘੱਟੋ ਘੱਟ ਦੋ ਸੂਏ ਦੇਣ ਦੀ ਸਮਰੱਥਾ ਰੱਖਦੀ ਹੋਵੇ, ਇਸਦੇ ਨਾਲ ਨਾਲ ਸਾਨ੍ਹ ਸੂਰ ਪ੍ਰਬਲ ਪ੍ਰਵਿਰਤੀ ਅਤੇ ਜ਼ਿਆਦਾ ਤੇ ਵਧੀਆ ਬੀਰਜ (Semen) ਪੈਦਾ ਕਰੇ। ਇਹ ਵੀ ਧਿਆਨ ਰਖਣਾ ਚਾਹੀਦਾ ਹੈ ਕਿ ਸੂਰ ਅਤੇ ਸੂਰੀ ਆਪਣੇ ਮਾਲਕ ਨੂੰ ਵੱਢਣ ਨਾ ਪੈਣ।

ਪ੍ਰਜਣਨ ਲਈ ਸੂਰ ਅਤੇ ਸੂਰੀਆਂ ਦੀ ਚੋਣ ਕਰਨ ਸਮੇਂ ਨਿਮਨ ਲਿਖਤ ਗੱਲਾਂ ਬਹੁਤ ਸਹਾਈ ਹੁੰਦੀਆਂ ਹਨ।

1. **ਸੂਰਾਂ ਦੀ ਖੁਰਾਕ ਦਾ ਰਖ ਰਖਾਵ (Feeding Records):** ਖੁਰਾਕ ਨੂੰ ਮਾਸ ਵਿਚ ਤਬਦੀਲ ਕਰਨ ਦੀ ਸਮਰੱਥਾ, ਸੂਰਾਂ ਦੀ ਚੋਣ ਲਈ ਬਹੁਤ ਲਾਭਦਾਇਕ ਸਿੱਧ ਹੁੰਦੀ ਹੈ। ਕਿਉਂਕਿ ਇਹ ਇਕ ਵੰਸ਼ਕੀ ਗੁਣ ਹੈ। ਇਸ ਤੋਂ ਸਾਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਸੂਰ ਕਿੰਨੀ ਖੁਰਾਕ ਖਾਕੇ ਕਿੰਨਾ ਭਾਰ ਵਧਾਉਂਦੇ ਹਨ।

2. **ਸੂਰਾਂ ਦੀ ਝੋਲ ਦਾ ਰਖ ਰਖਾਵ (Litter Records):** ਸੂਰਾਂ ਦੀ ਝੋਲ ਦਾ ਰਖ ਰਖਾਵ ਹਰੇਕ ਸੂਏ ਵਿਚ ਬੱਚਿਆਂ ਦੀ ਜਨਮ ਸਮੇਂ ਅਤੇ ਦੁਧੋਂ ਛੁਡਾਉਣ ਸਮੇਂ ਗਿਣਤੀ ਬਾਰੇ ਦਰਸਾਉਂਦਾ ਹੈ। ਇਸਦੇ ਨਾਲ ਨਾਲ ਬੱਚਿਆਂ ਦੇ ਰਖ ਰਖਾਵ ਤੋਂ ਇਲਾਵਾ ਸੂਰੀ ਦੇ ਬੱਚੇ ਪੈਦਾ ਕਰਨ, ਦੁੱਧ ਪੈਦਾ ਕਰਨ ਅਤੇ ਬੱਚਿਆਂ ਨੂੰ ਪਾਲਣ ਪੋਸਣ ਸੰਬੰਧੀ ਸਮਰਥਾ ਦਾ ਪਤਾ ਲਗਦਾ ਹੈ।
3. **ਪ੍ਰਜਣਨ ਦਾ ਰਖ ਰਖਾਵ (Breeding records):** ਪ੍ਰਜਣਨ ਸੰਬੰਧੀ ਰੱਖ ਰਖਾਵ ਤੋਂ ਸੂਰ ਅਤੇ ਸੂਰੀਆਂ ਦੀ ਵੰਸ਼ ਵਾਧੇ ਦੀ ਸਮਰਥਾ ਦਾ ਪਤਾ ਚਲਦਾ ਹੈ।ਇਹੋ ਜਿਹੇ ਰਖ ਰਖਾਵ ਰਾਹੀਂ ਸੂਰੀ ਦੀ ਗੱਭਣ ਕਰਵਾਉਣ ਦੀ ਮਿਤੀ, ਸਾਨ੍ਹ ਸੂਰ ਦੀ ਵਰਤੋਂ, ਸੂਰੀ ਦੇ ਸੂਣ ਦੀ ਮਿਤੀ ਅਤੇ ਦੁਬਾਰਾ ਗੱਭਣ ਕਰਵਾਉਣ ਦੇ ਸਮੇਂ ਬਾਰੇ ਦਸਦੇ ਹਨ।
4. **ਭਾਰ ਵਾਧਾ:** ਜਿਸ ਇੱਜੜ (Herd) ਵਿਚੋਂ ਨਸਲਕਸ਼ੀ ਲਈ ਸੂਰਾਂ ਤੇ ਸੂਰੀਆਂ ਦੀ ਚੋਣ ਕਰਨੀ ਹੋਵੇ ਉਨ੍ਹਾਂ ਦੇ ਰੋਜ ਭਾਰ ਵਧਣ ਦੀ ਸਮਰਥਾ ਦਾ ਪਤਾ ਹੋਣਾ ਬਹੁਤ ਜਰੂਰੀ ਹੈ। ਇਸ ਵਿਚ ਜਨਮ ਤੋਂ ਦੁੱਧ ਛੁਡਾਉਣ ਸਮੇਂ ਤਕ ਭਾਰ ਵਾਧਾ ਅਤੇ ਦੁੱਧੋਂ ਛੁਡਾਏ ਬੱਚਿਆਂ ਦਾ ਮੰਡੀ ਕਰਨ (੭੫-੮੦ ਕਿਲੋ ਭਾਰ) ਤਕ ਦੇ ਭਾਰ ਵਾਧੇ ਦਾ ਪਤਾ ਚਲਦਾ ਹੈ। ਹਮੇਸ਼ਾ ਉਨ੍ਹਾਂ ਇੱਜੜਾਂ ਵਿਚੋਂ ਸੂਰ ਅਤੇ ਸੂਰੀਆਂ ਦੀ ਚੋਣ ਕਰਨੀ ਚਾਹੀਦੀ ਹੈ ਜਿਨ੍ਹਾਂ ਦੇ ਬੱਚੇ ਘੱਟ ਤੋਂ ਘੱਟ ਸਮੇਂ ਵਿਚ ਵਧੇਰੇ ਭਾਰ ਗ੍ਰਹਿਣ ਕਰਨ।

   ਇਸ ਤੋਂ ਇਲਾਵਾ ਦੁਆਈਆਂ ਆਦਿ ਤੇ ਖਰਚ ਤੇ ਵੀ ਧਿਆਨ ਦੇਣਾ ਚਾਹੀਦਾ ਹੈ।

## ਸਾਨ੍ਹ ਸੂਰ ਦੀ ਚੋਣ

ਸੂਰ ਫਾਰਮ ਵਿਚ ਸਾਨ੍ਹ ਸੂਰ ਦੀ ਬਹੁਤ ਵੱਡੀ ਦੇਣ ਹੁੰਦੀ ਹੈ। ਕਿਉਂਕਿ ਉਹ ਇੱਕਲਾ ਹੀ ਉਸ ਇੱਜੜ ਵਿਚ ਅੱਧੇ ਵੰਸ਼ਕੀ ਗੁਣਾਂ ਦਾ ਮਾਲਕ ਹੁੰਦਾ ਹੈ। ਸਾਨ੍ਹ ਸੂਰ ਤੋਂ ਪੈਦਾ ਹੋਏ ਹਰੇਕ ਬੱਚੇ ਵਿਚ ਅੱਧੇ ਗੁੱਣ ਸਾਨ੍ਹ ਸੂਰ ਵਲੋਂ ਹੀ ਆਉਂਦੇ ਹਨ। ਇਸ ਲਈ ਸਾਨ੍ਹ ਸੂਰ ਦੇ ਪਿਛੋਕੜ ਬਾਰੇ ਜਿੰਨੀ ਵੀ ਜਾਣਕਾਰੀ ਮਿਲੇ ਓਨੀ ਹੀ ਥੋੜੀ ਹੈ ਦੇਖਣ ਵਿਚ ਸਾਨ੍ਹ ਸੂਰ ਦੀ ਚੋਣ ਵੇਲੇ ਇਨ੍ਹਾਂ ਗਲੱਾਂ ਦਾ ਧਿਆਨ ਰਖਣਾ ਚਾਹੀਦਾ ਹੈ।

1. ਸਾਨ੍ਹ ਸੂਰ ਨੂੰ ਉਨ੍ਹਾਂ, ਇਜੜਾਂ ਜਾਂ ਸੂਰੀਆਂ ਦੇ ਬੱਚਿਆਂ ਵਿਚੋਂ ਚੁਣਨਾ ਚਾਹੀਦਾ ਹੈ ਜਿਨ੍ਹਾਂ ਦੀ ਵਧੇਰੇ ਬੱਚੇ ਪੈਦਾ ਕਰਨ ਅਤੇ ਪਾਲਣ ਦੀ ਸਮਰਥਾ ਹੋਵੇ।
2. ਸਾਨ੍ਹ ਸੂਰ ਦੇ ਥੱਲੇ ਪੇਟ ਦੇ ਦੋਹਾਂ ਪਾਸੀ ਘੱਟੋ ਘੱਟ ੧੪ ਥਣ ਹੋਣ ਅਤੇ ਇਹ ਬਰਾਬਰ ਵਿਥ ਤੇ ਹੋਣੇ ਚਾਹੀਦੇ ਹਨ। ਸਾਨ੍ਹ ਸੂਰ ਵਿਚ ਥਣ ਵਿਕਸਿਤ ਨਹੀ ਹੁੰਦੇ ਇਸ ਲਈ ਇਨ੍ਹਾਂ ਨੂੰ ਅਣਵਿਕਸਿਤ (Rudimentary) ਥਣ ਆਖਦੇ ਹਨ।
3. ਸੋ ਕਿਲੋ ਭਾਰ ਦੇ ਸੂਰ ਦੀ ਪਿੱਠ ਤੇ ਚਰਬੀ ਦੀ ਗਹਿਗਾਈ ਇੱਕ ਇੰਚ –ਸਵਾ ਇੰਚ ਤੋਂ ਵੱਧ ਨਾ ਹੋਵੇ
4. ਸਾਡੇ ਵਾਤਾਵਰਣ ਵਿਚ ਪਾਲਿਆ ਹੋਇਆ ਸੂਰ ਔਸਤਨ ੪੦੦ ਗ੍ਰਾਮ ਭਾਰ ਰੋਜ਼ਾਨਾ ਦਾ ਵਧਾਉਂਦਾ ਹੈ ਅਤੇ ੧੬੦-੧੭੦ ਦਿਨਾਂ ਵਿੱਚ ੭੫-੮੦ ਕਿਲੋ ਭਾਰ ਦਾ ਹੋ ਜਾਂਦਾ ਹੈ।
5. ਮੋਢੇ ਦੀ ਹੱਡੀ ਤੋ ਲੈਕੇ ਪੱਟ ਦੀ ਹੱਡੀ ਤਕ ਸੂਰ ਦੀ ਲੰਬਾਈ ੩੦-੩੧ ਇੰਚ (੭੫-੮੦ ਸੈਂਟੀਮੀਟਰ) ਹੋਣੀ ਚਾਹੀਦੀ ਹੈ।
6. ਸੂਰ ਦੇ ਦੋਵੇਂ ਪਤਾਲੂ ਸਮਾਨ ਅਕਾਰ ਦੇ ਹੋਣੇ ਚਾਹੀਦੇ ਹਨ। ਜੇਕਰ ਸਾਨ੍ਹ ਸੂਰ ਨੂੰ ਹਰਨੀਆਂ ਦੀ ਸ਼ਿਕਾਇਤ ਹੋਵੇ ਤਾਂ ਇਨ੍ਹਾਂ ਸੂਰਾਂ ਨੂੰ ਨਸਲਕਸ਼ੀ ਵਾਸਤੇ ਨਹੀਂ ਰਖਣਾ ਚਾਹੀਦਾ।

## ਸੂਰੀ ਦੀ ਚੋਣ

ਨਸਲਕਸ਼ੀ ਲਈ ਚੁਣੀ ਹੋਈ ਸੂਰੀ ਵਿਚ ਵੀ ਸਾਨ੍ਹ ਸੂਰ ਦੀ ਤਰ੍ਹਾਂ ਚੰਗੇ ਗੁਣ ਹੋਣੇ ਚਾਹੀਦੇ ਹਨ।

1. ਚੁਣੀ ਹੋਈ ਸੂਰੀ ਇਕ ਚੰਗੇ ਵੱਡੇ ਅਤੇ ਰਿਸ਼ਟ ਪੁਸ਼ਟ ਸੂਏ ਵਿਚੋਂ ਹੋਣੀ ਚਾਹੀਦੀ ਹੈ।
2. ਸਾਨ੍ਹ ਸੂਰ ਦੀ ਤਰ੍ਹਾਂ ਹੀ ਸੂਰੀ ਦੇ ਪੇਟ ਤੇ ਘੱਟੋ ਘੱਟ ੧੪ ਥਣ ਪੇਟ ਦੇ ਦੋਹਾਂ ਪਾਸੇ ਇਕਸਾਰ ਵਿਥ ਤੇ ਚੰਗੇ ਵਿਕਸਿਤ ਹੋਣੇ ਚਾਹੀਦੇ ਹਨ।
3. ਥਣਾਂ ਦੀਆਂ ਘਟੋ ਘੱਟ ਤਿੰਨ ਜੋੜੀਆਂ ਧੁੰਨੀ ਤੋਂ ਅੱਗੇ ਹੋਣੀਆਂ ਚਾਹੀਦੀਆਂ ਹਨ।
4. ਜਿਨ੍ਹਾਂ ਸੂਰੀਆਂ ਦੇ ਥਣ ਛੋਟੇ ਅਤੇ ਇਕ ਦੂਸਰੇ ਦੇ ਨਜ਼ਦੀਕ ਹੋਣ ਨੂੰ ਨਸਲਕਸ਼ੀ ਲਈ ਨਾ ਚੁਣਿਆ ਜਾਵੇ।

5. ਸੂਰੀ ਦੀ ਸਰੀਰਕ ਲੰਬਾਈ ੭੫-੮੦ ਸੈਂਟੀਮੀਟਰ ਹੋਵੇ ਜੋ ਕਿ ਮੋਢੇ ਦੀ ਹੱਡੀ ਤੋਂ ਪੱਟ ਦੀ ਹੱਡੀ ਤਕ ਮਿਣੀ ਜਾਂਦੀ ਹੈ।
6. ਸੂਰੀ ਦੀ ਪਿੱਠ ਤੇ ਚਰਬੀ ਦੀ ਗਹਿਗਈ ਸਵਾ ਇੰਚ ਤੋਂ ਘੱਟ ਹੋਵੇ।
7. ਚੁਣੀ ਹੋਈ ਸੂਰੀ ੧੬੦-੧੭੦ ਦਿਨਾਂ ਦੀ ਉਮਰ ਤੇ ਘੱਟੋ ਘੱਟ ੭੫ ਕਿਲੋ ਦੀ ਹੋਣੀ ਚਾਹੀਦੀ ਹੈ।

ਇਨ੍ਹਾਂ ਤੋਂ ਇਲਾਵਾ ਚੁਣੇ ਹੋਏ ਸਾਨ੍ਹ ਸੂਰ ਅਤੇ ਸੂਰੀਆਂ ਵਿਚ ਉਹ ਸਾਰੇ ਗੁਣ ਵਿਕਸਿਤ ਹੋਣੇ ਚਾਹੀਦੇ ਹਨ ਜੋ ਕਿ ਇਕ ਮੀਟ ਪੈਦਾ ਕਰਨ ਵਾਲੇ ਜਵਾਨ ਸੂਰ ਵਿਚ ਹੁੰਦੇ ਹਨ।

**ਮਾਸ ਪੈਦਾ ਕਰਨ ਵਾਲੇ ਸੂਰ ਦੀਆਂ ਵਿਸ਼ੇਸ਼ਤਾਈਆਂ**

ਇਕ ਘੱਟ ਚਰਬੀ ਵਾਲੇ ਵਧੇਰੇ ਮਾਸ ਪੈਦਾ ਕਰਨ ਵਾਲੇ ਨਰੋਏ ਸੂਰ ਵਿਚ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਹੁੰਦੀਆਂ ਹਨ।

1. ਦੋਹਾਂ ਪਾਸਿਆਂ ਤੋਂ ਦੇਖਣ ਵਿਚ ਚੰਗੀ ਲੰਬਾਈ (ਮੋਢੇ ਦੀ ਹੱਡੀ ਤੋਂ ਪੁੜੇ ਦੀ ਹੱਡੀ) ਨਜ਼ਰ ਆਏ।
2. ਮੋਢੇ ਤੋਂ ਕੁੱਲੇ ਤਕ ਰੀੜ ਦੀ ਹੱਡੀ ਮਜ਼ਬੂਤ, ਇਕਸਾਰ ਤੇ ਸਿੱਧੀ ਨਜ਼ਰ ਆਉਂਦੀ ਹੋਵੇ।
3. ਸਰੀਰ ਸਖਤ ਮਾਸਪੇਸ਼ੀਆਂ ਨਾਲ ਭਰਪੂਰ ਹੋਵੇ।
4. ਸੂਰ ਦੇ ਸਾਹਮਣੇ ਪਾਸੇ ਤੋ ਦੇਖਣ ਤੇ, ਸੂਰ ਦੇ ਮੋਢੇ, ਪਿੱਠ, ਕਮਰ ਅਤੇ ਪੁੱੜੇ ਪੂਰੇ ਅਤੇ ਚੰਗੇ ਵਿਕਸਿਤ ਹੋਣ।
5. ਪਿੱਠ ਦਰਮਿਆਨੀ ਜਿਹੀ ਗੋਲ ਨਜ਼ਰ ਆਵੇ।
6. ਅੱਗੇ ਤੋਂ ਪਿੱਛੇ ਤਕ ਦੇਖਣ ਵਿਚ ਸੂਰ ਦੀ ਚੌੜਾਈ ਬਰਾਬਰ ਪ੍ਰਤੀਤ ਹੋਵੇ।
7. ਗਰਦਨ ਮੋਢਿਆਂ ਨਾਲ ਚੰਗੀ ਤਰ੍ਹਾਂ ਜੁੜੀ ਹੋਵੇ।
8. ਪੂਛ ਕੁੰਡਲਦਾਰ ਅਤੇ ਪੂਰੀ ਤਰ੍ਹਾਂ ਵਿਕਸਿਤ ਹੋਵੇ।
9. ਮੂੰਹ ਅਤੇ ਜਬਾੜਾ ਚੰਗੀ ਤਰ੍ਹਾਂ ਤਰਾਸ਼ਿਆ ਹੋਇਆ ਹੋਵੇ।
10. ਛਾਤੀ ਚੋੜੀ ਅਤੇ ਪੂਰੀ ਤਰ੍ਹਾਂ ਵਿਕਸਿਤ ਹੋਵੇ
11. ਪ ਚੰਗਾ ਅਤੇ ਗੋਲਾਈ ਵਿਚ ਵਿਕਸਿਤ ਹੋਵੇ

12. ਅਗਲੀਆਂ ਲੱਤਾਂ ਛੋਟੀਆਂ, ਤਾਕਤਵਰ ਅਤੇ ਮਜਬੂਤ ਹੋਣ

**13.** ਪਿਛਲੀਆਂ ਲੱਤਾਂ ਛੋਟੇ ਤੋਂ ਦਰਮਿਆਨੇ ਅਕਾਰ ਦੀਆਂ ਹੋਣ। ਲੱਤਾਂ ਅਤੇ ਪੈਰ ਚੰਗੇ ਮਜ਼ਬੂਤ ਹੋਣੇ ਚਾਹੀਦੇ ਹਨ।

**14.** ਪੈਰਾਂ ਦੇ ਪੌਂਚੇ ਮਜ਼ਬੂਤ ਅਤੇ ਸਮਾਨ ਹੋਣੇ ਚਾਹੀਦੇ ਹਨ




ਚਿੱਤਰ ੧. ਨਰੋਈ ਜਵਾਨ ਸੂਰੀ

**Fig. I** - Sound Gilt




ਚਿੱਤਰ ੨. ਅਣਚਾਹੀ ਜਵਾਨ ਸੂਰੀ

**Fig. II** - Unsound Gilt

# ਸੂਰੀਆਂ ਦੀ ਛਾਂਟੀ ਕਰਨੀ

ਸੂਰ ਫਾਰਮ ਵਿਚੋਂ ਵਧੇਰੇ ਲਾਭ ਲੈਣ ਦਾ ਸੱਭ ਤੋਂ ਵਧੀਆ ਨੁਕਤਾ, ਸੂਰੀ ਤੋਂ ਵੱਡੇ ਅਤੇ ਰਿਸ਼ਟ ਪੁਸ਼ਟ ਸੂਏ ਲੈਣ ਤੇ ਨਿਰਭਰ ਕਰਦਾ ਹੈ ਇਕ ਸੂਰੀ ਦੇ ਰਖ ਰਖਾਵ ਤੇ ਆਉਣ ਵਾਲਾ ਖਰਚ ਬਹੁਤਾ ਨਹੀਂ ਬਦਲਦਾ ਅਤੇ ਨਾ ਹੀ ਇਹ ਸੂਰੀ ਦੇ ਇਕ ਸੂਏ ਵਿਚ ਕਿੰਨੇ ਬੱਚੇ ਪਾਲਦੀ ਹੈ ਤੇ ਨਿਰਭਰ ਕਰਦਾ ਹੈ ਇਸ ਲਈ ਉਹ ਸੂਰੀਆਂ ਜਿਹੜੀਆਂ ਸਾਲ ਵਿਚ ਔਸਤਨ ਦੋ ਤੋਂ ਘੱਟ ਸੂਏ ਦੇਣ ਅਤੇ ਹਰੇਕ ਸੂਏ ਵਿਚ ਘੱਟ ਬੱਚੇ ਪੈਦਾ ਕਰਨ ਅਤੇ ਘੱਟ ਬੱਚੇ ਪਾਲਣ ਵਾਲੀਆਂ ਸੂਰੀਆਂ, ਸੂਰ ਪਾਲਣ ਦੀ ਆਰਥਿਕਤਾ ਨੂੰ ਢਾਹ ਲਾਉਂਦੀਆਂ ਹਨ। ਇਸ ਲਈ ਇਨ੍ਹਾਂ ਸੂਰੀਆਂ ਨੂੰ ਨਸਲਕਸ਼ੀ ਵਾਲੇ ਇੱਜੜ ਤੋਂ ਕੱਢ ਦੇਣਾ ਚਾਹੀਦਾ ਹੈ।

1. ਜੇਕਰ ਸੂਰੀ ਨੂੰ ਕੋਈ ਛੂਤ ਦਾ ਰੋਗ ਹੋਵੇ।
2. ਲਗਾਤਾਰ ਘੱਟ ਬੱਚਿਆਂ ਨੂੰ ਦੁੱਧੋ ਛੁਡਾਉਣਾ। ਜਵਾਨ ਸੂਰੀਆਂ ਜਿਹੜੀਆਂ ਪਹਿਲੀ ਵਾਰੀ ਗੱਭਣ ਹੋਈਆਂ ਹੋਣ ਨੂੰ ਘੱਟੋ ਘੱਟ ਤਿੰਨ ਸੂਇਆਂ ਦਾ ਮੌਕਾ ਦੇਣਾ ਚਾਹੀਦਾ ਹੈ। ਜੇਕਰ ਫਿਰ ਵੀ ਉਹ ਘੱਟ ਬੱਚੇ ਪਾਲਣ ਤਾਂ ਉਨ੍ਹਾਂ ਨੂੰ ਨਸਲਕਸ਼ੀ ਲਈ ਨਹੀ ਰਖਣਾ ਚਾਹੀਦਾ।
3. ਜਿਸ ਦੇ ਪੈਰ ਅਤੇ ਲੱਤਾਂ ਠੀਕ ਨਾ ਹੋਣ
4. ਉਹ ਸੂਰੀ ਜਿਹੜੀ ਦੋ ਜਾਂ ਤਿੰਨ ਵਾਰੀ ਗੱਭਣ ਕਰਵਾਉਣ ਤੇ ਵੀ ਨਾ ਠਹਿਰੇ
5. ਉਹ ਸੂਰੀ ਜਿਸਦੇ ਬੱਚੇ ਮੀਟ ਗੁਣਵਤਾ ਦੇ ਮਿਆਰਾਂ ਤੇ ਪੂਰੇ ਨਾ ਉਤਰਨ
6. ਜੇਕਰ ਸੂਰੀ ਲੰਗੜੀ ਹੋਵੇ
7. ਵਧੇਰੇ ਉਮਰ ਦੀਆਂ ਸੂਰੀਆਂ ਨੂੰ ਜਵਾਨ ਸੂਰੀਆਂ ਨਾਲ ਬਦਲ ਦੇਣਾ ਚਾਹੀਦਾ ਹੈ। ਇਹ ਆਮ ਤੋਰ ਤੇ ੭-੮ ਸੂਏ ਤੋ ਬਾਅਦ ਕੀਤਾ ਜਾਂਦਾ ਹੈ।
8. ਆਮ ਤੋਰ ਤੇ ਸੂਰੀ ੪੦-੬੦ ਘੰਟੇ ਤਕ ਹੇਹੇ ਵਿਚ ਰਹਿੰਦੀ ਹੈ ਜੇਕਰ ਸੂਰੀ ਦਾ ਹੇਹੇ ਦਾ ਸਮਾਂ ੪੦ਘੰਟੇ ਤੋਂ ਘੱਟ ਹੋਵੇ ਜਾਂ ਫਿਰ ੬੦ ਘੰਟੇ ਤੋ ਵੱਧ ਸਮੇਂ ਲਈ ਹੇਹੇ ਵਿਚ ਰਹੇ ਤਾਂ ਅਜਿਹੀ ਸੂਰੀ ਨੂੰ ਛਾਂਟੀ ਕਰ ਦੇਣਾ ਚਾਹੀਦਾ ਹੈ।ਕਿਉਂਕਿ ਅਜਿਹੀਆਂ ਸੂਰੀਆਂ ਦਾ ਗਰਭ ਬਹੁਤ ਘੱਟ ਠਹਿਰਦਾ ਹੈ।

9. ਉਹ ਸੂਰੀ ਜਿਸਦੇ ਥਣਾਂ ਦੇ ਨਿਪਲ ਅੰਦਰ (Blind nipples) ਨੂੰ ਮੁੜੇ ਹੋਣ ਨੂੰ ਕੱਢ ਦੇਣਾ ਚਾਹੀਦਾ ਹੈ।

10. ਜੇਕਰ ਸੂਰੀਆਂ ਨੂੰ ਹਰਨੀਆਂ ਹੋਣ ਤਾਂ ਉਨ੍ਹਾਂ ਨੂੰ ਨਸਲਕਸ਼ੀ ਲਈ ਨਹੀ ਰਖਣਾ ਚਾਹੀਦਾ।

# ਵੰਸ਼ ਵਾਧਾ (Reproduction)

ਸਮੁੱਚੇ ਸਰੀਰ ਦੀ ਕਾਰਵਾਈ ਚਲਾਉਣ ਲਈ ਸਰੀਰ ਵਿਚ ਬਹੁਤ ਸਾਰੀਆਂ ਜੀਵਨ ਪ੍ਰਣਾਲੀਆਂ ਕੰਮ ਕਰਦੀਆਂ ਹਨ। ਇਹ ਸਾਰੀਆਂ ਪ੍ਰਣਾਲੀਆਂ ਇੱਕਲੀਆਂ ਵੀ ਅਤੇ ਇੱਕ ਦੂਸਰੇ ਨਾਲ ਰੱਲ ਮਿਲ ਕੇ ਵੀ ਕੰਮ ਕਰਦੀਆਂ ਹਨ। ਕੁਦਰਤ ਨੇ ਹਰੇਕ ਜੀਵ ਨੂੰ ਆਪਣੀ ਜਾਤੀ / ਸ਼੍ਰੇਣੀ ਨੂੰ ਕਾਇਮ ਰੱਖਣ ਲਈ ਪੁਨਰ ਉਤਪਾਦੀ ਭਾਵ ਵੰਸ਼ ਵਾਧਾ (reproductive system) ਪ੍ਰਣਾਲੀ ਤੋਂਹਫੇ ਵਜੋਂ ਪਰਦਾਨ ਕੀਤੀ ਹੈ। ਸਾਰੇ ਜੀਵਾਂ ਵਿਚ ਵੰਸ਼ ਵਾਧਾ ਇਕ ਸਮਾਨ ਨਹੀਂ ਹੁੰਦਾ । ਇਹ ਦੋ ਪ੍ਰਕਾਰ ਦਾ ਹੁੰਦਾ ਹੈ

1. **ਅਲੈਂਗਿਕ** (Asexual)
2. **ਲੈਂਗਿਕ** (Sexual Reproduction)

ਸਾਰੇ ਰੀੜਧਾਰੀ ਪਸ਼ੂਆਂ ਅਤੇ ਪੰਛੀਆਂ ਵਿਚ ਲੈਂਗਿਕ (Sexual Reproduction) ਪੁਨਰ ਉਤਪਾਦ ਹੀ ਹੁੰਦਾ ਹੈ। ਲੈਂਗਿਕ ਪੁਨਰ ਉਤਪਾਦ ਦੋ ਵੱਖਰੇ ਵੱਖਰੇ ਲਿੰਗਾਂ (Sex) ਭਾਵ ਨਰ ਤੇ ਮਾਦਾ ਦੇ ਮਿਲਾਪ ਦੁਆਰਾ ਹੁੰਦਾ ਹੈ। ਨਰ ਅਤੇ ਮਾਦਾ ਦੋਹਾਂ ਦੇ ਜਨਣ ਅੰਗ ਆਪਸ ਵਿਚ ਇਕ ਸਮਾਨ ਨਹੀ ਹੁੰਦੇ ਸਗੋਂ ਇਹ ਵੱਖੁ ਵੱਖਰੇ ਹੁੰਦੇ ਹਨ। ਪਸ਼ੂਆਂ ਦੀ ਇਕ ਜਾਤੀ ਦੇ ਜਨਣ ਅੰਗ ਦੂਜੀ ਜਾਤੀ ਦੇ ਜਨਣ ਅੰਗਾਂ ਤੋਂ ਭਿੰਨ ਹੁੰਦੇ ਹਨ।

ਵੰਸ਼ ਵਾਧਾ ਉਹ ਕੁਦਰਤੀ ਅਮਲ ਹੈ ਜਿਸ ਰਾਹੀਂ ਮਾਦਾ ਜਨਣ ਅੰਗਾਂ ਰਾਹੀ ਅੰਡੇ (Ova) ਪੈਦਾ ਹੁੰਦੇ ਹਨ ਅਤੇ ਨਰ ਜਨਣ ਅੰਗਾਂ ਵਿਚ ਮਣੀ (Sperm) ਪੈਦਾ ਹੁੰਦੇ ਹਨ ਇਨ੍ਹਾਂ ਦੋਹਾਂ ਦੇ ਸੁਮੇਲ ਨਾਲ ਇੱਕ ਨਵਾਂ ਜੀਵ ਹੋਂਦ ਵਿਚ ਆਉਂਦਾ ਹੈ ਇਸ ਜੀਵ ਵਿਚ ਮਾਂ ਅਤੇ ਪਿਓ ਦੋਹਾਂ ਦੇ ਅੱਧੇ ਅੱਧੇ ਵੰਸ਼ਕੀ ਗੁਣ ਹੁੰਦੇ ਹਨ। ਸੂਰੀ ਦੇ ਅੰਡੇ ਅਤੇ ਨਰ ਦੀ ਮਣੀ ਦਾ ਮੇਲ ਸੂਰੀ ਦੇ ਸਰੀਰ ਵਿਚਲੇ ਜਨਣ ਅੰਗਾਂ ਵਿਚ ਹੁੰਦਾ ਹੈ ਅਤੇ ਬੱਚਿਆਂ ਦਾ ਜਨਮ ਤੱਕ ਵਿਕਾਸ ਉਥੇ ਹੀ ਹੁੰਦਾ ਹੈ।

ਸੂਰਾਂ ਤੋ ਘੱਟ ਸਮੇਂ ਵਿਚ ਵੱਧ ਬੱਚੇ ਲੈ ਕੇ ਵਧੇਰੇ ਮੁਨਾਫਾ ਪ੍ਰਾਪਤ ਕਰਨ ਲਈ ਸਾਨੂੰ ਸੂਰ ਅਤੇ ਸੂਰੀ ਦੋਹਾਂ ਦੇ ਜਨਣ ਅੰਗਾਂ ਅਤੇ ਜਨਣ ਪ੍ਰਣਾਲੀ ਸੰਬੰਧੀ ਗਿਆਨ ਹੋਣਾ ਬਹੁਤ ਜਰੂਰੀ ਹੈ।

**ਸਾਨ੍ਹ ਸੂਰ ਦੇ ਜਣਨ ਅੰਗ**

ਨਰ ਸੂਰ ਪੂਰੀ ਤਰ੍ਹਾਂ 9 ਤੋਂ 10 ਮਹੀਨੇ ਦੀ ਉਮਰ ਤੇ ਜਵਾਨ ਹੁੰਦਾ ਹੈ ਅਤੇ ਪੂਰਨ ਤੌਰ ਤੇ ਜਵਾਨ ਸੂਰ ਇਕ ਵਾਰੀ ਵਿਚ 250 ਤੋਂ 500 ਮਿਲੀ ਲਿਟਰ ਬੀਰਜ (Semen) ਦਿੰਦਾ ਹੈ ਅਤੇ ਜਿਸ ਵਿਚ ਸ਼ੁਕਰਾਣੂਆਂ (Sperms) ਦੀ ਗਿਣਤੀ 50000-60000 / ਮਿਲੀ ਲਿਟਰ ਹੁੰਦੀ ਹੈ।

ਸਾਨ੍ਹ ਸੂਰ ਦੀ ਜਣਨ ਪ੍ਰਣਾਲੀ ਛੋਟੇ ਛੋਟੇ ਅੰਗਾਂ (ਚਿਤਰ 1) ਜਿਨ੍ਹਾਂ ਦਾ ਨਾਮ ਪਤਾਲੂ, ਵਾਸ ਡੈਫਰਨ, ਸੈਮੀਨਲ ਵੈਸੀਕਲ, ਪ੍ਰਾਸਟ੍ਰੇਟ, ਗੰਥੀਆਂ, ਕਾਪਰਸ ਗ੍ਰੰਥੀਆਂ, ਮੂਤਰ ਮਾਰਗ ਅਤੇ ਲਿੰਗ (Penis) ਦਾ ਸਮੂਹ ਹੈ

**ਪਤਾਲੂ (Testicles):** ਨਰ ਸੂਰ ਦੇ ਜਨਣ ਅੰਗਾਂ ਵਿੱਚੋਂ ਪਤਾਲੂ (Testes) ਪ੍ਰਮੁੱਖ ਅੰਗ ਹਨ। ਇਹ ਗਿਣਤੀ ਵਿਚ ਦੋ ਹੁੰਦੇ ਹਨ ਅਤੇ ਸਰੀਰ ਦੇ ਬਾਹਰਲੇ ਪਾਸੇ ਪਿਛਲੀਆਂ ਲਤਾਂ ਦੇ ਉਪਰ ਅਤੇ ਪੂਛ ਦੇ ਥੱਲੇ ਮਾਸ ਪੇਸ਼ੀਆਂ ਦੀ ਬਣੀ ਹੋਈ ਇਕ ਪੋਟਲੀ ਵਿਚ ਹੁੰਦੇ ਹਨ ਇਸਨੂੰ ਪਤਾਲੂ ਪੋਟਲੀ ਕਹਿੰਦੇ ਹਨ। ਪਤਾਲੂਆਂ ਵਿਚ ਹੀ ਨਰ ਰਸ  ਟੈਸਟੋਸਟੀਰੋਨ (Testosterone) ਵੀ ਬਣਦਾ ਹੈ ਇਸਦੇ ਪ੍ਰਭਾਵ ਨਾਲ ਨਰ ਸੂਰਾਂ ਵਿਚ ਲਿੰਗੀ ਵਿਹਾਰ ਉਤਪੰਨ ਹੁੰਦਾ ਹੈ ਅਤੇ ਦੂਸਰੇ ਜਨਣ ਅੰਗ ਵੀ ਪ੍ਰਫੁਲਿਤ ਹੁੰਦੇ ਹਨ।

ਪਤਾਲੂਆਂ ਵਿਚ ਹਜ਼ਾਰਾਂ ਹੀ ਕੁੰਡਲਦਾਰ ਨਾਲੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਸ਼ੁਕਰਾਣੂ ਜਣਕ ਗ੍ਰੰਥੀਆਂ (Seminiferons tubules) ਕਹਿੰਦੇ ਹਨ। ਇਨ੍ਹਾਂ ਵਿਚ ਨਰ ਸ਼ੁਕਰਾਣੂ (Sperms) ਲਗਾਤਾਰ  ਬਣਦੇ ਰਹਿੰਦੇ ਹਨ। ਇਹ ਸ਼ੁਕਰਾਣੂ (Sperm) ਪਤਾਲੂ (Tesicles) ਦੇ ਪਾਸੇ ਕੁੰਡਲਦਾਰ ਨਾਲੀ ਐਪੀਡਿਡੀਮਸ (Epididymis) ਵਿਚੋਂ ਹੁੰਦੇ ਹੋਏ ਸ਼ੂਕਰਾਣੂ ਵਾਹਿਨੀ (vas defers) ਰਾਹੀਂ ਮੂਤਰ ਨਾਲੀਆਂ ਵਿਚ ਆਉਂਦੇ ਹਨ। ਜਿਥੇ ਇਹ ਸ਼ੁਕਰਾਣੂੰ ਗਦੂਦਾਂ ਸੈਮੀਨਲਵੈਸੀਕਲ ਅਤੇ ਕਾਪਰਸ ਗ੍ਰੰਥੀਆਂ ਦੇ ਰਸ ਨਾਲ ਮਿਲਦੇ ਹਨ ਇਸ ਸਾਰੇ ਇੱਕਠੇ ਹੋਏ ਰਸ ਨੂੰ ਬੀਰਜ (Semen) ਕਹਿੰਦੇ ਹਨ। ਇਹ ਲਿੰਗ ਉਤੇਜਨਾ ਨਾਲ ਬਾਹਰ ਆਉਂਦਾ ਹੈ।







**ਸੂਰੀ ਦੇ ਜਨਣ ਅੰਗ**

ਅੰਡ ਕੋਸ਼, ਅੰਡ ਨਾਲੀ, ਬੱਚੇਦਾਨੀ, ਸਰਵਿਕਸ, ਯੋਨੀ ਜਾਂ ਭਗ ਬਾਹਰੀ ਜਨਣ ਇੰਦਰੀ ਅੰਗ ਸੂਰੀ ਦੀ ਜਣਨ ਪ੍ਰਣਾਲੀ ਬਣਾਉਂਦੇ ਹਨ।

**ਅੰਡ ਕੋਸ਼ (Ovaries)**

ਵੰਸ਼ ਵਾਧੇ ਦੇ ਅਮਲ ਵਿਚ ਅੰਡ ਕੋਸ਼ ਮੁੱਖ ਭੂਮਿਕਾ ਨਿਭਾਉਂਦੇ ਹਨ ਇਹ ਗਿਣਤੀ ਵਿਚ ਦੋ ਹੁੰਦੇ ਹਨ। ਵੰਸ਼ ਵਾਧੇ ਦੀ ਕ੍ਰਿਆ ਵਿਚ ਇਸ ਦੇ ਤਿੰਨ ਕੰਮ ਹਨ। ਅੰਡੇ ਪੈਦਾ ਕਰਨਾ, ਈਸਟਰੋਜਨ ਪੈਦਾ ਕਰਨਾ ਅਤੇ ਪ੍ਰੋਜੈਸਟਰੋਨ ਪੈਦਾ ਕਰਨਾ।

ਈਸਟਰੋਜਨ ਦੇ ਪ੍ਰਭਾਵ ਨਾਲ ਜਵਾਨ ਸੂਰੀ ਵਿਚ ਜਨਣ ਅੰਗ ਪ੍ਰਫੁਲਿੱਤ ਹੁੰਦੇ ਹਨ। ਸੂਰੀ ਹੇਹੇ ਵਿਚ ਆਉਂਦੀ ਹੈ ਹਰੇਕ ਹੇਹੇ ਦੌਰਾਨ ਅੰਡਕੋਸ਼ਾਂ ਵਿਚ ੧੬/੨੦ ਅੰਡੇ ਇਕ ਸਮੇਂ ਤੇ ਪੱਕਦੇ ਅਤੇ ਝੜਦੇ ਹਨ। ਜਿਥੇ ਇਕ ਖੂਨ ਦਾ ਧੱਬਾ ਬਣ ਜਾਂਦਾ ਹੈ। ਇਸ ਨੂੰ ਕਾਰਪਸ ਲਿਊਟੀਅਮ (Corpus leutium) ਕਹਿੰਦੇ ਹਨ। ਗਰਭ ਸਥਾਪਤ ਹੋਣ ਉਪਰੰਤ ਕਾਰਪਸ ਲਿਉਟੀਅਮ ਵਿੱਚੋਂ ਪ੍ਰੋਜੈਸਟਰੋਨ ਨਿਕਲਦਾ ਹੈ। ਜੋ ਕਿ ਗਰਭ ਬਣਾਈ ਰੱਖਣ ਵਿਚ ਸਹਾਇਤਾ ਕਰਦਾ ਹੈ।

**ਅੰਡ ਨਾਲੀ (Oviduct)**

ਹਰੇਕ ਅੰਡ ਕੋਸ਼ ਤੋਂ ਪੱਕੇ ਹੋਏ ਅੰਡੇ ਪ੍ਰਾਪਤ ਕਰਨ ਲਈ ਇਕ ਨਾਲੀ ਹੁੰਦੀ ਹੈ ਜਿਸਦਾ ਮੂੰਹ ਕੁਪੀ ਵਰਗਾ ਹੁੰਦਾ ਹੈ ਇਸਨੂੰ ਇਨਫੰਡੀਬਲਮ (Infundibulum) ਕਹਿੰਦੇ ਹਨ। ਅੰਡ ਨਾਲੀ ਦਾ ਦੂਸਰਾ ਸਿਰਾ ਬੱਚੇ ਦਾਨੀ ਨੂੰ ਜਾ ਮਿਲਦਾ ਹੈ। ਇਨ੍ਹਾਂ ਦੀ ਗਿਣਤੀ ਵੀ ਦੋ ਹੁੰਦੀ ਹੈ ਅੰਡ ਕੋਸ਼ ਤੋਂ ਅੰਡਾ ਝੜਕੇ ਅੰਡ ਨਾਲੀ ਵਿਚ ਪਹੁੰਚਦਾ ਹੈ ਅਤੇ ਇਥੇ ਹੀ ਸੂਰੀ ਦੇ ਅੰਡਿਆਂ ਦਾ ਅਤੇ ਸੂਰ ਦੇ ਸ਼ੁਕਰਾਣੂਆਂ ਦਾ ਸੁਮੇਲ ਹੁੰਦਾ ਹੈ। ਅੰਡੇ ਤੇ ਸ਼ੁਕਰਾਣੂ ਦੇ ਸੁਮੇਲ ਨੂੰ ਜਾਈਗੋਟ (Zygote) ਕਹਿੰਦੇ ਹਨ।

**ਬੱਚੇਦਾਨੀ (Uterus)**

ਬੱਚੇਦਾਨੀ ਦੋ ਭਾਗਾਂ ਵਿਚ ਵੰਡੀ ਹੋਈ ਹੁੰਦੀ ਹੈ। ਬੱਚੇਦਾਨੀ ਦਾ ਸਰੀਰ ਅਤੇ ਅੰਡਨਾਲੀਆਂ। ਅੰਡਨਾਲੀਆਂ ਗਿਣਤੀ ਵਿਚ ਦੋ ਅਤੇ ਪਰਫੁਲਿੱਤ ਵੀ ਹੁੰਦੀਆਂ ਹਨ। ਅੰਡਨਾਲੀ ਵਿਚੋਂ ਆਏ ਜਾਈਗੋਟ (Zygote) ਯੁਟਰਾਈਨ ਹਾਰਨ (Uterine Horn) ਵਿਚ ਜੇਰ (Placenta) ਦੇ ਜਰੀਏ ਲੱਗ ਜਾਂਦੇ ਹਨ। ਇਨ੍ਹਾਂ ਦੋਹਾਂ ਨਾਲੀਆਂ ਵਿਚ ਬੱਚੇ ਤਕਰੀਬਨ ਬਰਾਬਰ ਵਿਕਸਿਤ ਹੁੰਦੇ ਹਨ।

**ਬੱਚੇਦਾਨੀ ਦਾ ਮੂੰਹ (Cervix)**

ਬੱਚੇਦਾਨੀ ਅਤੇ ਯੋਨੀ ਦੇ ਵਿਚਲੇ ਭਾਗ ਨੂੰ ਬੱਚੇਦਾਨੀ ਦਾ ਮੂੰਹ ਕਹਿੰਦੇ ਹਨ। ਇਹ ਮਾਸ ਪੇਸ਼ੀਆਂ ਨਾਲ ਭਰਪੂਰ ਹੁੰਦੀ ਹੈ। ਇਸਦਾ ਆਕਾਰ ਗਰਭ ਦੇ ਸਮੇਂ ਮੁਤਾਬਿਕ ਵੱਧਦਾ ਘੱਟਦਾ ਰਹਿੰਦਾ ਹੈ। ਸੂਰੀ ਨੂੰ ਸਾਨ੍ਹ ਸੂਰ ਨਾਲ ਮਿਲਾਉਣ ਵੇਲੇ ਸਾਨ੍ਹ ਸੂਰ ਦਾ ਲਿੰਗ (Penis) ਬੱਚੇ ਦਾਨੀ ਦੇ ਮੂੰਹ ਤੱਕ ਪਹੁੰਚਦਾ ਹੈ ਅਤੇ ਮਣੀ ਦੇ ਅੰਡ ਨਾਲੀ ਤੱਕ ਪਹੁੰਚਣ ਦਾ ਰਾਹ ਹੈ। ਗਰਭ ਸਮੇਂ ਇਹ ਪ੍ਰੋਜੈਸਟਰੋਨ, ਜੋ ਕਿ ਅੰਡ ਕੋਸ਼ (Ovary) ਤੋਂ ਪੈਦਾ ਹੁੰਦਾ ਹੈ, ਦੇ ਪ੍ਰਭਾਵ ਨਾਲ ਪੂਰੀ ਤਰ੍ਹਾਂ ਬੰਦ ਹੋ ਜਾਂਦਾ ਹੈ। ਬੱਚੇਦਾਨੀ ਦਾ ਮੂੰਹ ਸੂਣ ਸਮੇਂ ਅਤੇ ਸੂਰੀ ਦੇ ਹੇਹੇ ਵਿਚ ਆਉਣ ਸਮੇਂ ਖੁੱਲ ਜਾਂਦਾ ਹੈ

**ਯੋਨੀ (Vagina)**

ਸਾਨ੍ਹ ਸੂਰ ਦੇ ਬੀਰਜ (Semen) ਦੀ ਮਾਤਰਾ ਦੂਜੇ ਪਸ਼ੂਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੁੰਦੀ ਹੈ। ਅਤੇ ਸੂਰੀ ਨਾਲ ਮਿਲਾਉਣ ਸਮੇਂ ਬੀਰਜ ਯੋਨੀ ਅਤੇ ਸਰਵਿਕਸ ਦੋਹਾਂ ਸਥਾਨਾਂ ਤੇ ਪੈਂਦਾ ਹੈ।

**ਬਾਹਰੀ ਜਨਣ ਅੰਗ (Vulva)**

ਸੂਰੀ ਦੇ ਬਾਹਰੋਂ ਦਿਸਣ ਵਾਲੀ ਜਨਣ ਇੰਦਰੀ ਨੂੰ ਵਲਵਾ (Vulva) ਕਹਿੰਦੇ ਹਨ।ਇਸ ਰਾਹੀਂ ਹੀ ਸਾਨ੍ਹ ਸੂਰ ਦਾ ਲਿੰਗ ਸੂਰੀ ਦੀ ਬੱਚੇ ਦਾਨੀ ਦੇ ਮੂੰਹ ਤੱਕ ਪਹੁੰਚਦਾ ਹੈ।

## ਸੂਰਾਂ ਦਾ ਜਵਾਨ ਹੋਣਾ (Puberty in pigs)

ਆਮ ਤੌਰ ਤੇ ਸੂਰ ਅਤੇ ਸੂਰੀਆਂ 4-9 ਮਹੀਨੇ ਦੀ ਉਮਰ ਤੇ ਜਵਾਨ ਹੋ ਜਾਂਦੀਆਂ ਹਨ। ਨਰ ਸੂਰਾਂ ਵਿਚ 8 ਮਹੀਨੇ ਦੀ ਉਮਰ ਤੇ ਜਵਾਨੀ (Puberty) ਆਉਂਦੀ ਹੈ ਪਰੰਤੂ ਦੇਖਣ ਵਿਚ ਆਇਆ ਹੈ ਕਿ ਨਰ ਸੂਰਾਂ ਵਿਚ 4-5 ਮਹੀਨੇ ਦੀ ਉਮਰ ਤੇ ਸ਼ੁਕਰਾਣੂੰ (Sperm) ਬਣਨੇ ਅਰੰਭ ਹੋ ਜਾਂਦੇ ਹਨ। ਨਰ ਸੂਰ ਵਿਚ ਭਾਵੇਂ ਸ਼ੁਕਰਾਣੂ ਜਲਦੀ ਬਣਨੇ ਸ਼ੁਰੂ ਹੁੰਦੇ ਹਨ ਪਰ ਫਿਰ ਵੀ ੮ ਮਹੀਨੇ ਦੀ ਉਮਰ ਤੋਂ ਪਹਿਲਾਂ ਇਨ੍ਹਾਂ ਨੂੰ ਸੂਰੀ ਨਾਲ ਨਹੀਂ ਮਿਲਾਉਣਾ ਚਾਹੀਦਾ। ਕਿਉਂਕਿ ਸੂਰਾਂ ਵਿਚ ਪੂਰੀ ਤਰ੍ਹਾਂ ਲੈਂਗਿਕ ਪਰਪੱਕਤਾ (Sexual Maturity) ਨਹੀਂ ਆਈ ਹੁੰਦੀ। ਸੂਰਾਂ ਦੀ ਲੈਂਗਿਕ ਪਰਪੱਕਤਾ ਉਨ੍ਹਾਂ ਦੀ ਖੁਰਾਕ, ਆਕਾਰ, ਨਸਲ ਅਤੇ ਵਾਤਾਵਰਣ ਤੇ ਕਾਫੀ ਨਿਰਭਰ ਕਰਦੀ ਹੈ।

**ਸੂਰੀ ਦਾ ਵੇਗ ਵਿਚ ਆਉਣਾ**

ਸੂਰੀ ਵਿਚ ਆਮ ਤੌਰ ਤੇ 4-9 ਮਹੀਨੇ ਦੀ ਉਮਰ ਤੇ ਜਣਨ ਯੋਗਤਾ ਆ ਜਾਂਦੀ ਹੈ। ਇੰਨੇ ਲੰਬੇ ਸਮੇਂ ਦੀ ਵਿਥ ਦਾ ਕਾਰਨ ਉਨ੍ਹਾਂ ਦੀ ਨਸਲ, ਖੁਰਾਕ, ਪ੍ਰਬੰਧ ਆਦਿ ਤੇ ਮੁਨੱਸਰ ਕਰਦਾ ਹੈ ਸੂਰੀਆਂ ਆਮ ਤੌਰ ਤੇ ਪਹਿਲੀ ਵਾਰੀ 6 ਤੋਂ 7 ਮਹੀਨੇ ਦੀ ਉਮਰ ਵਿਚ ਵੇਗ / ਹੇਹੇ (Heat) ਵਿਚ ਆ ਜਾਂਦੀਆਂ ਹਨ ਪਰ ਸੂਰੀਆਂ ਨੂੰ ਇਸ ਸਮੇਂ ਸਾਨ੍ਹ ਸੂਰ ਨਾਲ ਨਹੀਂ ਮਿਲਾਉਣਾ ਚਾਹੀਦਾ। ਜਿਆਦਾ ਅਤੇ ਤੰਦਰੁਸਤ ਬੱਚੇ ਲੈਣ ਲਈ ਸੂਰੀ ਨੂੰ 9 ਤੋਂ 10 ਮਹੀਨੇ ਦੀ ਉਮਰ ਤੇ ਹੀ ਪਹਿਲੀ ਵਾਰੀ ਮਿਲਾਉਣਾ ਚਾਹੀਦਾ ਹੈ ਤਾਂ ਜੋ ਸੂਰੀ ਦੇ ਜਣਨ ਅੰਗ ਚੰਗੀ ਤਰ੍ਹਾਂ ਵੱਧ ਫੁੱਲ ਸੱਕਣ ਅਤੇ ਸੂਰੀ ਸਰੀਰ ਵਿਚ

ਜ਼ਰੂਰੀ ਤੱਤ ਵੀ ਜਮਾਂ ਕਰ ਲਵੇ। ਇਸ ਤਰ੍ਹਾਂ ਸੂਰੀ ਤੋਂ ਪਹਿਲੀ ਵਾਰੀ ਇਕ ਸਾਲ ਦੀ ਉਮਰ ਤੇ ਬੱਚੇ ਲਏ ਜਾ ਸਕਦੇ ਹਨ

1. **ਸੂਰੀ ਦੇ ਵੇਗ (Heat) ਵਿਚ ਆਉਣ ਦੀਆਂ ਨਿਸ਼ਾਨੀਆਂ**
2. ਸੂਰੀ ਸਾਨ੍ਹ ਸੂਰ ਦੇ ਨੇੜੇ ਜਾਂਦੀ ਹੈ
3. ਘੜੀ ਮੁੜੀ ਥੋੜਾ ਥੋੜਾ ਪਿਸ਼ਾਬ ਕਰਦੀ ਹੈ
4. ਸੂਰੀ ਖਾਸ ਕਰਕੇ ਜਵਾਨ ਸੂਰੀ (Gilt) ਦੀ ਜਨਣ ਇੰਦਰੀ ਥੋੜੀ ਜਿਹੀ ਸੁਜ ਕੇ ਲਾਲ ਹੋ ਜਾਂਦੀ ਹੈ



5. ਸੂਰੀ ਦੂਸਰੀਆਂ ਸੂਰੀਆਂ ਤੇ ਚੜਦੀ ਹੈ ਪਰੰਤੂ ਜਵਾਨ ਸੂਰੀਆਂ (Gilts)ਇਕ ਦੂਜੇ ਤੇ ਕਦੀ ਨਹੀਂ ਚੜਦੀਆਂ। ਸੂਰੀ ਆਪਣੀ ਪਿੱਠ ਤੇ ਭਾਰ ਪੈਣ ਤੇ ਟਿੱਕ ਕੇ ਖਲੋ ਜਾਂਦੀ ਹੈ ਅਤੇ ਦੂਸਰੀਆਂ ਸੂਰੀਆਂ ਨੂੰ ਆਪਣੇ ਤੇ ਚੜਨ ਦਿੰਦੀ ਹੈ।
6. ਖੁਰਾਕ ਖਾਣੀ ਵੀ ਛੱਡ ਜਾਂਦੀ ਹੈ
7. ਸੂਰੀ ਦੀ ਯੋਨੀ ਚੋਂ ਥੋੜਾ ਥੋੜਾ ਲੇਸਦਾਰ ਪਾਣੀ ਆਉਂਦਾ ਹੈ
8. ਸੂਰੀ ਦੂਸਰੀਆ ਸੂਰੀਆਂ ਦੀ ਯੋਨੀ ਨੂੰ ਸੁੰਘਦੀ ਹੈ

**ਸਾਨ੍ਹ ਸੂਰ ਨਾਲ ਮਿਲਾਉਣਾ**

ਸੂਰੀਆਂ ਵਿਚ ਹੇਹੇ ਦਾ ਚੱਕਰ (Estrous Cycle) 21 ਦਿਨ ਦਾ ਹੁੰਦਾ ਹੈ। ਸੂਰੀ ਆਮ ਤੌਰ ਤੇ 2-3 ਦਿਨ ਹੇਹੇ ਵਿਚ ਰਹਿੰਦੀ ਹੈ। ਹੇਹੇ ਦੇ ਸ਼ੁਰੂ ਹੋਣ ਤੋਂ 30 ਤੋਂ 40 ਘੰਟੇ ਬਾਅਦ ਸੂਰੀ ਦੇ ਅੰਡ ਕੋਸ਼ਾਂ ਤੋਂ ਅੰਡੇ ਝੜਦੇ ਹਨ। ਇਸ ਲਈ ਵਧੇਰੇ ਬੱਚੇ ਲੈਣ ਲਈ ਸੂਰੀ ਨੂੰ ਦੂਸਰੇ ਦਿਨ ਸਾਨ੍ਹ ਸੂਰ ਨਾਲ ਮਿਲਾਓ ਜਾਂ ਉਸ ਸਮੇਂ ਗੱਭਣ ਕਰਵਾਓ ਜਿਸ ਸਮੇਂ ਉਪਰ ਦਿੱਤੇ ਚਿੰਨ ਬੜੇ ਸਾਫ ਦਿਖਾਈ ਦੇਣ। ਜ਼ਿਆਦਾ ਬੱਚੇ ਲੈਣ ਲਈ ਸੂਰੀ ਦੀ ਮਿਲਾਈ ਦੋ ਵਾਰ (ਇਕ ਵਾਰ ਸਵੇਰ ਵੇਲੇ ਤੇ ਦੂਜੀ ਵਾਰ ਸ਼ਾਮ ਨੂੰ) ਕਰਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਤਾਂ ਜੋ ਅੰਡੇ (ova) ਸ਼ੁਕਰਾਣੂਆਂ sperm ਨਾਲ ਮਿਲਾਪ ਕਰਕੇ (Fertilization) ਵੱਧ ਭਰੂਨ ਤਿਆਰ ਕਰ ਸਕਣ।




ਸਾਨ੍ਹ ਸੂਰ ਗਭਣ ਕਰਨ ਲਈ 5 ਤੋਂ 20 ਮਿੰਟ ਦਾ ਸਮਾਂ ਲੈਂਦਾ ਹੈ। ਗੱਭਣ ਕਰਨ ਦੀ ਮਿਤੀ ਦਾ ਰਿਕਾਰਡ ਰੱਖ ਲੈਣਾ ਚਾਹੀਦਾ ਹੈ ਜੇਕਰ ਸੂਰੀ 21 ਦਿਨਾਂ ਬਾਅਦ ਦੁਬਾਰਾ ਵੇਗ ਵਿਚ ਨਾ ਆਵੇ ਤਾਂ ਉਸ ਨੂੰ ਗੱਭਣ ਸਮਝਿਆ ਜਾਵੇ। ਸੂਰੀ ਦੇ ਗਰਭ ਦਾ ਸਮਾਂ 112 ਤੋਂ 116 ਦਿਨ ਤੱਕ ਹੁੰਦਾ ਹੈ। ਹੇਠਾਂ ਦਿੱਤੀ ਸਾਰਣੀ ਤੋਂ ਅਸੀਂ ਸੂਰੀ ਦੇ ਗੱਭਣ ਕਰਨ ਦੀ ਮਿਤੀ ਤੋਂ (੧੧੪ ਦਿਨ ਗਰਭ ਸਮੇਂ ਦੇ ਹਿਸਾਬ ਨਾਲ) ਸੂਰੀ ਸੇ ਸੂਣ ਦੀ ਮਿਤੀ ਦਾ ਪਤਾ ਲਗਾ ਸਕਦੇ ਹਾਂ।

**ਸੂਰੀ ਦਾ ਹੇਹੇ ਵਿਚ ਨਾ ਆਉਣਾ**

ਸੂਰੀ ਦਾ ਹੇਹੇ ਵਿਚ ਨਾ ਆਉਣ ਦੇ ਕਈ ਕਾਰਨ ਹੋ ਸਕਦੇ ਹਨ।

1. ਜੱਦੀ ਗੁਣਾਂ (Genetic factors) ਕਾਰਨ ਦੇਰ ਨਾਲ (ਵੱਡੀ ਉਮਰ ਤੇ) ਹੇਹੇ (Heat) ਵਿਚ ਆਉਣਾ। ਇਸ ਲਈ ਸੂਰੀ ਦੀ ਚੋਣ ਵੇਲੇ ਉਸਦੀ ਜੱਦ ਦਾ ਧਿਆਨ ਰੱਖਣਾ ਚਾਹੀਦਾ ਹੈ।
2. ਵਾਤਾਵਰਣ ਦਾ ਜ਼ਿਆਦਾ ਤਾਪਮਾਨ ਹੋਣਾ ਇਸ ਲਈ ਨਸਲਕਸ਼ੀ ਵਾਲੇ ਹਿੱਸੇ ਵਿਚ ਸੂਰ ਘਰ ਦਾ ਤਾਪਮਾਨ ਖਾਸ ਕਰਕੇ ਗਰਮੀਆਂ ਵਿਚ ਘਟਾਇਆ ਜਾਏ।
3. ਇਕੋ ਖਾਨੇ ਵਿਚ ਜ਼ਿਆਦਾ ਸੂਰੀਆਂ ਰੱਖਣਾ। ਇਸ ਲਈ ਵਾਤਾਵਰਣ ਅਨੁਸਾਰ ਸੂਰੀਆਂ ਦੀ ਗਿਣਤੀ ਘਟਾ ਵਧਾ ਦੇਣੀ ਚਾਹੀਦੀ ਹੈ।
4. ਸੂਰੀ ਦੀ ਖੁਰਾਕ ਵਿਚ ਅਫਲਾਟੋਕਸਿਨ ਦਾ ਜਾਂ ਫਿਰ ਕਿਸੇ ਜ਼ਹਿਰ ਦਾ ਮੌਜੂਦ ਹੋਣਾ।
5. ਸੂਰੀ ਨੂੰ ਘੱਟ ਖੁਰਾਕ ਮਿਲਣਾ ਇਸ ਲਈ ਸੂਰੀ ਨੂੰ ਪੂਰੀ ਅਤੇ ਸੰਤੁਲਿਤ ਖੁਰਾਕ ਦੇਣੀ ਚਾਹੀਦੀ ਹੈ।
6. ਬੱਚੇਦਾਨੀ ਵਿਚ ਰੋਗਾਣੂੰਆ ਦਾ ਫੈਲਾਅ ਹੋਣਾ।

**ਸੂਰੀ ਦਾ ਗਰਭ ਨਾ ਠਹਿਰਨਾ**

ਜੇਕਰ ਸੂਰੀ ਗੱਭਣ ਕਰਵਾਉਣ ਉਪਰੰਤ 21 ਦਿਨ ਬਾਅਦ ਦੁਬਾਰਾ ਹੇਹੇ ਵਿਚ ਆ ਜਾਏ ਤਾਂ ਸਾਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਦੇਣਾ ਚਾਹੀਦਾ ਹੈ।

1. ਸਾਨ੍ਹ ਸੂਰ ਦੀ ਜਣਨ ਸ਼ਕਤੀ (Fertility) ਅਤੇ ਉਸਦਾ ਨਸਲਕਸ਼ੀ ਸੰਬੰਧੀ ਸੁਭਾਅ ਦੇਖਣਾ ਚਾਹੀਦਾ ਹੈ। ਲੋੜ ਪਵੇ ਤਾਂ ਸਾਨ੍ਹ ਸੂਰ ਨੂੰ ਬਦਲ ਦੇਣਾ ਚਾਹੀਦਾ ਹੈ।
2. ਜੇਕਰ ਸਾਨ੍ਹ ਸੂਰ ਪਹਿਲਾਂ ਜਣਨ ਪ੍ਰਕਿਰਿਆਵਾਂ ਵਿਚ ਸਫਲ ਹੋਵੇ ਤਾਂ ਵਾਤਾਵਰਣ ਦੇ ਵੱਧ ਤਾਪਮਾਨ ਕਾਰਨ ਵੀ ਸਾਨ੍ਹ ਸੂਰ ਦੀ ਜਣਨ ਸ਼ਕਤੀ ਘੱਟ ਜਾਂਦੀ ਹੈ। ਇਸ ਲਈ ਇਹ ਜਰੂਰੀ ਹੈ ਕਿ ਸੂਰ ਘਰ ਦਾ ਖਾਸ ਕਰਕੇ ਸਾਨ੍ਹ ਸੂਰ ਦੇ ਖਾਨੇ ਦਾ ਤਾਪਮਾਨ ਅਨੁਕੂਲ ਕੀਤਾ ਜਾਵੇ।
3. ਖੁਰਾਕ ਵਿਚ ਅਫਲਾਟੋਕਸਿਨ ਦਾ ਹੋਣਾ।
4. ਬੱਚੇਦਾਨੀ ਵਿਚ ਕੋਈ ਰੋਗਾਣੂੰ ਹੋਣੇ।

5. ਜੇ ਸੂਰੀ ੨੧ ਦਿਨਾਂ ਤੋਂ ਪਹਿਲਾਂ ਦੋਬਾਰਾ ਹੇਹੇ ਵਿਚ ਆਉਂਦੀ ਹੈ ਤਾਂ ਇਸ ਦਾ ਕਾਰਨ ਸੂਰੀ ਦੇ ਅੰਤਰ ਗ੍ਰੰਥੀਆਂ ਦੇ ਰਸਾਂ (Hormones) ਦੀ ਉਤਪਤੀ ਵਿਚ ਵਿਗਾੜ ਪੈਦਾ ਹੋਣਾ ਹੈ।
6. ਕਈ ਵਾਰੀ ਸੂਰੀ 21 ਦਿਨਾਂ ਦੇ ਸਮਾਂ ਬੀਤਣ ਤੋਂ ਬਾਅਦ ਵਿਚ ਦੁਬਾਰਾ ਹੇਹੇ ਵਿਚ ਆਉਂਦੀ ਹੈ ਤਾਂ ਸੂਰੀ ਨੂੰ ਕੋਈ ਬਿਮਾਰੀ ਹੋ ਸਕਦੀ ਹੈ। ਜਾਂ ਫਿਰ ਗੱਭਣ ਕਰਵਾਉਣ ਦੇ ਦੋ ਹਫਤੇ ਦੇ ਵਿਚ ਵਾਤਾਵਰਣ ਦਾ ਜਿਆਦਾ ਤਾਪਮਾਨ ਹੋ ਸਕਦਾ ਹੈ ਜਿਸ ਨਾਲ ਗਰਭ ਵਿਚ ਵਿਕਸਿਤ ਹੋ ਰਹੇ ਭਰੂਣ ਤੇ ਅਸਰ ਪੈਂਦਾ ਹੈ ਅਤੇ ਗਰਭ ਗਿਰ ਜਾਂਦਾ ਹੈ।

**ਸਾਨ੍ਹ ਸੂਰ ਵਿਚ ਘੱਟ ਉਤੇਜਨਾ (Libido) ਅਤੇ ਮਿਲਾਪ ਨਾ ਕਰ ਸਕਨਾ**

ਕਈ ਵਾਰੀ ਦੇਖਣ ਵਿਚ ਆਉਂਦਾ ਹੈ ਕਿ ਸਾਨ੍ਹ ਸੂਰ ਸੂਰੀ ਨੂੰ ਚੰਗੀ ਤਰ੍ਹਾਂ ਗੱਭਣ ਨਹੀ ਕਰ ਸਕਦੇ। ਇਸ ਦੇ ਕਈ ਕਾਰਨ ਹੋ ਸਕਦੇ ਹਨ।

1. ਸਾਨ੍ਹ ਸੂਰ ਵਿਚ ਕੋਈ ਜੱਦੀ ਮੁਸ਼ਕਲ ਜਾਂ ਤਕਲੀਫ ਹੋਵੇ ਜਿਸ ਵਿਚ ਸੁਧਾਰ ਨਹੀਂ ਹੋ ਸਕਦਾ।
2. ਸਾਨ੍ਹ ਸੂਰ ਤੇ ਗਰਮੀ ਦਾ ਪਰਕੋਪ ਹੋ ਸਕਦਾ ਹੈ ਇਸ ਲਈ ਸਾਨ੍ਹ ਸੂਰ ਘਰ ਵਿਚ ਠੰਡਕ ਦਾ ਇੰਤਜਾਮ ਕਰਨਾ ਬਹੁਤ ਜਰੂਰੀ ਹੈ।
3. ਸਾਨ੍ਹ ਸੂਰ ਦੇ ਮਿਲਾਪ ਕਰਵਾਉਣ ਸਮੇਂ ਕੋਈ ਸੱਟ ਲੱਗੀ ਹੋ ਸਕਦੀ ਹੈ।
4. ਸੂਰ ਲੰਗੜਾ ਹੋ ਸਕਦਾ ਹੈ। ਜਾਂ ਫਿਰ ਬਹੁਤ ਵੱਡੀ ਉਮਰ ਦਾ ਹੋ ਸਕਦਾ ਹੈ
5. ਨਸਲਕਸ਼ੀ ਦੇ ਦਿਨਾਂ ਵਿਚ ਸੂਰਾਂ ਨੂੰ ਠੀਕ ਮਾਤਰਾ ਵਿਚ ਸੰਤੁਲਿਤ ਖੁਰਾਕ ਨਾ ਮਿਲਦੀ ਹੋਵੇ।
6. ਸੂਰ ਦੇ ਜਨਣ ਅੰਗਾਂ ਵਿਚ ਵੀ ਕੋਈ ਨੁਕਸ ਵੀ ਹੋ ਸਕਦਾ ਹੈ।

# ਸੂਰੀ ਦੇ ਗਰਭ ਦਾ ਸਮਾਂ (114 ਦਿਨ)

| ਮਿਤੀ | | ਮਿਤੀ | | ਮਿਤੀ | | ਮਿਤੀ | | ਮਿਤੀ | | ਮਿਤੀ | | ਮਿਤੀ | | ਮਿਤੀ | | ਮਿਤੀ | | ਮਿਤੀ | | ਮਿਤੀ | | ਮਿਤੀ | |
|---|---|---|---|---|---|---|---|---|---|---|---|---|---|---|---|---|---|---|---|---|---|---|---|
| ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ | ਗੱਭਣ | ਸੂਣ |
| ਜਨਵਰੀ 1 | ਅਪ੍ਰੈਲ 24 | ਫਰਵਰੀ 1 | 25 ਮਈ | ਮਾਰਚ 1 | 22 ਜੂਨ | ਅਪ੍ਰੈਲ 1 | ਜੁਲਾਈ23 | ਮਈ 1 | ਅਗਸਤ 22 | 1 ਜੂਨ | ਸਤੰਬਰ 22 | 1 ਜੁਲਾਈ | ਅਕਤੂਬਰ 22 | 1 ਅਗਸਤ | ਨਵੰਬਰ 22 | 1 ਸਤੰਬਰ | ਦਿਸੰਬਰ 23 | ਅਕਤੂਬਰ 1 | ਜਨਵਰੀ 22 | ਨਵੰਬਰ 1 | ਫਰਵਰੀ 22 | ਦਿਸੰਬਰ 1 | ਮਾਰਚ 25 |
| 2 | 25 | 2 | 26 | 2 | 23 | 2 | 24 | 2 | 23 | 2 | 23 | 2 | 23 | 2 | 23 | 2 | 24 | 2 | 23 | 2 | 23 | 2 | 26 |
| 3 | 26 | 3 | 27 | 3 | 24 | 3 | 25 | 3 | 24 | 3 | 24 | 3 | 24 | 3 | 24 | 3 | 25 | 3 | 24 | 3 | 24 | 3 | 27 |
| 4 | 27 | 4 | 28 | 4 | 25 | 4 | 26 | 4 | 25 | 4 | 25 | 4 | 25 | 4 | 25 | 4 | 26 | 4 | 25 | 4 | 25 | 4 | 28 |
| 5 | 28 | 5 | 29 | 5 | 26 | 5 | 27 | 5 | 26 | 5 | 26 | 5 | 26 | 5 | 26 | 5 | 27 | 5 | 26 | 5 | 26 | 5 | 29 |
| 6 | 29 | 6 | 30 | 6 | 27 | 6 | 28 | 6 | 27 | 6 | 27 | 6 | 27 | 6 | 27 | 6 | 28 | 6 | 27 | 6 | 27 | 6 | 30 |
| 7 | 30 | 7 | 31 | 7 | 28 | 7 | 29 | 7 | 28 | 7 | 28 | 7 | 28 | 7 | 28 | 7 | 29 | 7 | 28 | 7 | 28 | 7 | 31 |
| 8 | 1 ਮਈ | 8 | 1 ਜੂਨ | 8 | 29 | 8 | 30 | 8 | 29 | 8 | 29 | 8 | 29 | 8 | 29 | 8 | 30 | 8 | 29 | 8 | ਮਾਰਚ 1 | 8 | ਅਪ੍ਰੈਲ 1 |
| 9 | 2 | 9 | 2 | 9 | 30 | 9 | 31 | 9 | 30 | 9 | 30 | 9 | 30 | 9 | 30 | 9 | 31 | 9 | 30 | 9 | 2 | 9 | 2 |
| 10 | 3 | 10 | 3 | 10 | 1 ਜੁਲਾਈ | 10 | 1 ਅਗਸਤ | 10 | 31 | 10 | ਅਕਤੂਬਰ 1 | 10 | 31 | 10 | ਦਿਸੰਬਰ 1 | 10 | ਜਨਵਰੀ 1 | 10 | 31 | 10 | 3 | 10 | 3 |
| 11 | 4 | 11 | 4 | 11 | 2 | 11 | 2 | 11 | 1 ਸਤੰਬਰ | 11 | 2 | 11 | 1 ਨਵੰਬਰ | 11 | 2 | 11 | 2 | 11 | ਫਰਵਰੀ 1 | 11 | 4 | 11 | 4 |
| 12 | 5 | 12 | 5 | 12 | 3 | 12 | 3 | 12 | 2 | 12 | 3 | 12 | 2 | 12 | 3 | 12 | 3 | 12 | 2 | 12 | 5 | 12 | 5 |
| 13 | 6 | 13 | 6 | 13 | 4 | 13 | 4 | 13 | 3 | 13 | 4 | 13 | 3 | 13 | 4 | 13 | 4 | 13 | 3 | 13 | 6 | 13 | 6 |
| 14 | 7 | 14 | 7 | 14 | 5 | 14 | 5 | 14 | 4 | 14 | 5 | 14 | 4 | 14 | 5 | 14 | 5 | 14 | 4 | 14 | 7 | 14 | 7 |
| 15 | 8 | 15 | 8 | 15 | 6 | 15 | 6 | 15 | 5 | 15 | 6 | 15 | 5 | 15 | 6 | 15 | 6 | 15 | 5 | 15 | 8 | 15 | 8 |
| 16 | 9 | 16 | 9 | 16 | 7 | 16 | 7 | 16 | 6 | 16 | 7 | 16 | 6 | 16 | 7 | 16 | 7 | 16 | 6 | 16 | 9 | 16 | 9 |
| 17 | 10 | 17 | 10 | 17 | 8 | 17 | 8 | 17 | 7 | 17 | 8 | 17 | 7 | 17 | 8 | 17 | 8 | 17 | 7 | 17 | 10 | 17 | 10 |
| 18 | 11 | 18 | 11 | 18 | 9 | 18 | 9 | 18 | 8 | 18 | 9 | 18 | 8 | 18 | 9 | 18 | 9 | 18 | 8 | 18 | 11 | 18 | 11 |
| 19 | 12 | 19 | 12 | 19 | 10 | 19 | 10 | 19 | 9 | 19 | 10 | 19 | 9 | 19 | 10 | 19 | 10 | 19 | 9 | 19 | 12 | 19 | 12 |
| 20 | 13 | 20 | 13 | 20 | 11 | 20 | 11 | 20 | 10 | 20 | 11 | 20 | 10 | 20 | 11 | 20 | 11 | 20 | 10 | 20 | 13 | 20 | 13 |
| 21 | 14 | 21 | 14 | 21 | 12 | 21 | 12 | 21 | 11 | 21 | 12 | 21 | 11 | 21 | 12 | 21 | 12 | 21 | 11 | 21 | 14 | 21 | 14 |
| 22 | 15 | 22 | 15 | 22 | 13 | 22 | 13 | 22 | 12 | 22 | 13 | 22 | 12 | 22 | 13 | 22 | 13 | 22 | 12 | 22 | 15 | 22 | 15 |
| 23 | 16 | 23 | 16 | 23 | 14 | 23 | 14 | 23 | 13 | 23 | 14 | 23 | 13 | 23 | 14 | 23 | 14 | 23 | 13 | 23 | 16 | 23 | 16 |
| 24 | 17 | 24 | 17 | 24 | 15 | 24 | 15 | 24 | 14 | 24 | 15 | 24 | 14 | 24 | 15 | 24 | 15 | 24 | 14 | 24 | 17 | 24 | 17 |
| 25 | 18 | 25 | 18 | 25 | 16 | 25 | 16 | 25 | 15 | 25 | 16 | 25 | 15 | 25 | 16 | 25 | 16 | 25 | 15 | 25 | 18 | 25 | 18 |
| 26 | 19 | 26 | 19 | 26 | 17 | 26 | 17 | 26 | 16 | 26 | 17 | 26 | 16 | 26 | 17 | 26 | 17 | 26 | 16 | 26 | 19 | 26 | 19 |
| 27 | 20 | 27 | 20 | 27 | 18 | 27 | 18 | 27 | 17 | 27 | 18 | 27 | 17 | 27 | 18 | 27 | 18 | 27 | 17 | 27 | 20 | 27 | 20 |
| 28 | 21 | 28 | 21 | 28 | 19 | 28 | 19 | 28 | 18 | 28 | 19 | 28 | 18 | 28 | 19 | 28 | 19 | 28 | 18 | 28 | 21 | 28 | 21 |
| 29 | 22 | | | 29 | 20 | 29 | 20 | 29 | 19 | 29 | 20 | 29 | 19 | 29 | 20 | 29 | 20 | 29 | 19 | 29 | 22 | 29 | 22 |
| 30 | 23 | | | 30 | 21 | 30 | 21 | 30 | 20 | 30 | 21 | 30 | 20 | 30 | 21 | 30 | 21 | 30 | 20 | 30 | 23 | 30 | 23 |
| 31 | 24 | | | 31 | 22 | | | 31 | 21 | | | 31 | 21 | 31 | 22 | | | 31 | 21 | | 24 | 31 | 24 |

# ਪ੍ਰਜਣਨ ਵਿਧੀਆਂ

ਪਸ਼ੂਆਂ ਵਿਚ ਆਮ  ਤੌਰ ਤੇ ਪ੍ਰਜਣਨ ਦੀਆਂ ਦੋ ਵਿਧੀਆਂ ਅਪਣਾਈਆਂ ਜਾਂਦੀਆਂ ਹਨ।

1. ਕੁਦਰਤੀ ਮਿਲਾਪ ਵਿਧੀ (Natural method)
2. ਮਸ ਨੂਈ ਵਿਧੀ (Artificial method) ਬਣਾਵਟੀ

## ਕੁਦਰਤੀ ਮਿਲਾਪ ਵਿਧੀ (Natural method)

ਇਹ ਇਕ ਸਵੈਭਾਵਿਕ ਕੁਦਰਤੀ ਵਿਧੀ ਹੈ। ਜਿਸ  ਵਿਚ ਨਰ ਅਤੇ ਮਾਦਾ ਆਪਸ ਵਿਚ ਮਿਲਾਪ ਕਰਦੇ ਹਨ। ਇਹ ਬਹੁਤ ਸਾਧਾਰਨ ਅਤੇ ਆਸਾਨ ਤਰੀਕਾ ਹੈ। ਤਕਰੀਬਨ ਸਾਰੀਆਂ ਪਸ਼ੂ ਜਾਤੀਆਂ ਇਸ ਵਿਧੀ ਨਾਲ ਹੀ ਸੰਤਾਨ ਦੀ ਉਤਪਤੀ ਕਰਦੀਆਂ ਹਨ।

ਇਸ ਵਿਧੀ ਨਾਲ ਸੂਰਾਂ ਦੇ ਫਾਰਮ ਵਿਚ ਬਿਮਾਰੀਆਂ ਫੈਲਣ ਦਾ ਡਰ ਰਹਿੰਦਾ ਹੈ ਜਿਸ ਕਰਕੇ ਇਹ ਪ੍ਰਜਣਨ ਕਿਰਿਆ ਵਿਚ ਅੜਚਨ ਸਿੱਧ ਹੁੰਦੀ ਹੈ। ਇਸ ਲਈ ਪ੍ਰਜਣਨ ਕਰਤਾ ਇਸ ਵਿਧੀ ਨੂੰ ਤਿਆਗ ਕੇ ਮਸਨੂਈ ਗਰਭ ਵਿਧੀ ਨੂੰ ਅਪਣਾ ਰਹੇ ਹਨ।

## ਮਸਨੂਈ ਵਿਧੀ (Artificial method)

ਇਸ ਵਿਧੀ ਰਾਹੀਂ ਨਰ ਸੂਰ ਅਤੇ ਸੂਰੀ ਦਾ ਮਿਲਾਪ ਨਹੀਂ ਕਰਵਾਇਆ ਜਾਂਦਾ। ਬਲਕਿ ਨਰ ਦਾ ਬੀਰਜ (Semen) ਅੱਲਗ ਹੀ ਇੱਕਠਾ ਕਰਕੇ ਸੂਰੀ ਦੀ ਯੋਨੀ ਵਿਚ ਉੱਚਿਤ ਸਮੇਂ ਤੇ ਰਖਿਆ ਜਾਂਦਾ ਹੈ ਇਸੇ ਨੂੰ ਹੀ ਮਸਨੂਈ ਟੀਕਾ ਕਰਣ (Artificial Insemination) ਕਿਹਾ ਜਾਂਦਾ ਹੈ। ਸਾਡੇ ਦੇਸ਼ ਵਿਚ ਹਾਲੇ ਇਹ ਵਿਧੀ ਸੂਰਾਂ ਲਈ ਉਪਚਾਰੂ ਢੰਗ ਨਾਲ ਨਹੀਂ ਅਪਣਾਈ ਗਈ।

ਮਸਨੂਈ ਵਿਧੀ ਵਿਚ ਹੇਠ ਲਿਖੀਆਂ ਚੀਜ਼ਾਂ ਦੀ ਜ਼ਰੂਰਤ ਪੈਂਦੀ ਹੈ।

1. ਬਨਾਵਟੀ ਯੋਨੀ (Artificial vagina)
2. ਬਨਾਵਟੀ/ਨਕਲੀ ਸੂਰੀ (Dummy sow)

**ਬਨਾਵਟੀ ਯੋਨੀ**

ਸਾਨ੍ਹ ਸੂਰ ਦਾ ਬੀਰਜ (Semen) ਇੱਕਠਾ ਕਰਨ ਲਈ ਬਨਾਵਟੀ ਯੋਨੀ (Artificial Vagina) ਦਾ ਪ੍ਰਯੋਗ ਕੀਤਾ ਜਾਂਦਾ ਹੈ ਸੂਰਾਂ ਵਿਚ ਕਈ ਤਰ੍ਹਾਂ ਦੀਆਂ ਯੋਨੀਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਬਨਾਵਟੀ ਯੋਨੀ ਇਕ ਰਬੜ ਦੀ ਮੋਟੀ ਵੇਲਨਾਕਾਰ ਨਾਲੀ ਹੁੰਦੀ ਹੈ। ਜਿਹੜੀ ਤਕਰੀਬਨ ੧੮ ਸੈ. ਮੀ ਲੰਬੀ ਹੁੰਦੀ ਹੈ ਲੇਕਿਨ ਉਸਦਾ ਦਾਇਰਾ ਵੱਧ ਘੱਟ ਹੁੰਦਾ ਹੈ ਇਸ ਵਿਚ ਦੋ ਟਿਊਬਾਂ ਹੁੰਦੀਆਂ ਹਨ। ਇਕ ਟਿਊਬ ਵਿਚ ਪਾਣੀ ਅਤੇ ਦੂਸਰੀ ਵਿਚ ਹਵਾ ਭਰੀ ਜਾਂਦੀ ਹੈ। ਅੰਦਰੂਨੀ ਟਿਊਬ ਦੇ ਦੋਨੋਂ ਸਿਰੇ ਵੇਲਨਾਕਾਰ ਨਾਲੀ ਦੇ ਦੋਨੋਂ ਪਾਸੇ ਮੋੜੇ ਜਾਂਦੇ ਹਨ। ਇਸ ਦੇ ਇਕ ਸਿਰੇ ਤੇ ਬੀਰਜ ਇੱਕਠਾ ਕਰਨ ਲਈ ਘਟੋ ਘੱਟ ੫੦੦ ਮਿਲੀ ਲਿਟਰ ਵਾਲੀ ਪਲਾਸਟਿਕ ਦੀ ਬੋਤਲ ਲਗਾਈ ਜਾਂਦੀ ਹੈ। ਯੋਨੀ ਦੀ ਅੰਦਰ ਵਾਲੀ ਟਿਊਬ ਵਿਚ ਵੈਸਲੀਨ ਲਗਾਕੇ ਤਿਲਕਵਾਂ ਕੀਤਾ ਜਾਂਦਾ ਹੈ। ਅਤੇ ਹਵਾ ਵਾਲੇ ਪੰਪ ਨਾਲ ਹਵਾ ਦੇ ਵਾਲ ਰਾਹੀਂ ਯੋਨੀ ਦੇ ਵਿਚਲੇ ਹਵਾ ਦੇ ਦਬਾਅ ਨੂੰ ਵਧਾਇਆ ਘਟਾਇਆ ਜਾਂਦਾ ਹੈ।

**ਨਕਲੀ ਸੂਰੀ (Dummy sow)**

ਆਮ ਤੌਰ ਤੇ ਜਦੋਂ ਸੂਰੀ ਹੇਹੇ ਵਿਚ ਹੁੰਦੀ ਹੈ ਤਾਂ ਸਾਨ੍ਹ ਸੂਰ ਨੂੰ ਉਸ ਸੂਰੀ ਤੇ ਚੜਾ ਕੇ ਬਨਾਉਟੀ ਯੋਨੀ ਦੀ ਮਦਦ ਨਾਲ ਸੂਰ ਦਾ ਬੀਰਜ (Semen) ਇੱਕਠਾ ਕੀਤਾ ਜਾ ਸਕਦਾ ਹੈ। ਪਰੰਤੂ ਸੂਰੀ ਦੀ ਜਗ੍ਹਾ ਤੇ ਇਕ ਨਕਲੀ (Dummy) ਸੂਰੀ ਬਣਾਕੇ ਵੀ ਸਾਨ੍ਹ ਸੂਰ ਦਾ ਬੀਰਜ (Semen) ਇਕੱਠਾ ਕੀਤਾ ਜਾ ਸਕਦਾ ਹੈ। ਨਕਲੀ ਸੂਰੀ ਨੂੰ ਜ਼ਮੀਨ ਤੇ ਇਸ ਤਰ੍ਹਾਂ ਰਖਿਆ ਜਾਂਦਾ ਹੈ। ਕਿ ਉਹ ਸਾਨ੍ਹ ਸੂਰ ਦੇ ਇਸ ਉੱਪਰ ਚੜਨ ਤੇ ਹਿਲੇ ਜੁਲੇ ਨਾ। ਨਕਲੀ ਸੂਰੀ ਦੀ ਲੰਬਾਈ ਘਟੋ ਘੱਟ 3.5 ਤੋਂ 5 ਫੁਟ, ਚੋੜਾਈ  10-12 ਇੰਚ ਅਤੇ ਉਚਾਈ 1.5 ਤੋਂ 2.5 ਫੁਟ ਹੁੰਦੀ ਹੈ। ਨਕਲੀ ਸੂਰੀ ਦਾ ਉਪਰਲਾ ਹਿੱਸਾ ਤਰਪਾਲ ਨਾਲ ਢਕਿਆ ਜਾਂਦਾ ਹੈ। ਡਮੀ ਦੀ ਉਚਾਈ ਲੋੜ ਅਨੁਸਾਰ ਵਧਾਈ ਘਟਾਈ ਜਾ ਸਕਦੀ ਹੈ।

**ਬੀਰਜ ਇੱਕਠਾ ਕਰਨਾ (Semen Collection)**

ਸਾਨ੍ਹ ਸੂਰ ਦਾ ਬੀਰਜ ਇੱਕਠਾ ਕਰਨ ਲਈ ਪਹਿਲਾਂ ਪਹਿਲ ਸੂਰ ਨੂੰ ਹੇਹੇ ਵਿਚ ਆਈ ਸੂਰੀ ਤੇ ਚੜਾ ਕੇ ਬਨਾਵਟੀ ਯੋਨੀ ਵਿਚ ਬੀਰਜ ਇੱਕਠਾ ਕੀਤਾ ਜਾਂਦਾ ਹੈ। ਬੀਰਜ ਇੱਕਠਾ ਕਰਨ ਲਈ ਸਾਨ੍ਹ ਸੂਰ ਨੂੰ ਕਈ ਵਾਰ ਨਕਲੀ ਸੂਰੀ (Dummy Sow) ਕੋਲ ਲੈਕੇ ਆਉਣਾ ਚਾਹੀਦਾ ਹੈ। ਨਕਲੀ ਸੂਰੀ ਤੇ ਚੜਾਉਣ ਲਈ ਸਾਨ੍ਹ ਸੂਰ ਨੂੰ ਉਤੇਜਿਤ ਕਰਨ

ਲਈ, ਨਕਲੀ ਸੂਰੀ ਤੇ ਸਾਨ੍ਹ ਸੂਰ ਦਾ ਪਿਸ਼ਾਬ (Urine), ਬੀਰਜ (Semen) ਜਾਂ ਫਿਰ ਹੇਹੇ ਵਿਚ ਆਈ ਸੂਰੀ ਦਾ ਪਿਸ਼ਾਬ ਲਗਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਸਾਨ੍ਹ ਸੂਰ ਇਸ ਗੰਧ (Smell) ਨਾਲ ਉਤੇਜਿੱਤ ਹੋ ਜਾਂਦਾ ਹੈ ਅਤੇ ਛੇਤੀ ਹੀ ਨਕਲੀ ਸੂਰੀ ਤੇ ਚੜ ਜਾਂਦਾ ਹੈ।

ਜਦੋਂ ਸਾਨ੍ਹ ਸੂਰ ਨਕਲੀ ਸੂਰੀ ਤੇ ਚੜਦਾ ਹੈ ਤਾਂ ਬੀਰਜ ਇੱਕਠਾ ਕਰਨ ਵਾਲਾ ਵਿਅਕਤੀ ਨਕਲੀ ਸੂਰੀ ਦੇ ਸੱਜੇ ਪਾਸਿਓਂ ਸਾਨ੍ਹ ਸੂਰ ਦੇ ਲਿੰਗ ਨੂੰ (Penis) ਬਨਾਵਟੀ ਯੋਨੀ ਵਿਚ ਪ੍ਰਵੇਸ਼ ਕਰ ਦਿੰਦਾ ਹੈ। ਜੋ ਕਿ ਉਸਦੇ ਖੱਬੇ ਹੱਥ ਵਿਚ ਹੁੰਦੀ ਹੈ ਅਤੇ ਸੱਜੇ ਹੱਥ ਨਾਲ ਸਾਨ੍ਹ ਸੂਰ ਦੇ ਲਿੰਗ ਨੂੰ ਪਕੜ ਲੈਂਦਾ ਹੈ। ਇਸ ਸਮੇਂ ਸਾਨ੍ਹ ਸੂਰ ਆਪਣੀ ਇੰਦਰੀ ਨੂੰ ਅੱਗੇ ਪਿੱਛੇ ਕਰਦਾ ਹੈ ਕੁਝ ਸਮੇਂ ਬਾਅਦ ਸੂਰ ਰੁਕ ਜਾਂਦਾ ਹੈ ਅਤੇ ਇਸ ਸਮੇਂ ਤੇ ਹੀ ਸਾਨ੍ਹ ਸੂਰ ਆਪਣਾ ਬੀਰਜ ਛਡਦਾ ਹੈ ਬੀਰਜ ਦਾ ਪਹਿਲੇ ਵਾਲਾ ਹਿੱਸਾ ਜੋ ਕਿ ਸਾਫ ਪਾਣੀ ਵਰਗਾ ਹੁੰਦਾ ਹੈ ਨੂੰ ਤਿਆਗ ਦੇਣਾ ਚਾਹੀਦਾ ਹੈ ਜਦੋਂ ਸਾਨ੍ਹ ਸੂਰ ਦੁੱਧੀਆ ਰੰਗ ਦਾ ਬੀਰਜ ਕਢਦਾ ਹੈ ਤਾਂ ਇਸਨੂੰ ਇੱਕਠਾ ਕਰਨਾ ਚਾਹੀਦਾ ਹੈ ਕਿਉਂਕਿ ਇਸ ਵਿਚ ਸ਼ੁਕਰਾਣੂੰਆਂ ਦੀ ਗਿਣਤੀ ਬਹੁਤ ਜਿਆਦਾ ਹੁੰਦੀ ਹੈ ਬੀਰਜ ਇੱਕਠਾ ਕਰਨ ਸਮੇਂ ਸਾਨ੍ਹ ਸੂਰ ਨੂੰ ਘਟੋ ਘੱਟ 5-15 ਮਿੰਟ ਦਾ ਸਮਾਂ ਦੇਣਾ ਚਾਹੀਦਾ ਹੈ।ਸੂਰ ਦੇ ਬੀਰਜ ਦੀ ਮਾਤਰਾ 500 ਮਿਲੀ ਲਿਟਰ ਤਕ ਹੋ ਸਕਦੀ ਹੈ ਜੋ ਕਿ ਸਾਨ੍ਹ ਸੂਰ ਦੀ ਉਮਰ, ਖੁਰਾਕ, ਬੀਰਜ ਇੱਕਠਾ ਕਰਨ ਦਾ ਤਰੀਕਾ ਆਦਿ ਤੇ ਮੁੰਨਸਰ ਕਰਦਾ ਹੈ। ਬੀਰਜ ਇੱਕਠਾ ਕਰਨ ਤੋਂ ਬਾਅਦ ਇਸਨੂੰ ਪੁਣ ਲੈਣਾ ਚਾਹੀਦਾ ਹੈ। ਅਤੇ ਫਿਰ ਇਸ ਨੂੰ ਪਤਲਾ ਕਰਨਾ ਚਾਹੀਦਾ ਹੈ ਬੀਰਜ ਨੂੰ ਪਤਲਾ ਕਰਨ ਲਈ ਕਈ ਤਰ੍ਹਾਂ ਦੇ ਤਰਲ ਪਦਾਰਥ (Extenders) ਮਿਲਦੇ ਹਨ। ਜਿਨ੍ਹਾਂ ਵਿਚੋਂ ਕਿਸੇ ਵੀ ਤਰ੍ਹਾਂ ਦੇ ਪਦਾਰਥ ਨਾਲ ਲੋੜ ਅਨੁਸਾਰ ਪਤਲਾ ਕਰ ਲੈਣਾ ਚਾਹੀਦਾ ਹੈ। ਪਤਲਾ ਕੀਤਾ ਹੋਇਆ 50-75 ਮਿਲੀ ਲਿਟਰ ਬੀਰਜ, ਜਿਸ ਵਿਚ ਘੱਟੋ ਘੱਟ ੩ ਬਿਲੀਅਨ ਸ਼ੁਕਰਾਣੂੰ ਹੋਣ, ਬਨਾਵਟੀ ਗਰਭ ਲਈ ਇਕ ਵਾਰ ਵਿਚ ਵਰਤਿਆ ਜਾਂਦਾ ਹੈ।

**ਮਸਨੂਈ ਟੀਕਾ ਕਰਣ ਦਾ ਸਮਾਂ (Time of imsemination)**

ਜਦੋਂ ਸੂਰੀ ਹੇਹੇ ਵਿਚ ਹੋਵੇ ਤਾਂ ਉਸਦੇ ਦੂਸਰੇ ਦਿਨ ਬੀਰਜ ਬੱਚੇ ਦਾਨੀ ਵਿਚ ਪ੍ਰਵੇਸ਼ ਕਰਨਾ ਚਾਹੀਦਾ ਹੈ।

**ਟੀਕਾ ਕਰਣ ਵਿਧੀ**

1. ਹੇਹੇ ਵਿਚ ਆਈ ਸੂਰੀ ਨੂੰ ਸਾਨ੍ਹ ਸੂਰ ਕੋਲ ਲੈਕੇ ਜਾਉ।
2. ਹੇਹੇ ਵਿਚ ਆਈ ਸੂਰੀ ਦੀ ਪਿੱਠ ਤੇ ਆਪਣਾ ਹੱਥ ਰੱਖੋ।

3. ਸੂਰੀ ਦੀ ਜਨਣ ਇੰਦਰੀ ਨੂੰ ਸਾਫ ਕਰੋ।

4. ਜਨਣ ਇੰਦਰੀ ਨੂੰ ਇਕ ਹੱਥ ਨਾਲ ਖੋਲ ਕੇ ਟੀਕਾ ਕਰਨ ਵਾਲੀ ਨਾਲੀ ਨੂੰ ਜਨਣ ਇੰਦਰੀ ਵਿਚ ਪਾ ਦਿਓ ਅਤੇ ਹੌਲੀ ਹੌਲੀ 6-8 ਇੰਚ ਤਕ ਅੱਗੇ ਤੇ ਉੱਪਰ ਵੱਲ ਕਰਕੇ ਧਕੋ। ਜੇਕਰ ਇਹ ਨਾਲੀ ਅਗੋਂ ਪੇਚ ਵਰਗੀ ਹੋਵੇ ਤਾਂ ਇਸਨੂੰ ਘੜੀ ਦੀਆਂ ਸੂਈਆਂ ਦੇ ਚਲਣ ਵਾਲੇ ਪਾਸੇ ਘੁਮਾਉਂਦੇ ਹੋਏ ਯੋਨੀ ਵਿੱਚ ਪਾ ਦਿਓ।

5. ਬੀਰਜ ਵਾਲੀ ਬੋਤਲ ਲੈਕੇ ਟੀਕਾ ਕਰਣ ਵਾਲੀ ਨਾਲੀ ਤੇ ਲਗਾਓ ਅਤੇ ਹਲਕਾ ਜਿਹਾ ਦਬਾਓ। ਇਸ ਤਰ੍ਹਾਂ ਬੀਰਜ ਯੋਨੀ ਵਿਚ ਜਾਣਾ ਸ਼ੁਰੂ ਹੋ ਜਾਵੇਗਾ।

6. ਯੋਨੀ ਦੇ ਅੰਦਰ ਖਿਚਾਅ (Contractions) ਪੈਦਾ ਕਰਨ ਲਈ ਸੂਰੀ ਦੇ ਪੇਟ ਨੂੰ ਹਲਕਾ ਹਲਕਾ ਮਲਦੇ ਰਹੋ।

7. ਆਮ ਹਾਲਤਾਂ ਵਿਚ ਸੂਰ ਮਿਲਾਪ ਲਈ 5-15 ਮਿੰਟ ਦਾ ਸਮਾਂ ਲੈਂਦਾ ਹੈ ਲੇਕਿਨ ਜਵਾਨ (Gilts) ਸੂਰੀਆਂ ਜਿਆਦਾ ਸਮਾਂ ਵੀ ਲੈ ਸਕਦੀਆਂ ਹਨ। ਇਸ ਲਈ ਟੀਕਾ ਕਰਣ ਸਮੇਂ ਬੀਰਜ ਹੌਲੀ ਰਫਤਾਰ ਨਾਲ ਛਡਣਾ ਚਾਹੀਦਾ ਹੈ।

8. ਜਦੋਂ ਬੀਰਜ ਵਾਲੀ ਬੋਤਲ ਖਾਲੀ ਹੋ ਜਾਵੇ ਤਾਂ ਇਸਨੂੰ ਅਰਾਮ ਨਾਲ ਟੀਕਾਕਰਣ ਵਾਲੀ ਨਾਲੀ ਤੋ ਹਟਾ ਲਉ।

9. ਟੀਕਾਕਰਣ ਵਾਲੀ ਨਾਲੀ ਹੌਲੀ ਹੌਲੀ ਯੋਨੀ ਵਿਚੋਂ ਬਾਹਰ ਕੱਢ ਲਓ। ਇਸ ਤਰ੍ਹਾਂ ਕਰਨ ਨਾਲ ਮਸਨੂਈ ਟੀਕਾ ਕਰਨ ਹੋ ਜਾਂਦਾ ਹੈ।



**ਚਿਤੱਰ: ਕੁਦਰਤੀ ਮਿਲਾਪ**



**ਚਿਤੱਰ: ਬਨਾਵਟੀ ਯੋਨੀ**





ਨਕਲੀ ਸੂਰੀ (Dummy sow)

ਮਸਨੂਈ ਟੀਕਾ ਕਰਣ

# ਸੂਰਾਂ ਦੀ ਪਾਚਨ ਪ੍ਰਣਾਲੀ

ਸੂਰਾਂ ਨੂੰ ਜੁਗਾਲੀ ਕਰਨ ਵਾਲੇ ਪਸ਼ੂਆਂ ਦੀ ਖੁਰਾਕ ਨਹੀਂ ਦਿੱਤੀ ਜਾ ਸਕਦੀ। ਕਿਉਂਕਿ ਇਹ ਇਕਹਿਰੇ ਮਿਹਦੇ ਵਾਲੇ ਪਸ਼ੂ ਹਨ। ਇਸ ਲਈ ਇਨ੍ਹਾਂ ਨੂੰ ਕਿਸ ਕਿਸਮ ਦੀ ਖੁਰਾਕ ਚਾਹੀਦੀ ਹੈ ਬਾਰੇ ਫੈਸਲਾ ਲੈਣ ਲਈ ਸੂਰਾਂ ਦੀ ਪਾਚਨ ਪ੍ਰਣਾਲੀ ਬਾਰੇ ਗਿਆਨ ਹੋਣਾ ਜ਼ਰੂਰੀ ਹੈ।

**ਸੂਰਾਂ ਦੀ ਪਾਚਨ ਪ੍ਰਣਾਲੀ ਦੇ ਮੁੱਖ ਅੰਗ**: ਮੂੰਹ, ਖੁਰਾਕ ਨਾਲੀ, ਮਿਹਦਾ ਛੋਟੀਆਂ ਅੰਤੜੀਆਂ, ਵੱਡੀਆਂ ਅੰਤੜੀਆਂ ਅਤੇ ਮੱਲ ਦੁਆਰ ਹਨ।ਪਾਚਨ ਕਿਰਿਆ ਵਿਚ ਇਨ੍ਹਾਂ ਅੰਗਾਂ ਤੋ ਇਲਾਵਾ ਸਹਾਇਕ ਅੰਗ ਅਤੇ ਗ੍ਰੰਥੀਆਂ ਜਿਵੇ ਕਿ ਜਿਗਰ, ਪੈਨਕਰੀਆਜ਼ ਆਦਿ ਵੀ ਹਿੱਸਾ ਪਾਉਂਦੇ ਹਨ ।

**ਪਾਚਨ**:ਪਾਚਨ ਤੋਂ ਭਾਵ ਹੈ ਕਿ ਜੋ ਖੁਰਾਕ ਸੂਰਾਂ ਨੂੰ ਦਿੱਤੀ ਜਾਂਦੀ ਹੈ।ਉਸ ਨੂੰ ਖੁਰਾਕੀ ਤੱਤਾਂ ਵਿਚ ਬਦਲਨਾ ਅਤੇ ਅੰਤੜੀਆਂ ਵਿਚ ਸੋਸ਼ਿਤ ਕਰਨਾ ਹੈ। ਖੁਰਾਕ ਨੂੰ ਤੱਤਾਂ ਵਿਚ ਤਿੰਨ ਕ੍ਰਿਆਵਾਂ ਨਾਲ ਬਦਲਿਆਂ ਜਾਂਦਾ ਹੈ।

1. ਮੂੰਹ ਵਿਚ ਤੋੜਨਾ
2. ਰਸਾਇਣੀ ਖਮੀਰ ਪਾਚਨ
3. ਜੀਵਾਣੂੰ ਪਾਚਨਤਾ

**ਮੂੰਹ**: ਖੁਰਾਕ ਨੂੰ ਮੂੰਹ ਵਿਚ ਚਬਾ ਕੇ ਛੋਟੇ ਕਣਾਂ ਵਿਚ ਬਦਲਿਆਂ ਜਾਂਦਾ ਹੈ। ਇਸੇ ਦੌਰਾਨ ਮੂੰਹ ਵਿਚਲੀਆਂ ਗ੍ਰੰਥੀਆਂ ਵਿਚੋਂ ਲਾਰ (saliva) ਪੈਦਾ ਹੁੰਦੀ ਹੈ। ਲਾਰ ਭੋਜਨ ਅਤੇ ਖੁਰਾਕ ਵਿਚ ਰਲ ਜਾਂਦੀ ਹੈ। ਇਸ ਲਾਰ ਵਿਚਲਾ ਐਮਾਈਲੇਜ ਰਸ ਨਿਸ਼ਾਸ਼ਤੇ ਨੂੰ ਪਚਾਉਣ ਵਿਚ ਸਹਾਈ ਹੁੰਦਾ ਹੈ। ਲਾਰ ਭੋਜਨ ਨੂੰ ਭੋਜਨ ਨਾਲੀ ਵਿਚ ਆਸਾਨੀ ਨਾਲ ਲੰਘਣ ਵਿਚ ਵੀ ਸਹਾਈ ਹੁੰਦੀ ਹੈ।

**ਖੁਰਾਕ ਨਾਲੀ ( Esophagus ):** ਇਹ ਨਾਲੀ ਮੂੰਹ ਦੇ ਪਿਛਲੇ ਹਿੱਸੇ ਨੂੰ ਮਿਹਦੇ ਨਾਲ ਮਿਲਾਉਂਦੀ ਹੈ। ਇਸ ਵਿਚ ਕੋਈ ਪਾਚਨ ਗ੍ਰੰਥੀ ਨਹੀ ਹੁੰਦੀ ਇਸ ਲਈ ਇਥੇ ਕੋਈ ਪਾਚਨ ਕ੍ਰਿਆ ਨਹੀਂ ਹੁੰਦੀ।ਇਹ ਸਿਰਫ ਖੁਰਾਕ ਨੂੰ ਮਿਹਦੇ ਵਿਚ ਲਿਜਾਣ ਦਾ ਇਕ ਜ਼ਰੀਆ ਹੈ।



ਚਿੱਤਰ ੧. ਸੂਰਾਂ ਦੀ ਪਾਚਨ ਪ੍ਰਣਾਲੀ

**ਮਿਹਦਾ:** ਮਿਹਦਾ ਇਕ ਖਾਲੀ ਥੈਲੇ ਵਾਂਗ ਹੁੰਦਾ ਹੈ ਅਤੇ ਇਹ ਭੋਜਨ ਦੇ ਭੰਡਾਰ ਦਾ ਕੰਮ ਕਰਦਾ ਹੈ। ਇਸ ਦੀ ਕੁਲ ਸਮੱਰਥਾ ੮ ਲਿਟਰ ਦੇ ਕਰੀਬ ਹੁੰਦੀ ਹੈ। ਮਿਹਦੇ ਵਿਚ ਤਿੰਨ ਕਿਸਮ ਦੀਆਂ ਗ੍ਰੰਥੀਆਂ ਹੁੰਦੀਆਂ ਹਨ। ਜਿਨ੍ਹਾਂ ਵਿਚੋਂ ਦੋ ਗ੍ਰੰਥੀਆਂ ਦਾ ਰਸ ਮਿਹਦੇ ਦੀ ਝਿੱਲੀ ਨੂੰ ਮਿਹਦੇ ਵਿਚੋਂ ਪੈਦਾ ਹੋਣ ਵਾਲੇ ਲੂਣ ਦੇ ਤੇਜ਼ਾਬ ਤੋਂ ਬਚਾਉਂਦਾ ਹੈ। ਤੀਸਰੀ ਗ੍ਰੰਥੀ ਵਿਚ ਤਿੰਨ ਪ੍ਰਕਾਰ ਦੀਆਂ ਕੋਸ਼ਿਕਾਵਾਂ ਹੁੰਦੀਆਂ ਹਨ। ਇਨ੍ਹਾਂ ਕੋਸ਼ਿਕਾਵਾਂ ਵਿਚ ਵਿਟਾਮਿਨ ਬੀ$_{੧੨}$ ਨੂੰ ਜਜ਼ਬ ਕਰਨ ਵਾਲਾ ਰਸ ਅਤੇ ਪ੍ਰੋਟੀਨ ਦੀ ਪਾਚਨਤਾ ਕਰਨ ਵਾਲੇ ਰਸਾਇਣੀ ਖਮੀਰ (enzymes) ਪੈਪਸਿਨ ਅਤੇ ਦੁੱਧ ਚੁੰਘਦੇ ਸੂਰਾਂ ਦੇ ਮਿਹਦੇ ਵਿਚੋਂ ਦੁੱਧ ਵਿਚਲੀ ਪ੍ਰੋਟੀਨ ਨੂੰ ਪਾੜਨ ਲਈ ਰੈਨਿਨ ਨਿਕਲਦੇ ਹਨ। ਪੈਪਸਿਨ ਪੈਪਸਿਨੋਜਨ ਤੋਂ ਬਣਦਾ ਹੈ ਅਤੇ ਮਿਹਦੇ ਵਿਚ ਤੇਜ਼ਾਬੀ ਮਾਦੇ ਦੀ ਹੋਂਦ ਵਿਚ ਹੀ ਪ੍ਰੋਟੀਨ ਨੂੰ ਤੋੜਨ ਦਾ ਕੰਮ ਹੈ।

**ਛੋਟੀ ਅੰਤੜੀ:** ਮਿਹਦੇ ਵਿਚ ਅਧੂਰਾ ਪਚਿਆ ਹੋਇਆ ਦਾਣਾ ਡਿਉਡੀਨਮ ਜੋ ਕਿ ਅੰਗਰੇਜ਼ੀ ਦੇ ਲਫਜ਼ ਯੂ (U) ਵਾਂਗ ਹੁੰਦਾ ਹੈ ਇਸ ਵਿਚੋਂ ਹੁੰਦਾ ਹੋਇਆ ਛੋਟੀ ਅੰਤੜੀ ਵਿਚ ਦਾਖਲ ਹੁੰਦਾ ਹੈ ਇਥੇ ਇਸ ਵਿਚ, ਜਿਗਰ ਤੇ ਪੈਨਕਰੀਆਜ਼ ਵਿਚੋਂ ਨਿਕਲੇ ਰਸ ਮਿਲ ਜਾਂਦੇ ਹਨ। ਜਿਹੜੇ ਕਿ ਮਿਹਦੇ ਦੇ ਤੇਜ਼ਾਬੀ ਮਾਦੇ ਨੂੰ ਹੱਲ ਕਰਦੇ ਹਨ। ਪਿੱਤੇ ਦਾ ਰਸ ਜਿਗਰ ਤੋਂ ਆਉਂਦਾ ਹੈ ਅਤੇ ਇਸ ਵਿਚ ਪਾਏ ਜਾਣ ਵਾਲੇ ਲੂਣ ਅਤੇ ਪੈਨਕਰੀਆਜ਼ ਚੋਂ ਨਿਕਲੇ ਰਸਾਇਣੀ ਖਮੀਰ ਲਾਈਪੇਜ਼ ਨੂੰ ਕ੍ਰਿਆਸ਼ੀਲ ਕਰਦੇ ਹਨ ਅਤੇ ਖੁਰਾਕ ਵਿਚਲੀ ਚਰਬੀ ਦੇ ਪਾਚਣ ਵਿਚ ਸਹਾਇਤਾ ਕਰਦੇ ਹਨ।

ਪੈਨਕੀਆਜ਼ ਵਿਚੋਂ ਪ੍ਰੋਟੀਨ ਨੂੰ ਪਚਾਉਣ ਵਾਲੇ ਟ੍ਰਿਪਸਿਨੋਜਨ ਜੋ ਕਿ ਐਨਟੈਰੋਕਾਈਨੇਜ਼ ਦੀ ਕ੍ਰਿਆ ਨਾਲ ਟ੍ਰਿਪਸਿਨ ਵਿੱਚ ਬਦਲਦਾ ਹੈ ਇਸੇ ਤਰ੍ਹਾਂ ਟ੍ਰਿਪਸਿਨ ਕਾਇਮੋਟ੍ਰਿਪਸਿਨੋਜਨ ਨੂੰ ਕਾਇਮੋਟ੍ਰਿਪਸਿਨ ਵਿੱਚ ਬਦਲਦਾ ਹੈ, ਟ੍ਰਿਪਸਿਨ ਪਰੋਕਾਰਬੋਕਸੀਪੈਪਟੀਡੇਜ਼ ਨੂੰ ਵੀ ਕਾਰਬੋਕਸੀਪੈਪਟੀਡੇਜ਼ ਵਿੱਚ ਬਦਲਦਾ ਹੈ, ਇਹ ਸਾਰੇ ਅਤੇ ਅਮੀਨੋ ਪੈਪਟੀਡੇਜ ਰਸ ਪ੍ਰੋਟੀਨ ਨੂੰ ਤੋੜ ਕੇ ਛੋਟੇ ਪ੍ਰੋਟੀਨ ਜੋ ਕਿ ਪੋਲੀਪੈਪਟਾਈਡ ਤੇ ਪੈਪਟਾਈਡ ਬਣਾ ਦਿੰਦੇ ਹਨ। ਜਿਨ੍ਹਾਂ ਨੂੰ ਐਮਾਈਨੋ ਪੈਪਟੀਡੇਜ਼ ਤੋੜ ਕੇ ਅਮੀਨੋਂ ਐਸਿਡਾਂ ਵਿਚ ਬਦਲ ਦਿੰਦੇ ਹਨ ਜੋ ਕਿ ਅੰਤੜੀਆਂ ਵਿਚੋਂ ਜਜ਼ਬ ਹੋ ਜਾਂਦੇ ਹਨ।

ਨਿਸ਼ਾਸਤੇ ਨੂੰ ਹਜਮ ਕਰਨ ਲਈ ਐਮਾਈਲੇਜ਼ ਜੋ ਕਿ ਥੁਕ ਵਾਲੇ ਐਮਾਈਲੇਜ਼ ਵਾਂਗ ਹੀ ਨਿਸ਼ਾਸਤੇ ਨੂੰ ਡੈਕਸਟ੍ਰਾਨ ਤੇ ਮਾਲਟੋਜ਼ ਵਿਚ ਬਦਲ ਦਿੰਦਾ ਹੈ। ਛੋਟੀ ਅੰਤੜੀ ਵਿਚ ਹੋਰ ਐਨਜਾਈਮ ਵੀ ਪਾਏ ਜਾਂਦੇ ਹਨ। ਜਿਵੇ ਕਿ ਮਾਲਟੇਜ਼ ਜੋ ਮਾਲਟੋਜ਼ ਨੂੰ ਗੁਲੂਕੋਜ਼ ਅਤੇ ਸੂਕਰੇਜ ਖੰਡ ਨੂੰ ਗੁਲੂਕੋਜ਼ ਵਿਚ ਬਣਾ ਦਿੰਦਾ ਹੈ। ਮੁੱਖ ਖੁਰਾਕੀ ਤੱਤਾਂ ਦੀ ਬਹੁਤੀ ਪਾਚਨ ਕਿਰਿਆ ਛੋਟੀਆਂ ਅੰਤੜੀਆ ਵਿਚ ਹੁੰਦੀ ਹੈ ਅਤੇ ਪਚਿਆ ਹੋਇਆ ਦਾਨਾ ਇਨ੍ਹਾਂ ਵਿਚ ਜਜ਼ਬ ਹੋ ਜਾਂਦਾ ਹੈ।

**ਵੱਡੀ ਅੰਤੜੀ**: ਖੁਰਾਕੀ ਰੇਸ਼ੇ ਛੋਟੀ ਅੰਤੜੀ ਵਿਚ ਪੈਦਾ ਹੋਏ ਰਸਾਂ ਨਾਲ ਨਹੀ ਪੱਚ ਸਕਦੇ। ਵੱਡੀ ਅੰਤੜੀ ਵਿਚ ਕਾਫੀ ਮਾਤਰਾ ਵਿਚ ਜੀਵਾਣੂੰ ਹੁੰਦੇ ਹਨ। ਜਿਹੜੇ ਕਿ ਆਪਣੇ ਲਈ ਖੁਰਾਕੀ ਰੇਸ਼ਿਆਂ ਨੂੰ ਪਚਾਉਣ ਲਈ ਸੈਲੂਲੇਜ਼ ਰਸ ਪੈਦਾ ਕਰਦੇ ਹਨ। ਜਿਸਦੇ ਫਲਸਰੂਪ ਰੇਸ਼ੇ ਟੁੱਟ ਜਾਂਦੇ ਹਨ। ਅਤੇ ਵਾਸ਼ਪੀਸ਼ੀਲ ਫੈਟੀ ਐਸਿਡ (VFA) ਬਣਦੇ ਹਨ ਜੋ ਕਿ ਉਥੇ ਹੀ ਜ਼ਜਬ ਹੋ ਜਾਂਦੇ ਹਨ। ਪਾਣੀ ਅਤੇ ਲੂਣ ਵੀ ਵੱਡੀ ਅੰਤੜੀ ਵਿਚ ਹੀ ਜਜ਼ਬ ਹੋ ਜਾਂਦੇ ਹਨ। ਅੰਤ ਵਿਚ ਅਣਪਚਿਆ ਖਾਣਾ ਮੱਲ ਦੁਆਰ ਰਾਹੀਂ ਸਰੀਰ ਤੋਂ ਬਾਹਰ ਹੋ ਜਾਂਦਾ ਹੈ।

# ਸੂਰਾਂ ਲਈ ਖੁਰਾਕ

ਸੂਰ ਇਕ ਜਿਉਂਦੀ ਜਾਗਦੀ ਮਸ਼ੀਨ ਹਨ ਜੋ ਕਿ ਭੋਜਨ ਖਾ ਕੇ ਸਾਡੇ ਲਈ ਵਧੀਆਂ ਅਤੇ ਸਸਤਾ ਮੀਟ ਪੈਦਾ ਕਰਦੀ ਹੈ। ਇਸ ਮਸ਼ੀਨ ਰਾਹੀਂ ਮੀਟ ਪੈਦਾ ਕਰਨ ਲਈ ਸੂਰਾਂ ਦੇ ਸਰੀਰ ਵਿਚ ਬਹੁਤ ਸਾਰੀਆਂ ਕ੍ਰਿਆਵਾਂ ਨਿਰੰਤਰ ਚਲਦੀਆਂ ਹਨ ਜਿਨ੍ਹਾਂ ਨਾਲ ਸਰੀਰ ਵਿਚ ਤਾਪ ਅਤੇ ਸ਼ਕਤੀ ਪੈਦਾ ਹੁੰਦੀ ਹੈ। ਖੁਰਾਕ, ਸਰੀਰ ਰੂਪੀ ਇੰਜਨ ਨੂੰ ਚਲਾਉਣ ਲਈ ਇਕ ਜਰੂਰੀ ਬਾਲਣ ਹੈ।ਸੂਰ ਪਾਲਣ ਦੇ ਕੁਝ ਖਰਚ ਦਾ 70-80 ਫੀਸਦੀ ਖਰਚ ਖੁਰਾਕ ਤੇ ਆਉਂਦਾ ਹੈ। ਸੂਰ ਪਾਲਣ ਦੇ ਕਿੱਤੇ ਤੋ ਵੱਧ ਲਾਭ ਲੈਣ ਲਈ ਸੂਰਾਂ ਨੂੰ ਸਸਤੀ ਖੁਰਾਕ ਪਾਉਣੀ ਚਾਹੀਦੀ ਹੈ। ਖੁਰਾਕ ਸਸਤੀ ਹੋਣ ਦੇ ਨਾਲ ਨਾਲ ਸੰਤੁਲਿਤ ਵੀ ਹੋਣੀ ਚਾਹੀਦੀ ਹੈ।ਇਸ ਨਾਲ ਸੂਰਾਂ ਦੇ ਵੱਧਣ ਫੁੱਲਣ ਦੀ ਰਫਤਾਰ ਨਹੀਂ ਘੱਟਦੀ।ਜੋ ਕੁਝ ਅਸੀ ਸੂਰਾਂ ਨੂੰ ਖੁਆਉਦੇ ਹਾਂ ਉਹ ਅੰਤੜੀਆਂ ਵਿਚ ਹਜ਼ਮ ਹੋ ਕੇ ਸ਼ੋਸ਼ਿਤ (Absorb) ਹੋ ਜਾਂਦਾ ਹੈ। ਅਤੇ ਖੂਨ ਵਿਚ ਜਾ ਰਲਦਾ ਹੈ। ਖੂਨ ਰਾਹੀਂ ਇਹ ਖੁਰਾਕੀ ਤੱਤ ਸਰੀਰ ਵਿਚਲੇ ਵੱਖੋ-ਵੱਖਰੇ ਅੰਗਾਂ ਤਕ ਪਹੁੰਚਦੇ ਹਨ।ਅਤੇ ਸੂਰਾਂ ਦੇ ਸਰੀਰ ਵਿਚ ਨਿਮਨ ਲਿਖਤ ਕੰਮ ਕਰਦੇ ਹਨ।

ਖੁਰਾਕ ਦੇ ਸਰੀਰ ਵਿਚ ਕੰਮ

1. ਸਰੀਰ ਵਿਚ ਹੋਣ ਵਾਲੀਆਂ ਸਾਰੀਆਂ ਪ੍ਰਕ੍ਰਿਆਵਾਂ ਨੂੰ ਕਰਨ ਲਈ ਊਰਜਾ ਪ੍ਰਦਾਨ ਕਰਦੀ ਹੈ।
2. ਸਰੀਰ ਦਾ ਤਾਪਮਾਨ ਬਣਾਈ ਰਖਦੀ ਹੈ।
3. ਸਰੀਰਕ ਵਾਧੇ (ਢਾਂਚਾ ਅਤੇ ਮਾਸ ਪੇਸ਼ੀਆਂ) ਲਈ ਖੁਰਾਕ ਜ਼ਰੂਰੀ ਹੈ।
4. ਸਰੀਰ ਦੇ ਟੁੱਟੇ ਭੱਜੇ ਤੰਤੂਆਂ ਅਤੇ ਨਸ਼ਟ ਹੋਏ ਅੰਗਾਂ ਦੀ ਮੁਰੰਮਤ ਕਰਦੀ ਹੈ।
5. ਪ੍ਰਜਣਨ ਕਿਰਿਆ ਲਈ ਲੋੜੀਂਦੀ ਹੈ।
6. ਸਰੀਰ ਵਿਚ ਪ੍ਰਤਿ ਜੈਵਿਕ ਪਦਾਰਥਾਂ ਦਾ ਨਿਰਮਾਣ ਕਰਕੇ ਬਿਮਾਰੀਆਂ ਤੋਂ ਬਚਾਉਣਾ ਅਤੇ ਸਰੀਰ ਨੂੰ ਤੰਦਰੁਸਤ ਅਤੇ ਨਰੋਆ ਰੱਖਣਾ।

ਖੁਰਾਕੀ ਅੰਸ਼ ਵੱਖੋ ਵੱਖਰੇ ਤੱਤਾਂ ਦਾ ਮਿਸ਼ਰਣ ਹਨ ਇਹ ਸਾਰੇ ਤੱਤ ਖੁਰਾਕ ਰਾਹੀਂ ਸੂਰਾਂ ਨੂੰ ਮੁਹੱਈਆਂ ਕੀਤੇ ਜਾਦੇ ਹਨ।

1. ਪਾਣੀ

2. ਸੁੱਕਾ ਮਾਦਾ:-ਨਿਸ਼ਾਸਤਾ, ਚਰਬੀ, ਪ੍ਰੋਟੀਨ, ਖਣਿਜ ਪਦਾਰਥ ਅਤੇ ਵਿਟਾਮਿਨਾਂ ਦਾ ਮਿਸ਼ਰਣ ਹੈ।

**ਪਾਣੀ:** ਸਰੀਰ ਦਾ ਬਹੁਤ ਸਾਰਾ ਹਿੱਸਾ ਪਾਣੀ ਦਾ ਬਣਿਆ ਹੁੰਦਾ ਹੈ ਕਿਉਂਕਿ ਸਰੀਰ ਵਿਚ ਪਾਣੀ ਕਾਫੀ ਮੱਹਤਵ ਪੂਰਨ ਕੰਮ ਕਰਦਾ ਹੈ।

**ਸਰੀਰ ਵਿਚ ਪਾਣੀ ਦੇ ਮੁੱਖ ਕੰਮ:**

1. ਪਾਚਨ,ਸੋਖਣ ਅਤੇ ਉਤਸਰਜਨ ਵਰਗੀਆਂ ਕ੍ਰਿਆਵਾਂ ਪਾਣੀ ਵਿਚ ਹੀ ਹੁੰਦੀਆਂ ਹਨ।
2. ਸਾਰੀਆਂ ਕੋਸ਼ਿਕਾਵਾਂ ਨੂੰ ਠੀਕ ਵਾਤਾਵਰਣ ਦਿੰਦਾ ਹੈ।
3. ਸਰੀਰ ਵਿਚਲੇ ਪਦਾਰਥਾਂ ਨੂੰ ਇਕ ਹਿੱਸੇ ਤੋਂ ਦੂਜੇ ਹਿੱਸੇ ਤੱਕ ਲਿਜਾਣ ਵਿਚ ਮਦਦ ਕਰਦਾ ਹੈ।
4. ਸਰੀਰ ਦਾ ਤਾਪਮਾਨ ਸਥਿਰ ਕਰਨ ਵਿਚ ਮਦਦ ਕਰਦਾ ਹੈ।
5. ਇਹ ਫਾਲਤੂ ਅਤੇ ਜ਼ਹਿਰੀਲੇ ਪਦਾਰਥਾਂ ਨੂੰ ਸਰੀਰ ਵਿਚੋਂ ਬਾਹਰ ਕੱਢਣ ਵਿਚ ਸਹਾਇਤਾ ਕਰਦਾ ਹੈ।
6. ਇਹ ਖ਼ੂਨ ਅਤੇ ਲਸੀਕਾ ਅਤੇ ਸਰੀਰ ਦੇ ਬਾਕੀ ਤਰਲ ਪਦਾਰਥਾਂ ਦਾ ਇੱਕ ਹਿੱਸਾ ਹੈ।
7. ਸਰੀਰ ਦੀਆਂ ਜ਼ਿਆਦਾਤਰ ਕ੍ਰਿਆਵਾ ਘੋਲ ਅਵਸਥਾ ਵਿਚ ਹੀ ਹੁੰਦੀਆਂ ਹਨ।
8. ਪਾਣੀ ਦੁੱਧ ਦਾ ਇਕ ਅਨਿਖੜਵਾਂ ਹਿੱਸਾ ਹੈ ਜੋ ਕਿ ਛੋਟੇ ਬੱਚਿਆਂ ਦੀ ਖੁਰਾਕ ਦਾ ਇਕ ਅਹਿਮ ਹਿੱਸਾ ਹੈ।

ਸੂਰਾਂ ਨੂੰ ਹਰ ਵੇਲੇ ਕਾਫੀ ਮਾਤਰਾ ਵਿਚ ਪਾਣੀ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਪਾਣੀ ਸੂਰਾਂ ਨੂੰ ਹਰ ਵੇਲੇ ਮਿਲਣਾ ਚਾਹੀਦਾ ਹੈ।ਸੂਰਾਂ ਨੂੰ ਪਾਣੀ ਦੀ ਲੋੜ ਸਰੀਰ ਦੇ ਭਾਰ, ਮੌਸਮ, ਖੁਰਾਕ ਵਿਚ ਨਮੀ, ਖੁਰਾਕ ਦੀ ਕਿਸਮ, ਦੁੱਧ ਦੀ ਪੈਦਾਵਾਰ ਆਦਿ ਤੇ ਮੁਨੱਸਰ ਕਰਦੀ ਹੈ। ਛੋਟੇ ਬੱਚਿਆਂ ਵਿਚ ਪਾਣੀ ਦੀ ਜ਼ਰੂਰਤ ਮੋਟੇ ਹੋਣ ਵਾਲੇ ਸੂਰਾਂ ਦੇ ਮੁਕਾਬਲੇ ਕਾਫੀ ਜ਼ਿਆਦਾ ਹੁੰਦੀ ਹੈ। ਜੇਕਰ ਸੂਰਾਂ ਨੂੰ ਜ਼ਰੂਰਤ ਮੁਤਾਬਕ ਪਾਣੀ ਨਾ ਮਿਲੇ ਤਾਂ ਇਹ ਖੁਰਾਕ ਘੱਟ ਖਾਂਦੇ ਹਨ ਜਿਸਦੇ ਸਿੱਟੇ ਵਜੋਂ ਇਨ੍ਹਾਂ ਦੇ ਭਾਰ ਵੱਧਣ ਦੀ ਰਫਤਾਰ ਘੱਟ ਜਾਂਦੀ ਹੈ।

ਸੂਰਾਂ ਦੀ ਰੋਜ਼ਾਨਾ ਪਾਣੀ ਦੀ ਅੰਦਾਜਨ ਜ਼ਰੂਰਤ

| ਨੰ. | ਸਰੀਰਕ ਦਸ਼ਾ | ਘੱਟੋ ਘੱਟ ਪਾਣੀ ਦੀ ਮਾਤਰਾ (ਲਿਟਰ/ਦਿਨ) | ਕਿੰਨੀ ਵਾਰੀ |
|---|---|---|---|
| ੧. | ਦੁੱਧ ਚੁੰਘਦੇ ਬੱਚੇ | ਖੁੱਲਾ/ ਰਜਵਾਂ | ਹਮੇਸ਼ਾ |
| ੨. | ਦੁੱਧ ਛੁਡਾਏ ਬੱਚੇ | ਖੁੱਲਾ/ ਰਜਵਾਂ | ਹਮੇਸ਼ਾ |
| ੩. | ਵੱਧਣ ਵਾਲੇ (10-75) | 1-6 | 2-3 ਵਾਰੀ |
| ੪. | ਗੱਭਣ ਸੂਰੀ | 4-6 | 3-4 ਵਾਰੀ |
| ੫. | ਦੁੱਧ ਚੁੰਘਾਉਂਦੀ ਸੂਰੀ | 12-21 | ਘੱਟੋ ਘੱਟ 2 ਵਾਰੀ |

**ਨਿਸ਼ਾਸਤਾ (Starch):** ਨਿਸ਼ਾਸਤਾ ਸਰੀਰ  ਵਿਚ ਗਰਮੀ ਅਤੇ ਸ਼ਕਤੀ ਪੈਦਾ ਕਰਦਾ ਹੈ। ਸਰੀਰ ਵਿਚ ਪ੍ਰੋਟੀਨ ਨੂੰ ਊਰਜਾ ਪੈਦਾ ਕਰਨ ਤੋ ਰੋਕਦਾ ਹੈ। ਜੇਕਰ ਇਹ ਖੁਰਾਕ ਵਿਚ ਲੋੜ ਤੋ ਜ਼ਿਆਦਾ ਹੋਣ ਤਾਂ ਸਰੀਰ ਵਿਚ ਇਹ ਚਰਬੀ ਵਿਚ ਤਬਦੀਲ ਹੋ ਕਿ ਜਮਾਂ ਹੁੰਦੇ ਰਹਿੰਦੇ ਹਨ। ਜਿਸ ਨਾਲ ਸੂਰਾਂ ਵਿਚ ਮਾਸ ਦੇ ਮੁਕਾਬਲੇ ਚਰਬੀ ਦੀ ਮਾਤਰਾ ਵੱਧ ਜਾਂਦੀ ਹੈ। ਸੂਰਾਂ ਦੀ ਖੁਰਾਕ ਵਿਚ 70-80 % ਊਰਜਾ ਨਿਸ਼ਾਸਤੇ ਤੋਂ ਹੀ ਮਿਲਦੀ ਹੈ ਜੋ ਕਿ ਊਰਜਾ ਦਾ ਇਕ ਸਸਤਾ ਸ੍ਰੋਤ ਹੈ।

**ਚਰਬੀ (Fats):** ਨਿਸ਼ਾਸ਼ਤੇ ਦੇ ਮੁਕਾਬਲੇ ਚਰਬੀ ਵਿਚ 2.25 ਗੁਣਾ ਜ਼ਿਆਦਾ ਊਰਜਾ ਹੁੰਦੀ ਹੈ। ਚਿਕਨਾਈ ਅਤੇ ਤੇਲ ਆਪਸ ਵਿਚ ਬਹੁਤ ਮਿਲਦੇ ਜੁਲਦੇ ਹਨ। ਪਰ ਆਮ ਤਾਪਮਾਨ ਤੇ ਜਿਥੇ ਚਿਕਨਾਈ ਠੋਸ ਰੂਪ ਵਿਚ ਹੁੰਦੀ ਹੈ ਪਰੰਤੂ ਤੇਲ ਤਰਲ ਰੂਪ ਵਿਚ ਮਿਲਦਾ ਹੈ। ਚਰਬੀ ਘੁਲਣਸ਼ੀਲ ਵਿਟਾਮਿਨਾਂ (ਏ, ਡੀ,ਈ ਅਤੇ ਕੇ) ਦਾ ਸ੍ਰੋਤ ਹੈ। ਚਰਬੀ ਸਰੀਰ ਦੇ ਕੋਮਲ ਅੰਗਾਂ ਦੀ ਰੱਖਿਆ ਕਰਦੀ ਹੈ। ਅਤੇ ਚਮੜੀ ਚਮਕਦਾਰ ਹੁੰਦੀ ਹੈ। ਜੇਕਰ ਸੂਰਾਂ ਦੀ ਖੁਰਾਕ ਵਿਚ ਚਿਕਨਾਈ ਬਿਲਕੁਲ ਨਾ ਹੋਵੇ ਤਾ ਸੂਰਾਂ ਦਾ ਭਾਰ ਘੱਟ ਵੱਧਦਾ ਹੈ ਅਤੇ ਲਿੰਗੀ ਵਾਧਾ ਵੀ ਰੁਕ ਜਾਂਦਾ ਹੈ ਸੂਰਾਂ ਨੂੰ ਭੁੱਖ ਵੀ ਘੱਟ ਲਗਦੀ ਹੈ ਅਤੇ ਚਮੜੀ ਤੇ ਸਿਕਰੀ ਜਿਹੀ ਦੀ ਤਹਿ ਬਣ ਜਾਂਦੀ ਹੈ।ਚਰਬੀ ਵਿਚ ਘੁਲਣ ਵਾਲੇ ਵਿਟਾਮਿਨਾਂ ਦੀ ਘਾਟ ਹੋਣ ਕਰਕੇ ਕਈ ਤਰ੍ਹਾਂ ਦੇ ਵਿਕਾਰ ਪੈਦਾ ਹੋ ਜਾਂਦੇ ਹਨ। ਪਰ ਜੇਕਰ ਚਿਕਨਾਈ ਦੀ ਮਾਤਰਾ ਬਹੁਤ ਜਿਆਦਾ ਹੋਵੇ ਤਾਂ ਇਸ ਨਾਲ ਪਾਚਨ ਪ੍ਰਣਾਲੀ ਉਤੇ ਮੰਦਾ ਅਸਰ ਪੈਂਦਾ ਹੈ।

**ਪ੍ਰੋਟੀਨ (Protien):** ਪ੍ਰੋਟੀਨ ਵਿਚ ਕਈ ਤਰ੍ਹਾਂ ਦੇ ਅਮੀਨੋ ਐਸਿਡ ਹੁੰਦੇ ਹਨ। ਇਨ੍ਹਾਂ ਦੀ ਗਿਣਤੀ 22 ਹੈ। ਜੋ ਹਰੇਕ ਪ੍ਰੋਟੀਨ ਵਿਚ ਅਲੱਗ ਅਲੱਗ ਮਾਤਰਾ ਵਿਚ ਮਿਲਦੇ ਹਨ । ਇਨ੍ਹਾਂ ਅਮੀਨੋ ਐਸਿਡਾਂ ਤੇ ਹੀ ਕਿਸੇ ਪ੍ਰੋਟੀਨ ਦਾ ਵਧੀਆ ਜਾਂ ਘਟੀਆ ਹੋਣਾ ਨਿਰਭਰ ਹੁੰਦਾ ਹੈ। ਇਨ੍ਹਾਂ ਅਮੀਨੋ ਐਸਿਡਾਂ ਵਿਚੋਂ ਕੁਝ ਜੀਵਨ ਲਈ ਬਹੁਤ ਜਰੂਰੀ ਹੁੰਦੇ ਹਨ।ਇਨ੍ਹਾਂ ਅਮੀਨੋ ਐਸਿਡਾਂ ਦੀ ਮਾਤਰਾ ਖੁਰਾਕ ਵਿਚ ਪੂਰੀ ਹੋਣੀ ਚਾਹੀਦੀ ਹੈ। ਕਿਉਂਕਿ ਇਹ ਸਰੀਰ ਵਿਚ ਦੂਜੇ ਅਮੀਨੋ ਐਸਿਡਾਂ ਤੋ ਨਹੀਂ ਬਣ ਸਕਦੇ।ਇਸ ਲਈ ਇਨ੍ਹਾਂ ਨੂੰ ਜ਼ਰੂਰੀ ਅਮੀਨੋ ਐਸਿਡ ਆਖਦੇ ਹਨ। ਦੋਹੇ ਤਰ੍ਹਾਂ ਦੇ ਅਮੀਨੋ ਐਸਿਡ ਸਰੀਰ ਦੀ ਢਾਹ ਉਸਾਰੀ ਦੇ ਕੰਮ ਕਰਦੇ ਹਨ।ਇਸ ਤਰ੍ਹਾਂ ਅਮੀਨੋ ਐਸਿਡਾਂ ਦੀਆਂ ਦੋ ਕਿਸਮਾਂ ਹਨ।

**ਜਰੂਰੀ ਅਮੀਨੋ ਐਸਿਡ**: ਇਹ ਸਰੀਰ ਵਿਚ ਦੂਜੇ ਅਮੀਨੋ ਐਸਿਡਾਂ ਤੋ ਨਹੀਂ ਬਣ ਸਕਦੇ। ਇਸ ਲਈ ਇਹ ਖੁਰਾਕ ਵਿੱਚ ਜੋਣੇ ਜ਼ਰੂਰੀ ਹਨ।ਆਰਜੀਨੀਨ, ਵੈਲੀਨ, ਹਿਸਟੀਡੀਨ, ਆਈਸੋ ਲਿਉਸੀਨ, ਲਿਉਸੀਨ, ਲਾਈਸੀਨ, ਮਿਥਾਉਨੀਨ, ਫਿਨਾਈਲ ਐਲਾਨੀਨ, ਟ੍ਰਿਪਟੋਫੇਨ ਅਤੇ ਥਰੀਓਨੀਨ ਖੁਰਾਕ ਵਿੱਚ ਹੋਣੇ ਜ਼ਰੂਰੀ ਹਨ।

**ਗੈਰ ਜਰੂਰੀ ਅਮੀਨੋ ਐਸਿਡ**: ਇਹ ਅਮੀਨੋ ਐਸਿਡ ਵੀ ਸਰੀਰਕ ਢਾਹ ਉਸਰੀ ਲਈ ਓਨੇ ਹੀ ਜਰੂਰੀ ਹਨ ਜਿੰਨੇ ਕਿ ਜਰੂਰੀ ਅਮੀਨੋ ਐਸਿਡ। ਇਨ੍ਹਾਂ ਅਮੀਨੋ ਐਸਿਡਾਂ ਦਾ ਸਰੀਰ ਵਿਚ ਦੂਜੇ ਅਮੀਨੋ ਐਸਿਡਾਂ ਤੋ ਨਿਰਮਾਣ ਹੋ ਸਕਦਾ ਹੈ। ਇਸ ਲਈ ਇਨ੍ਹਾਂ ਦਾ ਖੁਰਾਕ ਵਿਚ ਹੋਣਾ ਜਿਆਦਾ ਜਰੂਰੀ ਨਹੀ। ਗੈਰ ਜਰੂਰੀ ਅਮੀਨੋ ਐਸਿਡਾਂ ਵਿਚ ਐਲਾਨੀਨ,ੈਸਪਾਰਟਿਕ ਐਸਿਡ, ਸਿਸਟੀਨ, ਸਿਸਟਾਈਨ, ਗਲੁਟੈਮਿਕ ਐਸਿਡ, ਗਲੁਟਾਮੀਨ, ਗਲਾਈਸੀਨ, ਹਾਈਡਰੋਕਸੀ ਪ੍ਰੋਲੀਨ, ਪ੍ਰੋਲੀਨ, ਸੀਰੀਨ ਅਤੇ ਟਾਇਰੋਸੀਨ ਆਉਂਦੇ ਹਨ।

**ਸਰੀਰ ਵਿਚ ਪ੍ਰੋਟੀਨ (ਅਮੀਨੋ ਐਸਿਡਾਂ ) ਦਾ ਕੰਮ**

1. ਸਰੀਰਕ ਵਾਧਾ
2. ਨਵੀਆਂ ਕੋਸ਼ਿਕਾਵਾਂ ਬਣਾਉਣਾ ਅਤੇ ਤੰਤੂਆਂ ਦੀ ਮੁਰੰਮਤ ਕਰਨਾ।
3. ਐਨਜ਼ਾਈਮ ਬਣਾਉਣਾ: ਸਾਰੇ ਐਨਜ਼ਾਈਮ ਪ੍ਰੋਟੀਨ ਹੀ ਹੁੰਦੇ ਹਨ। ਜੋ ਕਿ ਸਰੀਰਕ ਢਾਹ ਉਸਾਰੀ ਵਾਲੀਆਂ, ਪਾਚਨ ਆਦਿ ਪ੍ਰਕਿਰਿਆਵਾਂ ਵਿਚ ਹਿੱਸਾ ਲੈਂਦੇ ਹਨ।
4. ਸਰੀਰ ਵਿਚ ਹਾਰਮੋਨਜ਼ ਦਾ ਨਿਰਮਾਣ ਕਰਦੇ ਹਨ। ਜੋ ਕਿ ਸਰੀਰ ਦੀਆਂ ਕ੍ਰਿਆਵਾਂ ਨੂੰ ਕਾਬੂ ਰੱਖਦੇ ਹਨ।

5. ਪ੍ਰੋਟੀਨ ਸਰੀਰ ਨੂੰ ਰੋਗਾਂ ਨਾਲ ਲੜਨ ਲਈ ਰੋਗ ਪ੍ਰਤਿਰੋਧਕ ਤੱਤਾਂ ਦਾ ਨਿਰਮਾਣ ਕਰਦਾ ਹੈ।
6. ਪ੍ਰੋਟੀਨ ਖੂਨ ਦਾ ਇਕ ਅਹਿਮ ਹਿੱਸਾ ਹੈ। ਖੂਨ ਵਿਚਲੇ ਲਾਲ ਰਕਤਾਣੂ (RBC) ਜਿਸਨੂੰ ਹੇਮੋਗਲੋਬਿਨ (Haemoglobin) ਕਹਿੰਦੇ ਹਨ ਗਲੋਬਿਨ ਨਾਂ ਦੀ ਪ੍ਰੋਟੀਨ ਅਤੇ ਲੋਹੇ (iron) ਦਾ ਸੰਗਠਨ ਹੈ।
7. ਬੱਚਿਆਂ ਲਈ ਦੁੱਧ ਦਾ ਨਿਰਮਾਨ ਕਰਨਾ ।ਦੁੱਧ ਵਿਚਲੀ ਪ੍ਰੋਟੀਨ ਦਾ ਨਾਂ ਕੇਸੀਨ (Casein) ਹੈ।
8. ਕਈ ਹਾਲਤਾਂ ਵਿਚ ਸਰੀਰ ਵਿਚ ਊਰਜਾ ਵੀ ਪ੍ਰਦਾਨ ਕਰਦੀ ਹੈ।

**ਪ੍ਰੋਟੀਨ ਦੀ ਘਾਟ:** ਜੇਕਰ ਖੁਰਾਕ ਵਿਚ ਪ੍ਰੋਟੀਨ ਦੀ ਕਮੀ ਆ ਜਾਵੇ ਤਾਂ ਹੇਠ ਲਿਖੀਆਂ ਨਿਸ਼ਾਨੀਆਂ ਸਾਫ ਦਿਖਾਈ ਦਿੰਦੀਆਂ ਹਨ।

1. ਸੂਰਾਂ ਦਾ ਭਾਰ ਵਾਧਾ ਰੁੱਕ ਜਾਂਦਾ ਹੈ ਜਾਂ ਘੱਟ ਜਾਂਦਾ ਹੈ।
2. ਪਾਚਣ ਪ੍ਰਣਾਲੀ ਤੇ ਬੁਰਾ ਅਸਰ ਪੈਦਾ ਹੈ।
3. ਪ੍ਰਜਣਨ ਪ੍ਰਕਿਰਿਆ ਵਿਚ ਰੁਕਾਵਟ ਪੈਂਦੀ ਹੈ।
4. ਕਮਜ਼ੋਰ ਜਾਂ ਮਰੇ ਹੋਏ ਬੱਚੇ ਪੈਦਾ ਹੁੰਦੇ ਹਨ।
5. ਖੂਨ ਦੀ ਕਮੀ ਹੋ ਜਾਂਦੀ ਹੈ।
6. ਸਰੀਰ ਵਿਚ ਖੁਰਾਕ ਦੀ ਵਰਤੋਂ ਦੀ ਸਮਰੱਥਾ ਘੱਟ ਜਾਂਦੀ ਹੈ।
7. ਮੀਟ ਵਿਚ ਵਧੇਰੇ ਚਰਬੀ ਜਮ੍ਹਾਂ ਹੋ ਜਾਂਦੀ ਹੈ।

ਖੁਰਾਕ ਵਿਚ ਪ੍ਰੋਟੀਨ ਦੀ ਮਾਤਰਾ ਵਧਾਉਂਣ ਨਾਲ ਕੋਈ ਲਾਭ ਨਹੀਂ ਹੁੰਦਾ ਸਗੋਂ ਇਸ ਦਾ ਸਰੀਰ ਤੇ ਉਲਟਾ ਅਸਰ ਪੈਦਾ ਹੈ। ਗੁਰਦਿਆਂ, ਕਲੇਜੇ ਤੇ ਸਪਲੀਨ ਦਾ ਆਕਾਰ ਵੱਧ ਜਾਂਦਾ ਹੈ।ਸੂਰਾਂ ਨੂੰ ਦਸਤ ਆਉਣੇ ਸ਼ੁਰੂ ਹੋ ਜਾਂਦੇ ਹਨ।

ਲੋੜ ਤੋਂ ਵਧੇਰੇ ਪ੍ਰੋਟੀਨ ਵਾਲੀ ਖੁਰਾਕ ਮਹਿੰਗੀ ਵੀ ਪੈਂਦੀ ਅਤੇ ਵਾਧੂ ਪ੍ਰੋਟੀਨ ਨੂੰ ਸਰੀਰ ਵਿਚੋਂ ਬਾਹਰ ਕੱਢਣ ਲਈ ਸੂਰਾਂ ਦੇ ਸਰੀਰ ਤੇ ਬੋਝ ਵੀ ਪੈਂਦਾ ਹੈ ਇਸ ਲਈ ਸੂਰਾਂ ਦੀ ਖੁਰਾਕ ਵਿਚ ਪ੍ਰੋਟੀਨ ਦੀ ਉੱਚਿਤ ਮਾਤਰਾ ਹੀ ਹੋਣੀ ਚਾਹੀਦੀ ਹੈ।

# ਸੂਰਾਂ ਲਈ ਵਿਟਾਮਿਨਾਂ ਦੀ ਮਹੱਤਤਾ

ਪ੍ਰੋਟੀਨ, ਚਰਬੀ ਅਤੇ ਨਿਸ਼ਾਸਤੇ ਦੀ ਤਰ੍ਹਾਂ ਵਿਟਾਮਿਨ ਵੀ ਸਰੀਰਕ ਕੰਮ ਕਾਜ ਨੂੰ ਠੀਕ ਢੰਗ ਨਾਲ ਚਲਾਉਣ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਅਤਿ ਜ਼ਰੂਰੀ ਹਨ। ਘੁਲਣਸ਼ੀਲਤਾ ਦੇ ਅਧਾਰ ਤੇ ਵਿਟਾਮਿਨਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ।

1. ਚਰਬੀ ਵਿਚ ਘੁਲਣਵਾਲੇ: ਏ, ਡੀ, ਈ ਅਤੇ ਕੇ
2. ਪਾਣੀ ਵਿਚ ਘੁਲਣਵਾਲੇ: ਵਿਟਾਮਿਨ ਬੀ ਸਮੂਹ ਅਤੇ ਸੀ (ਐਸਕਾਰਬਿਕ ਐਸਿਡ)।

**ਚਰਬੀ ਵਿਚ ਘੁਲਣਸ਼ੀਲ ਵਿਟਾਮਿਨ**

**ਵਿਟਾਮਿਨ ਏ**: ਇਹ ਚਰਬੀ ਵਿਚ ਘੁਲਣਸ਼ੀਲ ਵਿਟਾਮਿਨ ਹੈ ਸਰੀਰ ਵਿਚ ਇਸ ਦੇ ਮੁੱਖ ਕੰਮ ਇਸ ਪ੍ਰਕਾਰ ਹਨ।

1. ਘੱਟ ਰੋਸ਼ਨੀ ਵਿਚ ਵੀ ਅੱਖਾਂ ਦੀ ਜੋਤ ਬਣਾਈ ਰੱਖਦਾ ਹੈ।
2. ਸਰੀਰਕ ਵਾਧੇ ਲਈ ਜ਼ਰੂਰੀ ਹੈ।
3. ਚਮੜੀ ਨੱਕ, ਗਲਾ, ਸਾਹ ਪ੍ਰਣਾਲੀ, ਪਾਚਨ ਪ੍ਰਣਾਲੀ, ਪ੍ਰਜਣਨ ਤੇ ਪਿਸ਼ਾਬ ਪ੍ਰਣਾਲੀਆਂ ਨੂੰ ਤੰਦਰੁਸਤ ਬਣਾਈ ਰੱਖਦਾ ਹੈ।

**ਘਾਟ ਦੇ ਲੱਛਣ**

1. ਭੁੱਖ ਅਤੇ ਭਾਰ ਵਾਧੇ ਦੀ ਰਫਤਾਰ ਘੱਟ ਜਾਂਦੀ ਹੈ।
2. ਹੱਡੀਆਂ ਠੀਕ ਨਹੀਂ ਉਸਰਦੀਆਂ।
3. ਲੰਗੜਾਪਣ, ਚੱਲਣ ਲੱਗਿਆਂ ਤਾਲਮੇਲ ਨਾ ਹੋਣ ਕਰਕੇ ਪਿਛਲੀਆਂ ਲੱਤਾਂ ਤੇ ਕਾਬੂ ਨਹੀਂ ਰਹਿੰਦਾ।ਪਿੱਠ ਦੀ ਕਮਜ਼ੋਰੀ ।
4. ਘੱਟ ਦਿਸਣਾ ਜਾਂ ਅੰਨਾਪਣ ਆ ਜਾਣਾ।
5. ਸੂਰੀਆਂ ਹੇਹੇ ਵਿਚ ਨਹੀਂ ਆਉਂਦੀਆਂ।
6. ਕਈ ਵਾਰੀ ਭਰੂਣ ਗਰਭ ਵਿਚ ਹੀ ਜਜ਼ਬ ਹੋ ਜਾਂਦਾ ਹੈ ਜਾਂ ਫਿਰ ਮਰੇ ਹੋਏ ਬੱਚੇ ਪੈਦਾ ਹੁੰਦੇ ਹਨ।

7. ਇਕ ਟੱਕ ਦੇਖਣਾ।
8. ਸਿਰ ਇਕ ਪਾਸੇ ਕਰਨਾ।
9. ਸਰੀਰ ਸੁਸਤ
10. ਚਮੜੀ ਮੈਲੀ ਤੇ ਮੱਧਮ
11. ਸਾਹ ਔਖੇ ਅਤੇ ਵੱਧ ਘੱਟ ਨਬਜ਼ / ਦਿਲ ਦੀ ਧੜਕਣ ਅਤੇ ਅਚਾਨਕ ਮੌਤ

**ਵਿਟਾਮਿਨ ਡੀ :** ਇਹ ਵਿਟਾਮਿਨ ਚਮੜੀ ਦੇ ਹੇਠਾਂ ਸੂਰਜ ਦੀਆਂ ਕਿਰਨਾਂ ਦੇ ਅਸਰ ਨਾਲ ਬਣਦਾ ਹੈ ਇਸ ਦਾ ਮੁੱਖ ਕੰਮ ਹੈ।

1. ਸਰੀਰ ਵਿਚ ਕੈਲਸ਼ੀਅਮ ਅਤੇ ਫਾਸਫੋਰਸ ਦੀ ਸਹੀ ਵਰਤੋਂ ਲਈ ਸਹਾਇਤਾ ਕਰਨੀ ਹੈ।
2. ਸਰੀਰ ਦੀਆਂ ਅਤੇ ਗੱਭਣ ਸੂਰੀਆਂ ਵਿਚ ਭਰੂਣ ਦੀਆਂ ਹੱਡੀਆਂ ਅਤੇ ਦੰਦ ਬਣਾਉਣ ਵਿਚ ਸਹਾਇਤਾ ਕਰਨੀ ਹੈ।

**ਘਾਟ ਦੇ ਲੱਛਣ**

ਹੱਡੀਆਂ ਦਾ ਨਿਰਮਾਣ ਠੀਕ ਨਹੀਂ ਹੁੰਦਾ ਅਤੇ ਹੱਡੀਆਂ ਪੋਲੀਆਂ ਰਹਿ ਜਾਂਦੀਆਂ ਹਨ। ਛੋਟੇ ਬੱਚਿਆਂ ਵਿਚ ਇਸ ਨੂੰ ਰਿਕਟਸ ਆਖਦੇ ਹਨ।ਜਦੋਂ ਕਿ ਵੱਡਿਆਂ ਵਿਚ ਓਸਟੀਓ ਪਰੋਸਿਸ ਕਹਿੰਦੇ ਹਨ। ਇਨ੍ਹਾਂ ਦੋਹਾਂ ਹੀ ਹਾਲਤਾਂ ਵਿਚ ਜੋੜਾਂ ਦਾ ਆਕਾਰ ਵੱਧ ਜਾਂਦਾ ਹੈ।

**ਵਿਟਾਮਿਨ ਈ:** ਵਿਟਾਮਿਨ ਈ ਵੀ ਚਰਬੀ ਵਿਚ ਘੁਲਣਸ਼ੀਲ ਵਿਟਾਮਿਨ ਹੈ ਇਹ ਸਰੀਰ ਵਿਚ ਅੰਸਤ੍ਰਿਪਤ ਚਰਬੀ (Unsaturated fats) ਨੂੰ ਬਰਕਰਾਰ ਰੱਖਣ ਵਿਚ ਸਹਾਈ ਹੁੰਦਾ ਹੈ।ਪ੍ਰਜਣਨ ਕ੍ਰਿਆ ਠੀਕ ਰਖਦਾ ਹੈ।

**ਘਾਟ ਦੇ ਲੱਛਣ**

1. ਭੁੱਖ ਅਤੇ ਭਾਰ ਵਾਧੇ ਦੀ ਰਫਤਾਰ ਘੱਟ ਜਾਂਦੀ ਹੈ।
2. ਗੱਭਣ ਸੂਰੀਆਂ ਦੀ ਖੁਰਾਕ ਵਿਚ ਇਸ ਦੀ ਘਾਟ ਕਾਰਨ ਸੂਰੀਆਂ ਤੂਅ ਜਾਂਦੀਆਂ ਹਨ, ਬੱਚੇ ਕਮਜ਼ੋਰ ਜਾਂ ਫਿਰ ਭਰੂਣ ਗਰਭ ਦੌਰਾਨ ਹੀ ਮਰ ਜਾਂਦਾ ਹੈ।

3. ਦੁੱਧ ਦਿੰਦੀਆਂ ਸੂਰੀਆਂ ਵਿਚ ਇਸ ਦੀ ਘਾਟ ਨਾਲ ਦੁੱਧ ਚੁੰਘਦੇ ਬੱਚਿਆਂ ਵਿਚ ਮਾਸ ਪੇਸ਼ੀਆਂ ਦਾ ਤਾਲਮੇਲ ਖਤਮ ਹੋ ਜਾਂਦਾ ਹੈ।
4. ਨਰ ਸੂਰਾਂ ਦੇ ਵਿਚ ਸ਼ੁਕਰਾਣੂੰ ਨਹੀ ਬਣਦੇ।

**ਵਿਟਾਮਿਨ ਕੇ**: ਵਿਟਾਮਿਨ ਕੇ ਸਰੀਰ ਵਿਚ ਖੂਨ ਦੇ ਜੰਮਣ ਦੀ ਕ੍ਰਿਆ ਵਿਚ ਸਹਾਈ ਹੁੰਦਾ ਹੈ।

**ਘਾਟ ਦੇ ਲੱਛਣ**

ਇਸ ਦੀ ਘਾਟ ਨਾਲ ਭਾਰ ਵਿਚ ਵਾਧਾ ਘੱਟ ਜਾਂਦਾ ਹੈ।ਜ਼ਖਮ ਹੋਣ ਦੀ ਹਾਲਤ ਵਿਚ ਖੂਨ ਵੱਗਣ ਅਤੇ ਜ਼ਖਮਾਂ ਚੋਂ ਖੂਨ ਰੁਕਣ ਲਈ ਕਾਫੀ ਜ਼ਿਆਦਾ ਸਮਾਂ ਲਗਦਾ ਹੈ।ਜਰਕਾਨ ਅਤੇ ਅੰਦਰੂਨੀ ਖੂਨੀ ਨੁਕਸਾਨ ਦੇ ਲੱਛਣ ਆਮ ਮਿਲਦੇ ਹਨ।

## ਪਾਣੀ ਵਿਚ ਘੁਲਣ ਵਾਲੇ ਵਿਟਾਮਿਨ

**ਵਿਟਾਮਿਨ ਬੀ ਸਮੂਹ:** ਇਸ ਸਮੂਹ ਵਿਚ ਇਹ ਵਿਟਾਮਿਨ ਆਉਂਦੇ ਹਨ।

**ਬੀ੧ (ਥਾਇਆਮੀਨ)** : ਥਾਇਆਮੀਨ ਬੀ ਵਿਟਾਮਿਨ ਸਮੂਹ ਵਿਚੋਂ ਪਹਿਲਾ ਵਿਟਾਮਿਨ ਹੈ। ਸਰੀਰ ਵਿਚ ਇਹ ਰਸਾਇਣਿਕ ਰਸਾਂ ਦਾ ਅਨਿਖੜਵਾਂ ਅੰਗ ਹੈ। ਜਿਸ ਨਾਲ, ਪ੍ਰੋਟੀਨ ਅਤੇ ਊਰਜਾ ਦਾ ਸੰਚਾਲਨ ਬਰਕਰਾਰ ਰਹਿੰਦਾ ਹੈ।

1. ਭੁੱਖ ਅਤੇ ਭਾਰ ਵਧਾਉਂਣ ਵਿਚ ਸਹਾਈ ਹੁੰਦਾ ਹੈ।
2. ਪ੍ਰਜਣਨ ਕ੍ਰਿਆ ਵਿਚ ਸਹਾਈ ਹੁੰਦਾ ਹੈ।

**ਘਾਟ ਦੇ ਲੱਛਣ**

1. ਭੁੱਖ ਮਰ ਜਾਂਦੀ ਹੈ ਅਤੇ ਭਾਰ ਵੱਧਣ ਦੀ ਰਫਤਾਰ ਘੱਟ ਜਾਂਦੀ ਹੈ।
2. ਮੋਕ ਲੱਗ ਜਾਂਦੀ ਹੈ।
3. ਨਬਜ਼ ਦੀ ਰਫਤਾਰ ਘੱਟ ਜਾਂਦੀ ਹੈ।

4. ਨਸਾਂ ਦੀ ਸੋਜ ਨਾਲ ਲੱਤਾਂ ਸੁੰਨ ਹੋ ਜਾਂਦੀਆਂ ਹਨ। ਜਾਂ ਲਕਵਾ ਹੋ ਜਾਂਦਾ ਹੈ।
5. ਗੱਭਣ ਸੂਰੀਆਂ ਵਿਚ ਇਸਦੀ ਘਾਟ ਨਾਲ ਕਮਜੋਰ ਜਾਂ ਮਰੇ ਹੋਏ ਬੱਚੇ ਪੈਦਾ ਹੁੰਦੇ ਹਨ।

**ਬੀ$_2$ (ਰਾਈਬੋਫਲੇਵਿਨ)** : ਇਹ ਵੀ ਸਰੀਰ ਵਿੱਚ ਰਸਾਇਣਿਕ ਰਸਾਂ ਦਾ ਇਕ ਹਿੱਸਾ ਹੈ ਜਿਹੜੇ ਪ੍ਰੋਟੀਨ, ਚਰਬੀ ਅਤੇ ਨਿਸ਼ਾਸਤੇ ਦੀ ਸਰੀਰ ਵਿਚ ਢਾਹ ਉਸਾਰੀ ਦੇ ਕੰਮ ਕਰਦੇ ਹਨ।

**ਘਾਟ ਦੇ ਲੱਛਣ**

1. ਭੁੱਖ ਮਰ ਜਾਂਦੀ ਹੈ
2. ਭਾਰ ਵਾਧੇ ਵਿਚ ਕਮੀ ਆ ਜਾਂਦੀ ਹੈ
3. ਵਾਲ ਝੜਨ ਲੱਗ ਜਾਂਦੇ ਹਨ।
4. ਚਮੜੀ ਖੁਰਦਰੀ ਹੋ ਜਾਂਦੀ ਹੈ ਜਾਂ ਫਿਰ ਚਮੜੀ ਦੀ ਖੁਰਕ ( ਖੁਜਲੀ ) ਹੁੰਦੀ ਹੈ।
5. ਪ੍ਰਜਣਨ ਕ੍ਰਿਆ ਵਿਚ ਵਿਗਾੜ ਪੈਦਾ ਹੋ ਜਾਂਦਾ ਹੈ।
6. ਗੱਭਣ ਸੂਰੀਆਂ ਦੀ ਖੁਰਾਕ ਵਿਚ ਘਾਟ ਨਾਲ ਕਮਜ਼ੋਰ ਜਾਂ ਮਰੇ ਹੋਏ ਬੱਚੇ ਪੈਦਾ ਹੁੰਦੇ ਹਨ।
7. ਛੋਟੇ ਬੱਚਿਆਂ ਦੀ ਚਾਲ ਵਿਚ ਵਿਗਾੜ ਪੈਦਾ ਹੋ ਜਾਂਦਾ ਹੈ।

**ਬੀ$_3$ (ਪੈਟੋਥੀਨਿਕ ਐਸਿਡ)**: ਇਹ ਵੀ ਬੀ ਵਿਟਾਮਿਨ ਦੇ ਸਮੂਹ ਦਾ ਇਕ ਹਿੱਸਾ ਹੈ। ਇਹ ਰਸਾਇਣਿਕ ਰਸਾਂ ਦਾ ਅੰਗ ਹੈ। ਜਿਸ ਨਾਲ ਇਹ ਸਰੀਰ ਵਿਚ ਪ੍ਰੋਟੀਨ, ਚਰਬੀ ਤੇ ਨਿਸ਼ਾਸਤੇ ਦੀ ਢਾਹ ਉਸਾਰੀ ਵਿਚ ਆਪਣਾ ਯੋਗ ਦਾਨ ਪਾਉਂਦਾ ਹੈ।

**ਘਾਟ ਦੇ ਲੱਛਣ**: ਇਸ ਦੀ ਖੁਰਾਕ ਵਿਚ ਘਾਟ ਕਾਰਨ

1. ਸੂਰਾਂ ਦੀ ਭੁੱਖ ਮਰ ਜਾਂਦੀ ਹੈ।
2. ਭਾਰ ਵਾਧੇ ਦੀ ਰਫਤਾਰ ਘੱਟ ਜਾਂਦੀ ਹੈ।
3. ਚਮੜੀ ਅਤੇ ਵਾਲ ਭੱਦੇ ਲਗਦੇ ਹਨ।

4. ਦਸਤ ਲੱਗ ਜਾਂਦੇ ਹਨ।

5. ਪ੍ਰਜਣਨ ਕ੍ਰਿਰਿਆ ਵਿਚ ਵਿਗਾੜ ਪੈਦਾ ਹੋ ਜਾਂਦਾ ਹੈ।

6. ਇਸ ਦੀ ਘਾਟ ਨਾਲ ਨਸਾਂ ਵਿਚ ਵਿਗਾੜ ਪੈਦਾ ਹੋ ਜਾਂਦਾ ਹੈ। ਸੂਰਾਂ ਦੀ ਚਾਲ ਵਿਚ ਸੰਤੁਲਿਨ ਨਹੀ ਬਣਦਾ ਅਤੇ ਫਰਕ ਆ ਜਾਂਦਾ ਹੈ।ਇਸ ਨੂੰ ਗੂਜ਼ ਸਟੈਪਿੰਗ (Goose stepping) ਕਹਿੰਦੇ ਹਨ।

**ਵਿਟਾਮਿਨ ਬੀ$_{੬}$** (ਪਾਰੀਡੋਕਸਿਨ): ਇਹ ਸਰੀਰ ਵਿਚ ਨਿਮਨਲਿਖਤ ਕੰਮ ਕਰਦਾ ਹੈ।

1. ਸਰੀਰ ਵਿਚ ਪ੍ਰੋਟੀਨ, ਨਿਸ਼ਾਸਤੇ ਅਤੇ ਚਰਬੀ ਦੇ ਢਾਹ ਉਸਾਰੀ ਦੇ ਕੰਮਾਂ ਵਿਚ ਆਪਣਾ ਯੋਗਦਾਨ ਪਾਉਂਦਾ ਹੈ।

2. ਸਰੀਰ ਵਿਚ ਨਸਾਂ ਦੇ ਠੀਕ ਕੰਮ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।

**ਘਾਟ ਦੇ ਲੱਛਣ**

1. ਸੂਰਾਂ ਨੂੰ ਭੁੱਖ ਘੱਟ ਲਗਦੀ ਹੈ।

2. ਭਾਰ ਵਾਧੇ ਦੀ ਰਫਤਾਰ ਘੱਟ ਜਾਂਦੀ ਹੈ।

3. ਚਾਲ ਵਿਚ ਵਿਗਾੜ ਆ ਜਾਂਦਾ ਹੈ।

4. ਖੂਨ ਦੀ ਕਮੀ ਹੋ ਜਾਂਦੀ ਹੈ।

5. ਅੱਖਾਂ ਦੇ ਆਲੇ ਦੁਆਲੇ ਪਸੀਨਾ ਜਿਹਾ ਨਜ਼ਰ ਆਉਂਦਾ ਹੈ।

6. ਮਿਰਗੀ ਵਾਂਗ ਦੌਰੇ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਉਸਤੋਂ ਬਾਅਦ ਭਾਰ ਵਾਧੇ ਦੀ ਰਫਤਾਰ ਘੱਟ ਜਾਂਦੀ ਹੈ

7. ਲਕਵਾ, ਲੰਗੜਾਪਣ ਅਤੇ ਲੱਤਾਂ ਦੇ ਮਰਣ ਦੇ ਲੱਛਣ ਮਿਲਦੇ ਹਨ।

**ਬੀ$_{੧੨}$ (ਸਾਈਨੋਕੋਬਾਲਾਮੀਨ)**: ਵਿਟਾਮਿਨ ਬੀ$_{੧੨}$ ਵਿਚ ਕੋਬਾਲਟ ਧਾਤ ਵੀ ਪਾਈ ਜਾਂਦੀ ਹੈ। ਸਰੀਰ ਵਿਚ ਰਸਾਇਣਕਾਂ ਰਸਾਂ ਦੇ ਹਿੱਸੇ ਵਜੋਂ ਇਹ ਸਰੀਰ ਵਿਚ ਹੇਠ ਲਿਖੇ ਕੰਮਾਂ ਵਿਚ ਉਪਯੋਗੀ ਹੁੰਦਾ ਹੈ।

1. ਖੂਨ ਦੇ ਬਣਨ ਵਿਚ ਸਹਾਈ ਹੁੰਦਾ ਹੈ ਅਤੇ ਖੂਨ ਦੀ ਕਮੀ ਨੂੰ ਘਟਾਉਂਦਾ ਹੈ।

2. ਨਸਾਂ ਬਣਾਉਣ ਵਾਲੇ ਤੰਤੂਆਂ ਨੂੰ ਬਰਕਰਾਰ ਰੱਖਦਾ ਹੈ।

3. ਪ੍ਰੋਟੀਨ, ਨਿਸ਼ਾਸਤੇ ਅਤੇ ਚਰਬੀ ਦੀ ਢਾਹ ਉਸਾਰੀ ਦੇ ਕੰਮਾਂ ਵਿਚ ਮਦਦ ਕਰਦਾ ਹੈ।

**ਘਾਟ ਦੇ ਲੱਛਣ**

1. ਸੂਰਾਂ ਦੀ ਭੁੱਖ ਮਰ ਜਾਂਦੀ ਹੈ।
2. ਭਾਰ ਵਾਧੇ ਵਿਚ ਕਮੀ ਆ ਜਾਂਦੀ ਹੈ।
3. ਚਮੜੀ ਅਤੇ ਵਾਲ ਭੱਦੇ ਦਿਖਾਈ ਦਿੰਦੇ ਹਨ।
4. ਖੂਨ ਦੀ ਕਮੀ ਆ ਜਾਂਦੀ ਹੈ।
5. ਸੂਰ ਚਿੜਚਿੜੇ ਸੁਭਾਅ ਦੇ ਹੋ ਜਾਂਦੇ ਹਨ।
6. ਸੂਰਾਂ ਦੇ ਪਿਛਲੇ ਹਿੱਸੇ ਦਾ ਸੰਤੁਲਿਤ ਵਿਗੜ ਜਾਂਦਾ ਹੈ।
7. ਸੂਰੀਆਂ ਦੀ ਜਣਨ ਕ੍ਰਿਆ ਵਿਚ ਵਿਗਾੜ ਆ ਜਾਂਦਾ ਹੈ।

**ਬਾਇਓਟਿਨ:** ਇਹ ਸਰੀਰ ਵਿਚ ਢਾਹ ਉਸਾਰੀ ਦੇ ਕੰਮਾਂ ਨੂੰ ਚਲਾਉਣ ਲਈ ਜ਼ਿੰਮੇਵਾਰ ਰਸਾਇਣਿਕ ਰਸਾਂ ਦੇ ਅੜਿਖੜਵੇਂ ਅੰਗ ਵਜੋ ਕਾਰਜ ਕਰਦਾ ਹੈ। ਇਸ ਦੀ ਘਾਟ ਆਮ ਕਰਕੇ ਉਨ੍ਹਾਂ ਸੂਰਾਂ ਵਿਚ ਦੇਖੀ ਜਾਂਦੀ ਹੈ ਜਿਹੜੇ ਕੇਵਲ ਦਾਣਿਆਂ ਤੇ ਹੀ ਨਿਰਭਰ ਕਰਦੇ ਹਨ। ਅਤੇ ਜਿਨ੍ਹਾਂ ਨੂੰ ਹਰਾ ਚਾਰਾ ਮੁਹੱਈਆਂ ਨਹੀ ਹੁੰਦਾ।

**ਘਾਟ ਦੇ ਲੱਛਣ**

1. ਸੂਰਾਂ ਦੇ ਸਰੀਰ ਦੇ ਵਾਲ ਝੜਨੇ ਸ਼ੁਰੂ ਹੋ ਜਾਂਦੇ ਹਨ।
2. ਸੂਰਾਂ ਦੀ ਚਮੜੀ ਤੇ ਛਾਲੇ ਜਿਹੇ ਹੋ ਜਾਂਦੇ ਹਨ। ਅਤੇ ਇਹ ਖੁਰਦਰੀ ਜਾਂ ਭੱਦੀ ਜਿਹੀ ਦਿਖਾਈ ਦਿੰਦੀ ਹੈ।
3. ਖੁਰ ਫੱਟ ਜਾਂਦੇ ਹਨ ਪੱਬਾਂ ਚੌ ਖੂਨ ਆਉਂਦਾ ਹੈ।
4. ਅੱਖਾਂ ਦੇ ਆਲੇ ਦੁਆਲੇ ਪਸੀਨਾ ਜਿਹਾ ਦਿਖਾਈ ਦਿੰਦਾ ਹੈ।
5. ਪਿਛਲੀਆਂ ਲੱਤਾਂ ਵਿਚ ਖਿੱਚ ਪੈਣੀ ਸ਼ੁਰੂ ਹੋ ਜਾਂਦੀ ਹੈ।

**ਕੋਲੀਨ:** ਕੋਲੀਨ ਸਰੀਰ ਵਿਚ ਨਸਾਂ ਦੇ ਸੰਚਾਰ ਵਿਚ ਇਕ ਅਹਿਮ ਭੂਮਿਕਾ ਨਿਭਾਉਂਦੀ ਹੈ। ਕਲੇਜੇ ਤੇ ਚਰਬੀ ਜਮਾਂ ਨਹੀਂ ਹੋਣ ਦਿੰਦੀ ਜਿਸ ਨਾਲ ਕਲੇਜੇ ਦੇ ਕੰਮ ਠੀਕ ਢੰਗ ਨਾਲ ਚਲਦੇ ਰਹਿੰਦੇ ਹਨ।

**ਘਾਟ ਦੇ ਲੱਛਣ**

1. ਕੋਲੀਨ ਦੀ ਘਾਟ ਨਾਲ ਸਰੀਰ ਦਾ ਸੰਤੁਲਿਨ ਵਿਗੜ ਜਾਂਦਾ ਹੈ।
2. ਕਲੇਜੇ ਤੇ ਵਧੇਰੇ ਚਰਬੀ ਜਮ੍ਹਾਂ ਹੋ ਜਾਂਦੀ ਹੈ।
3. ਜੇਕਰ ਗਰਭ ਸਮੇਂ ਸੂਰੀਆਂ ਦੀ ਖੁਰਾਕ ਵਿਚ ਇਸ ਦੀ ਘਾਟ ਹੋ ਜਾਵੇ ਤਾਂ ਨਵੇ ਜੰਮੇ ਬੱਚਿਆਂ ਦੀਆਂ ਪਿਛਲੀਆਂ ਲੱਤਾਂ ਬਾਹਰ ਵੱਲ ਨੂੰ ਖਿਲਰ ਜਾਂਦੀਆਂ ਹਨ।
4. ਨਸਲਕਸ਼ੀ ਵਾਲੇ ਸੂਰਾਂ ਅਤੇ ਸੂਰੀਆਂ ਵਿਚ ਪ੍ਰਜਣਨ ਕ੍ਰਿਆ ਦੀ ਸਮਰੱਥਾ ਘੱਟ ਜਾਂਦੀ ਹੈ।
5. ਸੂਰੀਆਂ ਦੇ ਥੱਲੇ ਦੁੱਧ ਵੀ ਘੱਟ ਜਾਂਦਾ ਹੈ।

**ਫੋਲਿਕ ਐਸਿਡ:** ਫੋਲਿਕ ਐਸਿਡ ਸਰੀਰ ਵਿਚ ਨਿਮਨਲਿਖਤ ਕੰਮ ਕਰਦਾ ਹੈ।

1. ਸਰੀਰ ਵਿਚ ਤੰਤੂਆਂ ਦੇ ਵਿਭਾਜਨ ਵਿਚ ਸਹਾਇਤਾ ਕਰਦਾ ਹੈ।
2. ਖੂਨ ਦੇ ਲਾਲ ਰਕਤਾਣੂੰਆਂ ਦੀ ਪ੍ਰੋਟੀਨ ਹੀਮ ਬਣਾਉਣ ਵਿਚ ਸਹਾਈ ਹੁੰਦੀ ਹੈ।
3. ਅਮੀਨੋ ਐਸਿਡ ਬਣਾਉਣ ਵਿਚ ਮਦਦ ਕਰਦਾ ਹੈ।

**ਘਾਟ ਦੇ ਲੱਛਣ**

1. ਭਾਰ ਵੱਧਣ ਦੀ ਰਫਤਾਰ ਘੱਟ ਜਾਂਦੀ ਹੈ।
2. ਵਾਲਾਂ ਦਾ ਰੰਗ ਫਿੱਕਾ ਪੈ ਜਾਂਦਾ ਹੈ।
3. ਖੂਨ ਦੀ ਕਮੀ ਹੋ ਜਾਂਦੀ ਹੈ।

**ਨਾਇਆਸੀਨ:** ਇਹ ਰਸਾਇਣਿਕ ਰਸਾਂ ਦਾ ਇਕ ਅੰਗ ਹੈ ਜੋ ਕਿ ਪ੍ਰੋਟੀਨ ਨਿਸ਼ਾਸ਼ਤਾ ਅਤੇ ਚਰਬੀ ਦੇ ਸਰੀਰ ਵਿਚ ਢਾਹ ਉਸਾਰੀ ਦੇ ਕੰਮਾਂ ਵਿਚ ਮਦਦ ਕਰਦਾ ਹੈ। ਸਰੀਰ ਵਿਚ ਲੋੜੀਂਦੀ ਊਰਜਾ ਉਤਪਾਦਨ ਵਿਚ ਮਦਦ ਕਰਦਾ ਹੈ।

**ਘਾਟ ਦੇ ਲੱਛਣ**

1. ੧.ਭੁੱਖ ਮਰ ਜਾਂਦੀ ਹੈ।
2. ਭਾਰ ਵੱਧਣ ਦੀ ਰਫਤਾਰ ਘੱਟ ਜਾਂਦੀ ਹੈ ਬਾਅਦ ਵਿਚ ਦਸਤ ਲੱਗ ਜਾਂਦੇ ਹਨ।
3. ਸੂਰ ਉਲਟੀਆਂ ਕਰਨ ਲੱਗ ਜਾਂਦੇ ਹਨ।
4. ਚਮੜੀ ਰੁੱਖੀ ਜਿਹੀ ਨਜ਼ਰ ਆਉਂਦੀ ਹੈ।
5. ਖੂਨ ਬਣਨ ਤੇ ਅਸਰ ਪੈਂਦਾ ਹੈ।
6. ਸਰੀਰ ਤੋਂ ਵਾਲ ਝੜ ਜਾਂਦੇ ਹਨ।

**ਵਿਟਾਮਿਨ ਸੀ (ਐਸਕਾਰਬਿਕ ਐਸਿਡ ):** ਵਿਟਾਮਿਨ ਸੀ ਪਾਣੀ ਵਿਚ ਘੁਲਣਸ਼ੀਲ ਵਿਟਾਮਿਨ ਹੈ। ਸਰੀਰ ਵਿਚ ਇਹ ਨਿਮਨ ਲਿਖਤ ਕੰਮ ਕਰਦਾ ਹੈ।

1. ਇਹ ਸਰੀਰ ਵਿਚ ਇਕ ਖਾਸ ਪ੍ਰੋਟੀਨ ਕੋਲਾਜਨ (collagen) ਬਣਾਉਣ ਅਤੇ ਉਸਨੂੰ ਬਰਕਰਾਰ ਰੱਖਣ ਵਿਚ ਸਹਾਈ ਹੁੰਦਾ ਹੈ ਜਿਹੜੀ ਕਿ ਤੰਤੂਆਂ ਨੂੰ ਬੰਨ੍ਹ ਕੇ ਰੱਖਦੀ ਹੈ।
2. ਚਰਬੀ ਅਤੇ ਨਿਸ਼ਾਸ਼ਤੇ ਦੀ ਢਾਹ ਉਸਾਰੀ ਵਿਚ ਸਹਾਈ ਹੁੰਦਾ ਹੈ।
3. ਹੱਡੀਆਂ ਅਤੇ ਦੰਦਾਂ ਨੂੰ ਤੰਦਰੁਸਤ ਰਖਦਾ ਹੈ।
4. ਅੰਤੜੀਆਂ ਵਿਚੋ ਲੋਹੇ ਨੂੰ ਜਜ਼ਬ ਕਰਨ ਵਿਚ ਸਹਾਈ ਹੁੰਦਾ ਹੈ ਜਿਸ ਨਾਲ ਸੂਰਾਂ ਵਿਚ ਖੂਨ ਦੀ ਕਮੀ ਨਹੀਂ ਹੁੰਦੀ।
5. ਇਹ ਇਕ ਔਕਸੀਡੈਂਟ ਵਜੋਂ ਕੰਮ ਕਰਦਾ ਹੈ ਜਿਸ ਨਾਲ ਸਰੀਰ ਵਿਚ ਚਰਬੀ ਦੇ ਢਾਹ ਉਸਾਰੀ ਤੋਂ ਪੈਦਾ ਹੋਣ ਵਾਲੇ ਵਿਕਾਰਾਂ ਤੋਂ ਬਚਾਉਂਦਾ ਹੈ।
6. ਗਰਮੀ ਅਤੇ ਲੂਅ ਦੇ ਅਸਰ ਤੋ ਬਚਾਉਂਦਾ ਹੈ।

**ਘਾਟ ਦੇ ਲੱਛਣ:** ਸੂਰਾਂ ਵਿਚ ਇਸ ਦੀ ਘਾਟ ਦੇ ਕੋਈ ਖਾਸ ਲੱਛਣ ਨਹੀ ਦਿਖਾਈ ਦਿੰਦੇ।ਆਮ ਤੌਰ ਤੇ ਸੂਰਾਂ ਦੀ ਖੁਰਾਕ ਵਿਚ ਵਿਟਾਮਿਨ ਸੀ ਦੀ ਕਮੀ ਨਹੀਂ ਆਉਂਦੀ।

# ਸੂਰਾਂ ਦੀ ਖੁਰਾਕ ਵਿਚ ਧਾਤਾਂ ਦੀ ਮਹੱਤਤਾ

ਧਾਤਾਂ ਖੁਰਾਕ ਅਤੇ ਸੂਰਾਂ ਦੇ ਸਰੀਰ ਵਿਚ ਮਿਲਣ ਵਾਲੇ ਉਹ ਰਸਾਇਣਿਕ ਤੱਤ ਹਨ। ਜਿਹੜੇ ਖੁਰਾਕ ਜਾਂ ਕਿਸੇ ਜਾਨਵਰ ਦੇ ਸਰੀਰ ਨੂੰ ਸਾੜਨ ਤੋਂ ਬਾਅਦ ਮਿਲਦੇ ਹਨ। ਇਸਨੂੰ ਭਸਮ ਵੀ ਕਹਿੰਦੇ ਹਨ।ਇਹ ਤੱਤ ਭਾਵੇਂ ਬਹੁਤ ਥੋੜੀ ਮਾਤਰਾ ਵਿਚ ਲੋੜੀਂਦੇ ਹਨ ਪਰ ਸੂਰਾਂ ਦੀ ਖੁਰਾਕ ਵਿਚ ਇਨ੍ਹਾਂ ਦਾ ਹੋਣਾ ਓਨਾ ਹੀ ਜਰੂਰੀ ਹੈ ਜਿੰਨੇ ਕਿ ਪ੍ਰੋਟੀਨ, ਨਿਸ਼ਾਸ਼ਤਾ ਅਤੇ ਚਰਬੀ। ਸਰੀਰਕ ਗਤੀ ਵਿਧੀਆਂ ਚਲਾਉਣ ਲਈ ਧਾਤਾਂ ਸਰੀਰ ਵਿੱਚ ਅਹਿਮ ਕੰਮ ਕਰਦੀਆਂ ਹਨ।

**ਸਰੀਰ ਵਿਚ ਧਾਤਾਂ ਦੇ ਮੁੱਖ ਕੰਮ**

1. ਸਰੀਰਕ ਢਾਂਚੇ ਨੂੰ ਬਣਾਉਂਦੀਆਂ, ਉਨ੍ਹਾ ਨੂੰ ਬਲ ਦਿੰਦੀਆਂ ਅਤੇ ਸਖਤ ਕਰਦੀਆਂ ਹਨ।
2. ਸਰੀਰ ਦੀ ਹੱਡੀਆਂ ਦਾ ਨਿਰਮਾਣ ਕਰਦੀਆਂ ਹਨ।
3. ਸਰੀਰ ਦੇ ਵਿਚ ਉਨ੍ਹਾਂ ਪ੍ਰੋਟੀਨ ਅਤੇ ਚਰਬੀ ਦਾ ਹਿੱਸਾ ਹਨ ਜਿਹੜੀਆਂ ਸਰੀਰ ਦੇ ਪੱਠੇ, ਅੰਗ ਅਤੇ ਖੂਨ ਦੀਆਂ ਕੋਸ਼ਿਕਾਵਾਂ ਆਦਿ ਬਣਾਉਂਦੀਆਂ ਹਨ।
4. ਸਰੀਰ ਵਿਚ ਰਸਾਇਣਿਕ ਕ੍ਰਿਆਵਾਂ ਚਲਾਉਣ ਲਈ ਰਸਾਇਣਿਕ ਰਸਾਂ ਨੂੰ ਕ੍ਰਿਆਸ਼ੀਲ ਕਰਦੀਆਂ ਹਨ।
5. ਸਰੀਰਕ ਤਰਲ ਪਦਾਰਥਾਂ ਦਾ ਦਬਾਅ ਅਤੇ ਸੰਤੁਲਨ ਠੀਕ ਰਖਦੀਆਂ ਹਨ।
6. ਪੱਠਿਆਂ ਦੇ ਸੁੰਗੜਨ ਵਿਚ ਮਦਦ ਕਰਦੀਆਂ ਹਨ।
7. ਵਿਟਾਮਿਨਾਂ ਦੇ ਨਾਲ ਸੰਬੰਧ ਰਖਦੀਆਂ ਹਨ ।

ਹੁਣ ਤੱਕ ਕੀਤੀ ਖੋਜ ਤੋਂ ਪਤਾ ਲਗਦਾ ਹੈ ਕਿ ਸੂਰਾਂ ਦੀ ਖੁਰਾਕ ਵਿਚ ਘੱਟੋ ਘੱਟ ੧੩ ਧਾਤਾਂ ਹੋਣੀਆਂ ਜ਼ਰੂਰੀ ਹਨ। ਇਨ੍ਹਾਂ ਧਾਤਾਂ ਨੂੰ ਸਰੀਰਕ ਲੋੜ ਅਨੁਸਾਰ ਦੋ ਹਿੱਸਿਆਂ ਵਿਚ ਵੰਡਿਆਂ ਜਾ ਸਕਦਾ ਹੈ। ਜੋ ਇਕ ਗ੍ਰਾਮ ਦੇ ਦਸਵੇਂ ਹਿੱਸੇ ਤੋਂ ਜ਼ਿਆਦਾ ਚਾਹੀਦੀਆਂ ਹੋਣ ਨੂੰ ਮੈਕਰੋ ਮਿਨਰਲ ਆਖਦੇ ਹਨ। ਅਤੇ ਜਿਹੜੀਆਂ ਇਕ ਮਾਈਕਰੋਗ੍ਰਾਮ ਤੋਂ ਇਕ ਮਿਲੀਗ੍ਰਾਮ ਤਕ ਲੋੜੀਂਦੀਆਂ ਹਨ ਨੂੰ ਟਰੇਸ ਜਾਂ ਮਾਈਕਰੋ ਮਿਨਰਲ ਕਹਿੰਦੇ ਹਨ। ਧਾਤਾਂ ਦੀ ਲੋੜ ਮੁਤਾਬਕ ਵੰਡ  ਇਸ ਪ੍ਰਕਾਰ ਹੈ।

| 1 | ਮੁੱਖ ਜਾਂ ਮੈਕਰੋ ਖਣਿਜ | ਲੱਘੂ ਜਾਂ ਮਾਈਕਰੋ ਖਣਿਜ |
|---|---|---|
| 2 | ਸੋਡੀਅਮ (Sodium) | ਕੋਬਾਲਟ (Cobalt) |
| 3 | ਕਲੋਰੀਨ (Chlorine) | ਆਇਓਡੀਨ (Iodine) |
| 4 | ਕੈਲਸ਼ੀਅਮ (Calcium) | ਲੋਹਾ (Iron) |
| 5 | ਫਾਸਫੋਰਸ (Phosphorus) | ਮੈਂਗਨੀਜ਼ (Manganese) |
| 6 | ਮੈਗਨੀਸ਼ੀਅਮ (Magnesium) | ਜਿਸਤ (Zinc) |
| 7 | ਪੋਟਾਸ਼ੀਅਮ (Potassium) | ਸੈਲੀਨੀਅਮ (Selenium) |
| 8 | ਗੰਧਕ (Sulphur) | |

ਇਨ੍ਹਾਂ ਤੋਂ ਇਲਾਵਾ ਸੂਰਾਂ ਨੂੰ ਆਰਗੈਨਿਕ ਲਿਥੀਅਮ, ਮੋਲੀਬਡੈਨਮ, ਨਿਕਲ, ਸਿਲੀਕਾਨ ਅਤੇ ਵਨੈਡੀਅਮ ਵੀ ਬਹੁਤ ਘੱਟ ਮਾਤਰਾ ਵਿਚ ਲੋੜੀਂਦੇ ਹਨ। ਵੱਖੋਂ ਵੱਖਰੀਆਂ ਧਾਤਾਂ ਦੇ ਸੂਰਾਂ ਦੇ ਸਰੀਰ ਵਿਚ ਮੁੱਖ ਕੰਮ ਹੇਠਾਂ ਦਿੱਤੇ ਹਨ।

**ਸੋਡੀਅਮ**:

1. ਸਰੀਰ ਦੇ ਤਰਲ ਪਦਾਰਥਾਂ ਦਾ ਸੰਤੁਲਨ ਅਤੇ ਦਬਾਅ ਸਹੀ ਰਖਦਾ ਹੈ।
2. ਤੰਤੂਆਂ ਵਿਚ ਪਾਣੀ ਦੀ ਮਾਤਰਾ ਠੀਕ ਰਖਦਾ ਹੈ ।
3. ਪੱਠਿਆਂ ਅਤੇ ਨਸਾਂ ਦੇ ਸੁੰਗੜਨ ਵਿਚ ਸਹਾਈ ਹੁੰਦਾ ਹੈ।
4. ਨਿਸ਼ਾਸਤੇ ਦੇ ਜਜ਼ਬ ਹੋਣ ਵਿਚ ਸਹਾਇਤਾ ਕਰਦਾ ਹੈ ।
5. ਸੂਰੀਆਂ ਵਿਚ ਹੇਹਾ ਦੇਰ ਨਾਲ ਆਉਂਦਾ ਹੈ।

ਜੇਕਰ ਸੋਡੀਅਮ ਧਾਤ (ਲੂਣ) ਦੀ ਮਾਤਰਾ ਖੁਰਾਕ ਵਿਚ ਵਧੇਰੇ ਦਿੱਤੀ ਜਾਵੇ। ਤਾਂ ਇਹ ਨੁਕਸਾਨ ਕਰਦੀ ਹੈ। ਚਾਲ ਵਿਚ ਫਰਕ, ਮਿਰਗੀ ਦੇ ਦੋਰੇ ਆਦਿ ਪੈਂਦੇ ਹਨ ਅਤੇ ਅਧਰੰਗ ਵੀ ਹੋ ਸਕਦਾ ਹੈ।

**ਕਲੋਰੀਨ:**

1. ਖੁਰਾਕ ਵਿਚ ਕਲੋਰੀਨ ਸੋਡੀਅਮ ਦੇ ਲੂਣ ਦੇ ਰੂਪ ਵਿਚ ਤਰਲ ਪਦਾਰਥਾਂ ਦਾ ਸੰਤੁਲਨ ਅਤੇ ਦਬਾਅ ਬਣਾਉਂਦੀ ਹੈ।
2. ਖਾਰੇ ਅਤੇ ਤੇਜਾਬੀ ਮਾਦੇ ਦਾ ਸੰਤੁਲਨ ਬਣਾਉਣਾ।

3. ਮਿਹਦੇ ਵਿਚ ਲੂਣ ਦੇ ਤੇਜਾਬ ਦਾ ਇੱਕ ਅੰਗ ਹੈ ਜਿਹੜਾ ਕਿ ਵਿਟਾਮਿਨ ਬੀ$_{੧੨}$ ਅਤੇ ਲੋਹੇ ਨੂੰ ਜਜ਼ਬ ਕਰਨ ਵਿਚ ਸਹਾਈ ਹੁੰਦਾ ਹੈ।
4. ਪ੍ਰੋਟੀਨ ਦੇ ਪਾਚਨ ਲਈ ਰਸਾਇਣਿਕ ਰਸਾਂ ਨੂੰ ਕ੍ਰਿਆਸ਼ੀਲ ਬਣਾਉਂਦਾ ਹੈ।

**ਘਾਟ ਦੇ ਲੱਛਣ:**

1. ਬਹੁਤ ਜ਼ਿਆਦਾ ਘਾਟ ਦੇ ਸਮੇਂ ਖ਼ੂਨ ਦਾ ਪ੍ਰਭਾਵ ਖਾਰਾ ਹੋ ਜਾਂਦਾ ਹੈ। ਇਸ ਦੇ ਨਤੀਜੇ ਵਜੋਂ ਸਾਹ ਕ੍ਰਿਆ ਵਿਚ ਵਿਗਾੜ ਆ ਜਾਂਦਾ ਹੈ।
2. ਭੁੱਖ ਘੱਟ ਜਾਂਦੀ ਹੈ
3. ਭਾਰ ਘੱਟ ਵਧਦਾ ਹੈ
4. ਪੱਠਿਆਂ ਵਿਚ ਕੁੜੱਲ ਪੈ ਜਾਦੇ ਹਨ।
5. ਦੋਰੇ ਪੈਦੇ ਹਨ।

**ਕੈਲਸ਼ੀਅਮ:** ਸਰੀਰ ਵਿਚ ਕੈਲਸ਼ੀਅਮ ਦੀ ਮਾਤਰਾ ਸਾਰੀਆਂ ਧਾਤਾਂ ਨਾਲੋਂ ਵੱਧ ਹੁੰਦੀ ਹੈ ਅਤੇ ਸਰੀਰ ਵਿਚ ਕੈਲਸ਼ੀਅਮ ਦੇ ਮੁੱਖ ਕੰਮ ਇਸ ਪ੍ਰਕਾਰ ਹਨ।

1. ਹੱਡੀਆਂ ਅਤੇ ਦੰਦ ਬਣਾਉਂਣਾ ਅਤੇ ਉਨਾਂ ਦੀ ਮੁਰੰਮਤ ਕਰਨਾ।
2. ਪੱਠਿਆਂ ਦੇ ਸੁੰਗੜਨ ਤੇ ਫੈਲਨ ਵਿਚ ਸਹਾਈ ਹੋਣਾ।
3. ਖ਼ੂਨ ਦੇ ਜੰਮਣ ਵਿਚ ਮਦਦ ਕਰਨਾ।
4. ਦੁੱਧ ਉਤਪਾਦਨ
5. ਕੋਸ਼ਿਅਕਾਵਾਂ ਦੀਆਂ ਦੀਵਾਰਾਂ ਵਿਚ ਤੱਤਾਂ ਦੇ ਪ੍ਰਵਾਹ ਨੂੰ ਬਰਕਰਾਰ ਰੱਖਣ ਲਈ ਇਨ੍ਹਾਂ ਨੂੰ ਬਣਾਈ ਰਖਣਾ।
6. ਰਸਾਇਣਿਕ ਕ੍ਰਿਆਸ਼ੀਲ ਕਰਨਾ

**ਘਾਟ ਕਾਰਨ ਲੱਛਣ:**

ਕੈਲਸ਼ੀਅਮ ਦੀ ਘਾਟ ਦਾ ਜ਼ਿਆਦਾ ਅਸਰ ਹੱਡੀਆਂ ਉਪਰ ਪੈਂਦਾ ਹੈ। ਘਾਟ ਦੀਆਂ ਮੁੱਖ ਨਿਸ਼ਾਨੀਆ ਇਸ ਪ੍ਰਕਾਰ ਹਨ।

1. ਭੁੱਖ ਘੱਟ ਜਾਣੀ।
2. ਭਾਰ ਵੱਧਣ ਦੀ ਰਫਤਾਰ ਘੱਟ ਜਾਣੀ।
3. ਛੋਟੇ ਸੂਰਾਂ ਵਿਚ ਹੱਡੀਆਂ ਦਾ ਠੀਕ ਨਿਰਮਾਣ ਨਾ ਹੋਣਾ।ਟੇਡੀਆਂਮੇਡੀਆਂ, ਲੰਬੀਆਂ ਤੇ ਪੋਲੀਆਂ ਲੱਤਾਂ ਇਸ ਨੂੰ ਰਿਕਟਸ (Rickets) ਆਖਦੇ ਹਨ। ਜਦੋ ਕਿ ਵੱਡੇ ਸੂਰਾਂ ਵਿਚ ਹੱਡੀਆਂ ਚੋਂ ਕੈਲਸ਼ੀਅਮ ਖੁਰਨਾ ਸ਼ੁਰੂ ਹੋ ਜਾਂਦਾ ਹੈ। ਇਸ ਹਾਲਤ ਵਿੱਚ ਸੂਰਾਂ ਵਿਚ ਓਸਟੀਓ ਪੋਰੋਸਿਸ (Osteo porosis) ਕਹਿੰਦੇ ਹਨ।
4. ਪ੍ਰਜਣਨ ਕ੍ਰਿਆ ਵਿਚ ਵਿਗਾੜ ਪੈਦਾ ਹੋਣਾ।
5. ਦੁੱਧ ਚੁੰਘਾਉਂਣ ਵਾਲੀਆਂ ਸੂਰੀਆਂ ਵਿਚ ਦੁੱਧ ਘੱਟ ਜਾਂਦਾ ਹੈ।

ਸੂਰਾਂ ਦੀ ਖੁਰਾਕ ਵਿਚ ਕੈਲਸ਼ੀਅਮ ਦੀ ਮਾਤਰਾ ਵਧਾਓਣ ਨਾਲ ਸੂਰਾਂ ਦੀ ਜਿਸਤ (Zinc) ਦੀ ਲੋੜ ਵੱਧ ਜਾਂਦੀ ਹੈ। ਕੈਲਸ਼ੀਅਮ ਅਤੇ ਫਾਸਫੋਰਸ ਦੀ ਠੀਕ ਵਰਤੋਂ ਲਈ ਇਨ੍ਹਾਂ ਦੋਹਾਂ ਦੀ 1.1-1.5:1 ਹੋਣੀ ਚਾਹੀਦੀ ਹੈ।

**ਫਾਸਫੋਰਸ:** ਫਾਸਫੋਰਸ ਸਰੀਰ ਦੀਆਂ ਕੋਸ਼ਿਕਾਵਾਂ ਵਿਚ ਪਾਇਆ ਜਾਂਦਾ ਹੈ। ਸਰੀਰ ਵਿਚ ਕੁਲ ਫਾਸਫੋਰਸ ਦਾ ੮੦% ਹਿੱਸਾ ਕੈਲਸ਼ੀਅਮ ਦੇ ਨਾਲ ਹੁੰਦਾ ਹੈ ਅਤੇ ਇਹ ਹੱਡੀਆਂ ਵਿਚ ਮਿਲਦਾ ਹੈ 10% ਪ੍ਰੋਟੀਨ, ਚਰਬੀ ਅਤੇ ਨਿਸ਼ਸ਼ਤੇ ਨਾਲ ਹੁੰਦਾ ਹੈ ਅਤੇ ਬਾਕੀ 10% ਹੋਰ ਰਸਾਇਣਕ ਤੱਤਾਂ ਵਿਚ ਹੁੰਦਾ ਹੈ।

1. ਇਹ ਹੱਡੀਆਂ ਅਤੇ ਦੰਦ ਬਣਾਉਣ ਅਤੇ ਇਨ੍ਹਾਂ ਦੀ ਮੁਰੰਮਤ ਕਰਨ ਵਿਚ ਬਹੁਤ ਜ਼ਰੁਰੀ ਹੈ
2. ਮਾਸ ਪੇਸ਼ੀਆਂ ਬਣਾਉਂਣ ਵਿੱਚ ਵੀ ਸਹਾਈ ਹੁੰਦਾ ਹੈ।
3. ਉਤਪਾਦਨ ਵਿਚ ਸਹਾਇਤਾ ਕਰਦਾ ਹੈ।
4. ਕੋਸ਼ਿਕਾਵਾਂ ਵਿਚ ਊਰਜਾ ਅਤੇ ਅਮੀਨੋ ਐਸਿਡਾਂ ਦੀ ਢਾਹ ਉਸਾਰੀ ਨੂੰ ਕਾਬੂ ਵਿਚ ਰਖਦਾ ਹੈ।
5. ਸਰੀਰ ਵਿਚਲੇ ਤੇਜ਼ਾਬੀ ਅਤੇ ਖਾਰੇ ਮਾਦੇ ਦਾ ਦਬਾਅ ਠੀਕ ਬਣਾਉਂਦਾ ਹੈ।

**ਘਾਟ ਦੇ ਲੱਛਣ**

1. ਭੁੱਖ ਦਾ ਘੱਟ ਜਾਣਾ
2. ਭਾਰ ਆਮ ਨਾਲੋਂ ਘੱਟ ਵਧਣਾ

3. ਲ਼ੱਤਾਂ ਕਮਜ਼ੋਰ ਅਤੇ ਉਨ੍ਹਾਂ ਵਿੱਚ ਖਿਚ ਪੈਣੀ ।ਪਿਛਲੀਆਂ ਲੱਤਾਂ ਦਾ ਮਰ ਜਾਣਾ (ਪਿੱਛੇ ਦਾ ਅਧਰੰਗ)।
4. ਛੋਟੇ ਸੂਰਾਂ ਵਿਚ ਰਿਕਟਸ ਅਤੇ ਵੱਡੇ ਸੂਰਾਂ ਵਿਚ ਓਸਟੀਓ ਪੋਰੋਸਿਸ ਦਾ ਹੋਣਾ
5. ਪ੍ਰਜਣਨ ਪ੍ਰਕ੍ਰਿਆਵਾਂ ਵਿਚ ਮੁਸ਼ਕਲਾਂ ਪੈਦਾ ਹੋਣੀਆਂ।

**ਪੋਟਾਸ਼ੀਅਮ:**

1. ਸਰੀਰ ਵਿਚ ਪੋਟਾਸ਼ੀਅਮ ਦਾ ਮੁੱਖ ਕੰਮ ਤਰਲ ਪਦਾਰਥਾਂ ਦਾ ਦਬਾਅ ਅਤੇ ਤੇਜ਼ਾਬੀ ਅਤੇ ਖਾਰੇ ਮਾਦੇ ਦਾ ਸੰਤੁਲਨ ਬਣਾਉਣਾ ਹੈ।
2. ਦਿਲ ਦੀਆਂ ਮਾਸ ਪੇਸ਼ੀਆਂ ਨੂੰ ਆਰਾਮ ਦੇਣਾ।
3. ਸਰੀਰ ਵਿਚ ਨਿਸ਼ਾਸਤੇ ਦੀ ਢਾਹ ਉਸਾਰੀ ਨੂੰ ਪ੍ਰਭਾਵਿਤ ਕਰਨਾ।

**ਘਾਟ ਦੇ ਲੱਛਣ:**

1. ਭੁੱਖ ਮਰ ਜਾਣੀ।
2. ਭਾਰ ਹੌਲੀ ਹੌਲੀ ਵਧਣਾ।
3. ਖੁਰਾਕ ਨੂੰ ਵਰਤਣ ਦੀ ਸਮਰੱਥਾ ਘੱਟ ਜਾਣੀ।
4. ਵਾਲ ਅਤੇ ਚਮੜੀ ਦੀ ਘਟੀਆ ਹਾਲਾਤ।
5. ਸਰੀਰਕ ਤਾਲਮੇਲ ਘੱਟ ਜਾਣਾ।
6. ਦਿਲ ਕਮਜ਼ੋਰ ਹੋ ਜਾਂਦਾ ਹੈ।
7. ਮਾਸ ਪੇਸ਼ੀਆਂ ਕਮਜ਼ੋਰ ਹੋ ਜਾਂਦੀਆਂ ਹਨ।

**ਮੈਗਨੀਸ਼ੀਅਮ:**

1. ਇਸਦਾ ਮੁੱਖ ਕੰਮ ਸਰੀਰਕ ਢਾਂਚੇ ਦੀ ਠੀਕ ਉਸਾਰੀ ਕਰਨੀ।
2. ਇਹ ਹੱਡੀਆਂ ਅਤੇ ਦੰਦਾਂ ਦਾ ਇੱਕ ਹਿੱਸਾ ਹੈ।
3. ਬਹੁਤ ਸਾਰੇ ਰਸਾਇਣਕ ਰਸਾਂ, ਜਿਹੜੇ ਸਰੀਰ ਵਿਚ ਊਰਜਾ ਉਤਪਾਦਨ ਵਿਚ ਸਹਾਈ ਹੁੰਦੇ, ਦਾ ਅਨਿਖੜਵਾਂ ਅੰਗ ਹੈ।

4. ਨਾੜੀ ਪ੍ਰਬੰਧ (Nervous system) ਨੂੰ ਉਤੇਜਿਤ ਕਰਨਾ।

**ਘਾਟ ਦੇ ਲੱਛਣ**

1. ਚਿੜਚਿੜਾਪਣ ਪੈਦਾ ਹੋਣਾ ਅਤੇ ਸਰੀਰਕ ਸੰਤੁਲਨ ਖਤਮ ਹੋਣਾ।
2. ਮਾਸ ਪੇਸ਼ੀਆਂ ਦਾ ਝਟਕੇ ਮਾਰਨਾ ਤੇ ਫਿਰ ਮਰ ਜਾਣਾ।
3. ਗੁਮਚੀ, ਪੈਰ ਅਤੇ ਗੁੰਮ ਦੇ ਮੇਲ ਵਾਲੀ ਜਗ੍ਹਾ ਦਾ ਕਮਜ਼ੋਰ ਹੋਣਾ।

**ਗੰਧਕ:**

1. ਵਾਲਾਂ ਅਤੇ ਸੰਯੋਜਕ ਨੱਸਾਂ ਦਾ ਹਿੱਸਾ ਹੈ।
2. ਸਰੀਰ ਵਿਚ ਪ੍ਰੋਟੀਨ, ਚਰਬੀ ਅਤੇ ਨਿਸ਼ਾਸ਼ਤੇ ਦੀ ਢਾਹ ਉਸਾਰੀ ਦੇ ਕੰਮਾਂ ਵਿਚ ਸਹਾਈ ਹੁੰਦਾ ਹੈ।
3. ਊਰਜਾ ਉਤਪੰਨ ਕਰਨ ਵਿਚ ਸਹਾਈ ਹੁੰਦਾ।
4. ਸਰੀਰ ਵਿਚੋਂ ਵਿਸ਼ੈਲੀਆਂ ਵਸਤੂਆਂ ਨੂੰ ਬਾਹਰ ਕੱਢਣਾ।

**ਘਾਟ ਦੇ ਲੱਛਣ** : ਭਾਰ ਵਾਧੇ ਵਿਚ ਕਮੀ

**ਤਾਂਬਾ**: ਤਾਂਬੇ ਦੀ ਕਮੀ ਆਮ ਤੌਰ ਤੇ ਉਨ੍ਹਾਂ ਬੱਚਿਆਂ ਵਿਚ ਆਂਉਦੀ ਹੈ ਜਿਨਾਂ ਨੂੰ ਜਮੀਨ ਤੇ ਨਾ ਛੱਡਿਆ ਜਾਵੇ।

1. ਇਹ ਸਰੀਰ ਦੇ ਰਸਾਇਣਿਕ ਰਸਾਂ ਦੀਆਂ ਪ੍ਰਣਾਲੀਆਂ ਵਿਚ ਜਰੂਰੀ ਹੈ।
2. ਖੂਨ ਦੇ ਨਾਲ ਰਕਤਾਣੂੰਆਂ ਦੇ ਨਿਰਮਾਣ ਵਿਚ ਲੋੜੀਂਦਾ ਹੈ ਅਤੇ ਖੂਨ ਦੀ ਕਮੀ ਨੂੰ ਦੂਰ ਕਰਦਾ ਹੈ।

**ਘਾਟ ਦੇ ਲੱਛਣ**:

1. ਤਾਂਬੇ ਦੀ ਕਮੀ ਕਾਰਨ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ।
2. ਖੂਨ ਦੀ ਕਮੀ ਹੋ ਜਾਂਦੀ ਹੈ।
3. ਦਿਲ ਅਤੇ ਰਕਤ ਚਾਪ ਪ੍ਰਣਾਲੀ ਵਿਚ ਵਿਗਾੜ ਪੈਦਾ ਹੋਣਾ।

**ਲੋਹਾ**: ਲੋਹਾ ਖੂਨ ਦੇ ਲਾਲ ਰਕਤਾਣੂੰਆਂ ਦਾ ਇਕ ਅਨਿਖੜਵਾਂ ਅੰਗ ਹੈ। ਇਸ ਲਈ ਇਸਦਾ ਮੁੱਖ ਕੰਮ

1. ਸਰੀਰ ਵਿਚ ਆਕਸੀਜਨ ਗੈਸ ਨੂੰ ਫੇਫੜਿਆਂ ਤੋਂ ਦੂਸਰੇ ਭਾਗਾਂ ਅਤੇ ਕੋਸ਼ਿਕਾਵਾਂ ਤੱਕ ਪਹੁੰਚਾਉਣਾ ਹੈ।

2. ਇਹ ਸਰੀਰ ਦੇ ਬਹੁਤ ਸਾਰੇ ਰਸਾਇਣਿਕ ਰਸਾਂ ਦਾ ਅੰਗ ਹੈ।

**ਘਾਟ ਦੇ ਲੱਛਣ:**

1. ਖੁਰਾਕ ਵਿਚ ਲੋਹੇ ਦੀ ਘਾਟ ਨਾਲ ਸੂਰਾਂ ਦੀ ਭੁੱਖ ਮਰ ਜਾਂਦੀ ਹੈ।
2. ਭਾਰ ਵੱਧਣ ਦੀ ਰਫਤਾਰ ਵਿਚ ਵੀ ਕਮੀ ਆ ਜਾਂਦੀ ਹੈ।
3. ਵਾਲਾਂ ਅਤੇ ਚਮੜੀ ਦੀ ਮਾੜੀ ਹਾਲਤ ਹੋ ਜਾਂਦੀ ਹੈ।
4. ਖੂਨ ਦੀ ਕਮੀ ਹੋ ਜਾਂਦੀ ਹੈ।
5. ਸਰੀਰ ਦੀਆਂ ਝਿਲੀਆਂ (mucous ) ਦਾ ਰੰਗ ਫਿੱਕਾ ਪੀਲਾ ਪੈ ਜਾਂਦਾ ਹੈ। ਚਿਟੇ ਸੂਰਾਂ ਵਿਚ ਚਮੜੀ ਦਾ ਰੰਗ ਚਾਕ ਵਰਗਾ ਹੋ ਜਾਂਦਾ ਹੈ।
6. ਸਾਹ ਧੋਕਣੀ ਵਾਂਗ ਅਤੇ ਮੁਸ਼ਕਲ ਨਾਲ ਆਉਂਦਾ ਹੈ।

**ਆਇਓਡੀਨ:** ਇਸਦਾ ਸਰੀਰ ਵਿਚ ਇਕੋ ਹੀ ਮੁੱਖ ਕੰਮ ਹੈ। ਇਹ ਥਾਇਰਾਇਡ ਗ੍ਰੰਥੀ ਵਿੱਚੋਂ ਨਿਕਲਣ ਵਾਲੇ ਥਾਇਰੋਕਸੀਨ ਦਾ ਅਨਿਖੜਵਾਂ ਅੰਗ ਹੈ ਜੋ ਕਿ ਸਰੀਰ ਦੇ ਢਾਹ ਉਸਾਰੀ ਦੇ ਕੰਮ ਦੀ ਰਫਤਾਰ ਤਹਿ ਕਰਦਾ ਹੈ। ਇਸਦੇ ਨਤੀਜੇ ਵਜੋਂ ਸਰੀਰ ਦੇ ਸਾਰੇ ਕੰਮਾਂ ਵਿਚ ਰੁਕਾਵਟਾਂ ਆਉਂਦੀਆਂ ਹਨ ।

**ਘਾਟ ਦੇ ਲੱਛਣ**:

1. ਭਾਰ ਵੱਧਣ ਦੀ ਰਫਤਾਰ ਘੱਟ ਜਾਦੀ ਹੈ।
2. ਭੁੱਖ ਮਰ ਜਾਂਦੀ ਹੈ
3. ਵਾਲਾਂ ਅਤੇ ਚਮੜੀ ਦੀ ਹਾਲਤ ਮਾੜੀ ਨਜ਼ਰ ਆਉਂਦੀ ਹੈ।
4. ਪ੍ਰਜਣਨ ਕਿਰਿਆ ਵਿਚ ਵਿਗਾੜ ਪੈ ਜਾਂਦਾ ਹੈ ਜੇਕਰ ਗਰਭ ਸਮੇਂ ਸੂਰੀ ਦੀ ਖੁਰਾਕ ਵਿਚ ਆਇਓਡੀਨ ਦੀ ਘਾਟ ਹੋਵੇ ਤਾਂ ਨਵਜੰਮੇ ਬੱਚਿਆਂ ਦੇ ਸਰੀਰ ਦੇ ਵਾਲ ਨਹੀ ਹੁੰਦੇ।
5. ਮਰੇ ਹੋਏ ਜਾਂ ਕਮਜੋਰ ਬੱਚੇ ਪੈਦਾ ਹੁੰਦੇ ਹਨ।
6. ਸੂਰਾਂ ਵਿਚ ਗਿਲੱੜ ਰੋਗ (goiter ) ਭਾਵ ਗਰਦਨ ਦਾ ਥੱਲਵਾਂ ਹਿੱਸਾ ਵੱਧ ਜਾਂਦਾ ਹੈ।

**ਮੈਂਗਨੀਜ਼ :**

1. ਮੈਂਗਨੀਜ਼ ਹੱਡੀਆਂ ਅਤੇ ਸੰਯੋਜਕ ਨੱਸਾਂ ਦਾ ਨਿਰਮਾਣ ਕਰਨ ਵਿਚ ਮਦਦ ਕਰਦਾ ਹੈ।
2. ਪ੍ਰੋਟੀਨ, ਚਰਬੀ ਅਤੇ ਨਿਸਾਸ਼ਤੇ ਦੇ ਢਾਹ ਉਸਾਰੀ ਕਰਨ ਵਾਲੇ ਰਸਾਇਣਿਕ ਰਸਾਂ ਦਾ ਇੱਕ ਹਿੱਸਾ ਹੈ।

**ਘਾਟ ਦੇ ਲੱਛਣ**

1. ਸਰੀਰਕ ਢਾਂਚਾ ਠੀਕ ਨਾ ਹੋਣਾ।
2. ਲੰਗੜਾ ਪਣ
3. ਲੱਤਾਂ ਛੋਟੀਆਂ ਤੇ ਭੱਦੀਆਂ ਅਤੇ ਲੱਤਾਂ ਦੇ ਜੋੜ (Hock joint ) ਵੱਧ ਜਾਂਦੇ ਹਨ।
4. ਨਸਲਕਸ਼ੀ ਵਾਲੀਆਂ ਸੂਰੀਆਂ ਵਿਚ ਹੇਹਾ ਠੀਕ ਸਮੇਂ ਨਹੀਂ ਆਉਂਦਾ ਜਾਂ ਸਮਾਪਤ ਹੋ ਜਾਂਦਾ ਹੈ।
5. ਗਰਭ ਸਮੇਂ ਸੂਰੀਆਂ ਦੀ ਖੁਰਾਕ ਵਿਚ ਮੈਂਗਨੀਜ ਦੀ ਘਾਟ ਨਾਲ ਭਰੂਣ ਗਰਭ ਵਿਚ ਹੀ ਜਜ਼ਬ ਹੋ ਜਾਂਦਾ ਹੈ ਜਾਂ ਫਿਰ ਛੋਟੇ ਅਤੇ ਕਮਜੋਰ ਬੱਚੇ ਪੈਦਾ ਹੁੰਦੇ ਹਨ ਜਿਹੜੇ ਪੂਰਾ ਸਰੀਰਕ ਸੰਤੁਲਿਨ ਨਹੀਂ ਬਣਾ ਸਕਦੇ।
6. ਸੂਰੀ ਦੇ ਥਣ ਵੀ ਪੂਰੀ ਤਰ੍ਹਾਂ ਵਿਕਸਿਤ ਨਹੀ ਹੁੰਦੇ।

**ਜਿਸਤ** (zinc):

1. ਜਿਸਤ ਸਰੀਰ ਦੇ ਬਹੁਤ ਸਾਰੇ ਰਸਾਇਣਿਕ ਰਸਾਂ ਦਾ ਇਕ ਅੰਗ ਹੈ ਜੋ ਕਿ ਪਾਚਨ ਅਤੇ ਸਾਹ ਕ੍ਰਿਆਵਾਂ ਵਿਚ ਸਹਾਈ ਹੁੰਦੇ ਹਨ।
2. ਸਰੀਰ ਦੇ ਸਾਧਾਰਨ ਚਮੜੀ, ਹੱਡੀਆਂ ਅਤੇ ਵਾਲ ਠੀਕ ਰੱਖਦਾ ਹੈ।
3. ਪ੍ਰਜਣਨ ਅੰਗਾਂ ਦੇ ਨਿਰਮਾਣ ਅਤੇ ਪ੍ਰਜਣਨ ਪ੍ਰਣਾਲੀ ਦਾ ਕੰਮ ਕਾਜ ਠੀਕ ਰਖਦਾ ਹੈ।

**ਘਾਟ ਦੇ ਲੱਛਣ**:

1. ਸੂਰਾਂ ਦੀ ਖੁਰਾਕ ਵਿਚ ਜਿਸਤ ਦੀ ਘਾਟ ਕਾਰਨ ਚਮੜੀ ਤੇ ਇੱਕ ਤਹਿ ਜਿਹੀ ਬਣ ਜਾਂਦੀ ਹੈ ਜਿਸਨੂੰ ਪੈਰਾਕੇਰਾ ਟੋਸਿਸ (Parakertosis) ਕਹਿੰਦੇ ਹਨ। ਜਿਸ ਨਾਲ ਚਮੜੀ ਖਰਾਬ ਜਿਹੀ ਲਗਦੀ ਹੈ।
2. ਭਾਰ ਵੱਧਣ ਦੀ ਰਫਤਾਰ ਘੱਟ ਜਾਂਦੀ ਹੈ।
3. ਸੂਰਾਂ ਨੂੰ ਮੋਕ ਲੱਗ ਜਾਂਦੀ ਹੈ।

4. ਇਸਦੀ ਘਾਟ ਨਾਲ ਪੱਠ ਸੂਰੀਆਂ ਛੋਟੇ ਅਤੇ ਘੱਟ ਬੱਚੇ ਪੈਦਾ ਕਰਦੀਆਂ ਹਨ।

5. ਸਾਨ੍ਹ ਸੂਰ ਵਿਚ ਪਤਾਲੂਆਂ ਦਾ ਨਿਰਮਾਣ ਘੱਟ ਜਾਂਦਾ ਹੈ।

**ਸੈਲੀਨੀਅਮ:** ਸੈਲੀਨੀਅਮ ਸਰੀਰ ਵਿਚਲੀ ਅਸੰਤਿਪਤ ਚਰਬੀ (ੁਨਸਓਟੁਰਓਟਣਦ ਡਓਟਸ) ਦਾ ਰੱਖ ਰਖਾਵ ਕਰਦਾ ਹੈ।

**ਘਾਟ ਦੇ ਲੱਛਣ:**

1. ਇਸ ਦੀ ਘਾਟ ਨਾਲ ਇਕ ਦਮ ਮੌਤ ਹੋ ਜਾਂਦੀ ਹੈ (ਖਾਸ ਕਰਕੇ ਦੁੱਧੋਂ ਛੁਡਾਏ ਬੱਚਿਆਂ ਦੀ)।
2. ਪ੍ਰਜਣਨ ਕ੍ਰਿਆ ਵਿੱਚ ਵਿਗਾੜ ਆ ਜਾਂਦਾ ਹੈ।
3. ਸੂਰੀ ਥੱਲੇ ਦੁੱਧ ਵੀ ਘੱਟ ਜਾਂਦਾ ਹੈ।
4. ਸੂਰਾਂ ਵਿੱਚ ਬਿਮਾਰੀਆਂ ਨਾਲ ਲੱੜਨ ਦੀ ਸ਼ਕਤੀ ਘੱਟ ਜਾਂਦੀ ਹੈ।
5. ਸੂਰਾਂ ਦੀਆਂ ਮਾਸਪੇਸ਼ੀਆਂ ਚਿੱਟੀਆਂ ਹੋ ਜਾਂਦੀਆਂ ਹਨ।

# ਪ੍ਰਚੱਲਿਤ ਅਤੇ ਅਪ੍ਰਚੱਲਿਤ ਖੁਰਾਕੀ ਵਸਤਾਂ

ਸੂਰ ਪਾਲਣ ਦੀ ਕੁੱਲ ਲਾਗਤ ਦਾ 70-80× ਖਰਚ ਸੂਰਾਂ ਦੀ ਖੁਰਾਕ ਤੇ ਆਉਂਦਾ ਹੈ। ਇਸ ਲਈ ਖੁਰਾਕ ਨੂੰ ਸਸਤਾ ਬਣਾ ਕੇ ਹੀ ਸੂਰਾਂ ਦੀ ਖੁਰਾਕ ਦਾ ਖਰਚ ਘਟਾਇਆ ਜਾ ਸਕਦਾ ਹੈ ਅਤੇ ਲਾਭ ਵਧਾਇਆ ਜਾ ਸਕਦਾ ਹੈ। ਖੁਰਾਕ ਨੂੰ ਸਸਤਾ ਬਣਾਉਣ ਲਈ ਇਨ੍ਹਾਂ ਦੀ ਖੁਰਾਕ ਵਿੱਚ ਅਪ੍ਰਚਲਿਤ ਖੁਰਾਕੀ ਵਸਤਾਂ ਦੀ ਵਰਤੋ ਕਰਨੀ ਚਾਹੀਦੀ ਹੈ।

ਆਮ ਤੌਰ ਤੇ ਸੂਰਾਂ ਦੀ ਖੁਰਾਕ ਵਿੱਚ ਮੱਕੀ, ਕਣਕ, ਚੌਲਾਂ ਦੀ ਕਣੀ, ਜੌ, ਜਵੀ, ਬਾਜਰਾ, ਆਦਿ ਦਾਣੇ ਅਤੇ ਸਾ ਉਪਜਾ ਜਿਵੇ ਛਾਣ ਬੂਰਾ (ਚੋਕਰ), ਚੌਲਾਂ ਦੀ ਪਾਲਸ਼ ਆਦਿ ਊਰਜਾ ਦੇ ਸੋਮਿਆਂ ਵਜੋ ਵਰਤੇ ਜਾਂਦੇ ਹਨ ਅਤੇ ਪ੍ਰਚਲਿਤ ਪ੍ਰੋਟੀਨ ਦੇ ਸੋਮਿਆਂ ਵਜੋ ਮੂੰਗਫਲੀ ਦੀ ਖੱਲ ਸੋਇਆਬੀਨ ਦਾ ਚੂਰਾ, ਵੜੇਵਿਆਂ ਦੀ ਖੱਲ, ਮੱਛੀ ਦਾ ਚੂਰਾ ਆਦਿ ਵਰਤੇ ਜਾਂਦੇ ਹਨ। ਇਨ੍ਹਾਂ ਦੀਆਂ ਕੀਮਤਾਂ ਲਈ ਕਾਫੀ ਜ਼ਿਆਦਾ ਹੋਣ ਕਰਕੇ ਸਾਨੂੰ ਖੁਰਾਕ ਨੂੰ ਸਸਤਾ ਬਣਾਉਣ ਲਈ ਦੂਸਰੇ ਖੁਰਾਕੀ ਅੰਸ਼ਾਂ ਵੱਲ ਧਿਆਨ ਦੇਣਾ ਪੈਂਦਾ ਹੈ। ਅਪ੍ਰਚਲਿਤ ਖੁਰਾਕੀ ਵਸਤਾਂ ਉਹ ਖੁਰਾਕੀ ਅੰਸ਼ ਹਨ ਜੋ ਕਿ ਕਿਸੇ ਖੇਤੀ ਅਧਾਰਿਤ ਇੰਡਸਟਰੀ ਦੀ ਵੇਸਟ, ਬੇਕਰੀ ਵੇਸਟ, ਫਲ ਅਤੇ ਸਬਜੀਆਂ ਦੀ ਇੰਡਸਟਰੀ ਦੀ ਵੈਸਟ ਆਦਿ ਹੋਣ ਇਨ੍ਹਾਂ ਖੁਰਾਕੀ ਵਸਤਾਂ ਵਿੱਚ ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਵਧੇਰੇ ਮਾਤਰਾ ਵਿੱਚ ਰੇਸ਼ੇ ਹੁੰਦੇ ਹਨ। ਜਿਸ ਕਰਕੇ ਇਨ੍ਹਾਂ ਦੇ ਪਾਚਨ ਤੇ ਅਸਰ ਹੁੰਦਾ ਹੈ ਅਤੇ ਖੁਰਾਕ ਦੀ ਵਰਤਣਯੋਗ ਊਰਜਾ ਵੀ ਘੱਟ ਜਾਂਦੀ ਹੈ। ਇਨ੍ਹਾਂ ਵਸਤੂਆਂ ਦੀ ਵਰਤੋ ਕਿਸੇ ਹੱਦ ਤੱਕ ਕੀਤੀ ਜਾ ਸਕਦੀ ਹੈ।

### ਅਨਾਜ ਦੇ ਦਾਣੇ

**ਮੱਕੀ**

ਸੂਰਾਂ ਦੀ ਖੁਰਾਕ ਵਿੱਚ ਆਮ ਵਰਤੇ ਜਾਣ ਵਾਲੇ ਖੁਰਾਕੀ ਅੰਸ਼ਾਂ ਵਿਚੋ ਮੱਕੀ ਇੱਕ ਹੈ। ਇਸ ਵਿੱਚ ਚੰਗਾ ਸੁਆਦਲਾਪਣ, ਉੱਚ ਦਰਜੇ ਦੀ ਊਰਜਾ ਅਤੇ ਘਟ ਕੱਚੇ ਰੇਸ਼ੇ ਹੁੰਦੇ ਹਨ। ਮੱਕੀ ਵਿਚਲੀ ਪ੍ਰੋਟੀਨ ਵਿੱਚ ਲਾਈਸੀਨ ਅਤੇ ਟ੍ਰਿਪੋਫੈਨ ਐਮੀਨੋ ਐਸਿਡ ਬਹੁਤ ਹੀ ਘੱਟ ਹੁੰਦੇ ਹਨ।

**ਕਣਕ**

ਕਣਕ ਵੀ ਸੂਰਾਂ ਲਈ ਵਧੇਰੇ ਊਰਜਾ ਵਾਲਾ ਭੋਜਨ ਹੈ। ਇਹ ਉੱਤਮ ਪ੍ਰੋਟੀਨ ਤੱਤਾਂ ਨਾਲ ਭਰਪੂਰ ਮੱਕੀ ਹੈ ਦੇ ਬਰਾਬਰ ਤਾਕਤਵਰ ਹੈ। ਲੇਕਿਨ ਮਨੁੱਖੀ ਆਹਾਰ ਦੇ ਤੌਰ ਤੇ ਇਸ ਦੀ ਵਰਤੋ ਕਾਰਨ ਇਹ ਸੂਰਾ ਦੇ ਆਹਾਰ ਲਈ ਮਹਿੰਗਾ ਹੋ ਸਕਦਾ ਹੈ।

**ਚਰ੍ਹੀ**

ਇਹ ਵੀ ਮੱਕੀ ਦੇ ਮਿਆਰ ਦੇ ਵਾਂਗ ਹੀ ਹੈ। ਬੇਸ਼ੱਕ ਇਸ ਦੀ ਤਾਕਤ ਮੱਕੀ ਨਾਲੋ ਘੱਟ ਹੈ, ਫਿਰ ਵੀ ਸੂਰਾਂ ਦੇ ਆਹਾਰ ਲਈ ਇਹ ਮੱਕੀ ਦੀ ਬਦਲ ਹੈ। ਇਸ ਦੇ ਛਿਲਕੇ ਵਿਚਲਾ ਤੱਤ ਇਸ ਦੇ ਸੁਆਦਲੇਪਣ ਅਤੇ ਊਰਜਾ ਨੂੰ ਘਟਾਉਦੀ ਹੈ।

**ਜੌ**

ਜੌਆਂ ਵਿੱਚ ਮੱਕੀ ਨਾਲੋ ਵੱਧ ਪ੍ਰੋਟੀਨ ਅਤੇ ਰੇਸ਼ੇਦਾਰ ਤੱਤ ਹਨ। ਮੱਕੀ ਤੋ ਬਾਅਦ ਜੌ ਦੀ ਮੱਕੀ ਦੇ ਖਾਣ ਦੀ ਯੋਗਤਾ 85-95% ਹੈ।

**ਜਵੀ**

ਜਵੀ ਵਿੱਚ ਮੱਕੀ ਨਾਲੋ ਵਧੇਰੇ ਪ੍ਰੋਟੀਨ ਹੈ ਲੇਕਿਨ ਇਸ ਵਿੱਚ ਵੱਧ ਰੇਸ਼ੇ ਹੋਣ ਕਾਰਨ ਇਸ ਦੀ ਤਾਕਤ ਘੱਟ ਹੈ। ਮੱਕੀ ਦੇ ਮੁਕਾਬਲੇ ਇਸ ਦੀ ਖਾਣ ਦੀ ਯੋਗਤਾ 80-90× ਦੇ ਵਿਚਕਾਰ ਹੈ।

**ਚੌਲਾਂ ਦੀ ਕਣੀ**

ਟੁੱਟੇ ਜਾਂ ਖਰਾਬ ਹੋਏ ਚੌਲਾਂ ਨੂੰ ਚੌਲਾਂ ਦੀ ਕਣੀ ਕਿਹਾ ਜਾਂਦਾ ਹੈ। ਇਹ ਊਰਜਾ ਦਾ ਵਧੀਆ ਸ੍ਰੋਤ ਹੈ। ਇਸ ਵਿੱਚ ਪ੍ਰੋਟੀਨ ਮੱਕੀ ਨਾਲੋ ਘੱਟ ਹੁੰਦੀ ਹੈ।

**ਬਾਜਰਾ**

ਇਹ ਆਮ ਤੌਰ ਤੇ ਮਨੁੱਖੀ ਆਹਾਰ ਲਈ ਵਰਤਿਆ ਜਾਂਦਾ ਹੈ। ਇਸ ਦੇ ਛੋਟੇ ਆਕਾਰ ਕਾਰਨ ਇਹ ਅੰਤੜੀਆਂ ਵਿਚੋ ਅਣਪਚਿਆ ਹੀ ਬਾਹਰ ਨਿਕਲ ਜਾਂਦਾ ਹੈ। ਇਸ ਲਈ ਖਾਣ ਤੋ ਪਹਿਲਾਂ ਇਸ ਨੂੰ ਚੰਗੀ ਤਰ੍ਹਾਂ ਪੀਸ ਲੈਣਾ ਚਾਹੀਦਾ ਹੈ। ਇਸ ਵਿੱਚ ਵਧੇਰੇ ਰੇਸ਼ੇ ਵਾਲੇ ਤੱਤਾਂ ਅਤੇ ਘੱਟ ਪਾਚਕਤਾ ਦੇ ਕਾਰਨ ਇਸ
ਦੇ ਊਰਜਾ ਵਾਲੇ ਗੁਣ ਘੱਟ ਹਨ।

**ਜ਼ਿਮਨੀ ਪੈਦਾਵਾਰ/ਸਾਉਪਜਾਂ**

ਜ਼ਿਮਨੀ ਪੈਦਾਵਾਰਾਂ, ਜਿਹੜੀਆਂ ਕਿ ਆਮ ਤੌਰ ਤੇ ਮਨੁੱਖਾਂ ਦੁਆਰਾ ਨਹੀ ਖਾਧੀਆਂ ਜਾਂਦੀਆਂ, ਸੂਰਾਂ ਲਈ ਹਮੇਸ਼ਾਂ ਬਹੁਤ ਅੱਛਾ ਭੋਜਨ ਸਾਬਤ ਹੋਈਆਂ ਹਨ। ਸੂਰਾਂ ਦੇ ਵਧਣ-ਫੁੱਲਣ ਦਾ ਇਹ ਅੱਛਾ ਆਧਾਰ ਹਨ। ਆਮ ਤੌਰ ਤੇ ਜ਼ਿਮਨੀ ਪੈਦਾਵਾਰ ਵਿੱਚ ਕੱਚੇ ਰੇਸ਼ੇ ਵਾਲੇ ਤੱਤ ਅਨਾਜ ਦੇ ਦਾਨਿਆਂ ਦੀ ਨਿਸਬਤ ਵਧੇਰੇ ਹੁੰਦੇ ਹਨ।

**ਚੌਲਾਂ ਦੀ ਪਾਲਿਸ਼**

ਚੌਲਾਂ ਦੀ ਪਾਲਿਸ਼ ਇੱਕ ਬਹਤ ਹੀ ਵਧੀਆ ਪਾਊਡਰ ਵਰਗਾ ਤੱਤ ਹੁੰਦਾ ਹੈ ਜਿਹੜਾ ਕਿ ਚੌਲਾਂ ਤੋ ਛਿਲਕਾ ਅਤੇ ਛਾਣ ਲਾਹੁਣ ਤੋ ਮਗਰੋ ਚੌਲਾਂ ਨੂੰ ਪਾਲਿਸ਼ ਕਰਨ ਦੌਰਾਨ ਪ੍ਰਾਪਤ ਕੀਤਾ ਜਾਂਦਾ ਹੈ। ਇਸ ਵਿੱਚ ਘੱਟ ਕੱਚੇ ਰੇਸ਼ੇ ਹੋਣ ਕਾਰਨ ਸੂਰਾਂ ਲਈ ਇਸ ਦੀ ਪੌਸ਼ਟਿਕਤਾ ਬਹੁਤ ਵੱਧ ਹੈ।

**ਚੌਲਾਂ ਦਾ ਛਾਣ**

ਚੌਲਾਂ ਉੱਤੇ ਛਾਣ/ਬੂਰੇ ਦੀ ਤਹਿ ਹੁੰਦੀ ਹੈ ਜਿਹੜੀ ਕਿ ਇਸ ਦਾ ਛਿਲਕਾ ਹਟਾਉਣ ਤੋ ਬਾਅਦ ਪ੍ਰਾਪਤ ਹੁੰਦੀ ਹੈ। ਇਹ ਬੀ-ਕੰਪਲੈਕਸ ਵਿਟਾਮਿਨ ਦਾ ਚੰਗਾ ਸ੍ਰੋਤ ਹੈ। ਇੱਕ ਚੰਗੀ ਕੁਆਲਿਟੀ ਵਾਲਾ ਚੌਲਾਂ ਦਾ ਛਾਣ12-13× ਤੱਕ ਕੱਚੀ ਪ੍ਰੋਟੀਨ, ਚਿਕਨਾਈ ਅਤੇ ਰੇਸ਼ੇ ਭਰਪੂਰ ਹੁੰਦਾ ਹੈ।

**ਤੇਲ ਰਹਿਤ ਚੌਲਾਂ ਦਾ ਛਾਣ**

ਚੌਲਾਂ ਦੇ ਛਾਣ ਵਿੱਚ ਮੌਜੂਦ ਤੇਲਾਂ ਦੀ ਸੜਾਂਦ ਦੀ ਸਮੱਸਿਆ ਤੇ ਕਾਬੂ ਪਾਉਣ ਲਈ, ਚੌਲਾਂ ਦੇ ਛਾਣ ਨੂੰ ਗੁਦਾਮ ਵਿੱਚ ਸਾਂਭਣ ਸਮੇ ਇਸ ਵਿਚੋ ਤੇਲ ਕੱਢ ਲਿਆ ਜਾਂਦਾ ਹੈ। ਚੌਲਾਂ ਦੇ ਛਾਣ ਵਿੱਚ ਆਮ ਤੌਰ ਤੇ ਰੇਸ਼ੇ ਵਲੇ ਤੱਤ 13-14× ਹੁੰਦੇ ਹਨ ਪਰ ਇਸ ਵਿੱਚ ਪੀਸਿਆ

ਹੋਇਆ ਛਿਲਕਾ ਮਿਲਾਉਣ ਨਾਲ ਇਸ ਵਿੱਚ 13-25× ਤੱਕ ਹੋ ਜਾਂਦੇ ਹਨ। ਵੱਧ ਮਾਤਰਾ ਵਿੱਚ ਕੱਚੇ ਚੌਲਾਂ ਦੇ ਛਾਣ ਦੀ ਤਾਕਤ ਨੂੰ ਘਟਾਉਂਦੇ ਹਨ।

**ਕਣਕ ਦਾ ਛਾਣ**

ਇਹ ਕਣਕ ਦੇ ਦਾਣਿਆਂ ਦੀ ਬਾਹਰਲੀ ਪਰਤ ਹੁੰਦੀ ਹੈ। ਇਹ ਸੁਆਦਲੀ, ਭਾਰੀ ਅਤੇ ਕਬਜ਼ਕੁਸ਼ਾ (ਕਬਜ਼ ਖੋਲ੍ਹਣ ਵਾਲੀ) ਹੁੰਦੀ ਹੈ। ਇਸ ਕਰਕੇ ਸੂਰੀਆਂ ਦੇ ਸੂਣ ਤੋ ਪਹਿਲਾਂ ਅਤੇ ਮਗਰੋ ਖਾਣ ਲਈ ਇਹ ਵਧੇਰੇ ਪੌਸ਼ਟਿਕ ਹੈ।

**ਦਲੀਆ**

ਇਹ ਮੱਕੀ ਦੇ ਦਾਣਿਆਂ, ਮੱਕੀ ਦੇ ਛਾਣ ਅਤੇ ਮੱਕੀ ਦੇ ਨਿਸ਼ਾਸ਼ਤੇ ਦਾ ਮਿਸ਼ਰਣ ਹੁੰਦਾ ਹੈ। ਇਹ ਵਧਣਸ਼ੀਲ, ਤਾਕਤਵਰ ਖੁਰਾਕਾਂ ਵਿੱਚ 40× ਤੱਕ ਵਰਤਿਆ ਜਾ ਸਕਦਾ ਹੈ।

**ਬੀਅਰ ਦੇ ਕਾਰਖਾਨਿਆਂ ਦਾ ਵਾਧੂ ਪਦਾਰਥ (ਬਰਿਵਰੀ ਵੇਸਟ)**

ਮਾਲਟ ਨਿਚੋੜਨ ਬਚਿਆ ਰਹਿੰਦ-ਖੂੰਹਦ ਘੁਲਣਸ਼ੀਲ ਨਹੀ ਹੁੰਦਾ। ਬੀਅਰ ਬਨਾਉਣ ਸਮੇ ਸੁੱਕਾ ਵਾਧੂ ਪਦਾਰਥ ਪ੍ਰੋਟੀਨ ਅਤੇ ਬੀ-ਕੰਪਲੈਕਸ ਵਿਟਾਮਿਨਾਂ ਦਾ ਚੰਗਾ ਸ੍ਰੋਤ ਹੈ। ਇਸ ਵਿੱਚ ਵਧੇਰੇ ਮਾਤਰਾ ਵਿੱਚ ਕੱਚੇ ਰੇਸ਼ੇਦਾਰ ਤੱਤ ਹੋਣ ਕਾਰਨ ਵੱਧਣ-ਫੁੱਲਣ ਅਤੇ ਵਧੇਰੇ ਚਰਬੀ ਵਾਲੇ ਸੂਰਾਂ ਦੀ ਖੁਰਾਕ ਵਿੱਚ ਇਸ ਨੂੰ 15× ਤੱਕ ਹੀ ਵਰਤਿਆ ਜਾ ਸਕਦਾ ਹੈ।

**ਸੀਰਾ**

ਇਹ ਖੰਡ ਉਦਯੋਗ ਦੀ ਜ਼ਿਮਨੀ ਪੈਦਾਵਾਰ ਹੈ ਜਿਸ ਵਿੱਚ ਖੰਡ, ਅਰਧ-ਸੈਲਿਊਲੋਸ ਰਸਾਂ ਅਤੇ ਖਣਿਜ ਪਦਾਰਥਾਂ ਦਾ ਮਿਲਿਆ ਹੋਇਆ ਸੰਘਣਾ ਤਰਲ ਪਦਾਰਥ ਹੈ ਅਤੇ ਇਹ ਨਾਇਆਸੀਨ, ਕੋਲਿਨ ਅਤੇ ਪੈਂਟੋਥੈਨਿਕ ਤੇਜ਼ਾਬ ਦਾ ਬਣਿਆ ਹੁੰਦਾ ਹੈ। ਜਦੋ ਇਸ ਨੂੰ ਸੂਰਾਂ ਦੀ ਖੁਰਾਕ ਵਿੱਚ ਵਰਤਿਆ ਜਾਂਦਾ ਹੈ ਤਾਂ ਇਹ ਉਸ ਦੇ ਮਿਟਿਆਲੇਪਣ ਨੂੰ ਘਟਾਉਂਦਾ ਹੈ।

**ਜੜਾਂ ਅਤੇ ਗੰਢਦਾਰ ਵਸਤਾਂ**

ਜੜਾਂ ਵਾਲੀਆਂ ਫਸਲਾਂ ਜਿਵੇ ਕਿ ਸਲਗਮ, ਚੁਕੰਦਰ, ਗਾਜਰਾਂ ਆਦਿ ਵਿੱਚ ਖੰਡ ਦੇ ਭਰਪੂਰ ਤੱਤ ਹੁੰਦੇ ਹਨ ਅਤੇ ਇਹ ਪਸ਼ੂਆਂ ਨੂੰ ਖਾਣ ਲਈ ਨਹੀ ਦਿੱਤੇ ਜਾਂਦੇ। ਗੰਢਦਾਰ ਵਸਤਾਂ ਜਿਵੇ ਕਿ ਆਲੂ, ਕਾਸਾਵਾ-ਕੰਦ, ਸ਼ਕਰਕੰਦੀਆਂ, ਜੜਾਂ ਵਾਲੀਆਂ ਫਸਲਾਂ ਨਾਲੋ ਭਿੰਨ ਹਨ ਕਿਉਕਿ ਇਨ੍ਹਾਂ ਵਿੱਚ ਸਕ੍ਰੋਜ਼ ਦੀ ਥਾਂ ਮਾਵਾ ਜਾਂ ਫਰਕਟੈਨਜ਼ ਦੇ ਤੱਤ ਪਾਏ ਜਾਂਦੇ ਹਨ।

**ਆਲੂ**

ਆਲੂਆਂ ਵਿੱਚ 2.5-3× ਪ੍ਰੋਟੀਨ ਅਤੇ 22× ਸੁੱਕਾ ਪਦਾਰਥ ਹੁੰਦਾ ਹੈ। ਘਟੀਆ ਕਿਸਮ ਦੇ ਅਤੇ ਵਾਧੂ ਆਲੂ ਸੂਰਾਂ ਦੀ ਖੁਰਾਕ ਵਿੱਚ ਕੱਟ ਲਗੇ ਹੋਏ, ਵਰਤੇ ਜਾ ਸਕਦੇ ਹਨ। ਬੇਸ਼ੱਕ ਕੱਚੇ ਆਲੂ ਵੀ ਨੁਕਸਾਨਦੇਹ ਨਹੀ ਹੁੰਦੇ ਪ੍ਰੰਤੂ ਪਕਾਉਣ ਤੋ ਬਾਅਦ ਇਸ ਵਿੱਚ ਲੂਣ ਮਿਲਾਉਣ ਨਾਲ ਇਨ੍ਹਾਂ ਦੇ ਸੁਆਦ ਅਤੇ ਪਾਚਕਤਾ ਵਿੱਚ ਵਾਧਾ ਹੁੰਦਾ ਹੈ। ਸੂਰਾਂ ਦੀ ਕੁੱਲ ਖੁਰਾਕ ਦੇ 50× ਹਿੱਸੇ ਵਜੋ ਪੱਕੇ ਹੋਏ ਆਲੂ ਖਵਾਏ ਜਾ ਸਕਦੇ ਹਨ। ਇਹ ਨਿਸ਼ਚਿਤ ਹੈ ਕਿ 4.7 ਕਿਲੋਗ੍ਰਾਮ ਪਕਾਏ ਹੋਏ ਆਲੂ 1 ਕਿਲੋ ਸੰਘਣੀ ਤਰਲ ਭੋਜਨ ਦੇ ਬਦਲ ਹਨ।

**ਕਾਸਾਵਾ**

ਕਾਸਾਵਾ ਗੰਢਦਾਰ ਵਸਤਾਂ ਆਮ ਤੌਰ ਤੇ ਮਨੁੱਖੀ ਖਪਤ ਲਈ ਮੈਦਾ/ਮਾਵਾ ਪੈਦਾ ਕਰਨ ਲਈ ਵਰਤੀਆਂ ਜਾਂਦੀਆਂ ਹਨ। ਸਾਈਆਨੋਜੈਨਿਕ ਗਲੂਕੋਸਾਈਡ ਲਿਨਾਮਾਰੀਨ ਦੀ ਹੋਂਦ ਕਾਰਨ ਇਨ੍ਹਾਂ ਦੀ ਸੂਰਾਂ ਦੀ ਖੁਰਾਕ ਵਿੱਚ ਵਰਤੋਂ ਦੀ ਹੱਦ 20-30× ਤੱਕ ਹੈ।

ਭੋਜਨ ਦੇ ਉਹ ਤੱਤ, ਜਿਨ੍ਹਾਂ ਵਿੱਚ 20× ਤੋ ਵੱਧ ਕੱਚੇ ਪ੍ਰੋਟੀਨ ਹੁੰਦੇ ਹਨ, ਪ੍ਰੋਟੀਨ ਦੇ ਸੰਪੂਰਕ ਅਖਵਾਉਂਦੇ ਹਨ। ਇਨ੍ਹਾਂ ਤੱਤਾਂ ਨੂੰ ਇਨ੍ਹਾਂ ਦੀ ਉਤਪਤੀ ਦੇ ਸ੍ਰੋਤਾਂ ਦੇ ਆਧਾਰ ਤੇ ਪੌਦੇ ਅਤੇ ਪਸ਼ੂ ਪ੍ਰੋਟੀਨ ਸੰਪੂਰਕਾਂ ਦੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ।

## ਬਨਸਪਤੀ ਪ੍ਰੋਟੀਨ

**ਸੋਇਆਬੀਨ ਦਾ ਚੂਰਾ**

ਇਹ ਇੱਕ ਬਹੁਤ ਹੀ ਵਧੀਆ ਸਬਜ਼ੀਆਂ ਵਾਲੀ ਪ੍ਰੋਟੀਨ ਦਾ ਸ੍ਰੋਤ ਹੈ ਅਤੇ ਲਾਈਸੀਨ ਤੱਤ ਨਾਲ ਭਰਪੂਰ ਹੈ। ਮੱਕੀ ਅਤੇ ਸੋਇਆਬੀਨ ਤੋ ਬਣਿਆ ਆਹਾਰ ਸੂਰਾਂ ਲਈ ਲੋੜੀਂਦੇ ਸਾਰੇ ਐਮੀਨੋ ਤੇਜ਼ਾਬ ਮੁਹੱਈਆ ਕਰਵਾਉਂਦਾ ਹੈ।

**ਮੂੰਗਫਲੀ ਦੀ ਖੱਲ**

ਸੂਰਾਂ ਦੀ ਖੁਰਾਕ ਬਨਾਉਣ ਵਿੱਚ ਪ੍ਰੋਟੀਨ ਸੰਪੂਰਕ ਦੇ ਤੌਰ ਤੇ ਇਸ ਦੀ ਸਭ ਤੋ ਵੱਧ ਲੋੜ ਹੈ। ਬੇਸ਼ੱਕ ਇਹ ਪ੍ਰੋਟੀਨ ਦਾ ਬਹੁਤ ਵੱਡਾ ਸ੍ਰੋਤ ਹੈ ਲੇਕਿਨ ਇਸ ਵਿੱਚ ਸੋਇਆਬੀਨ ਤੋ ਘੱਟ ਲਾਈਸੀਨ ਅਤੇ ਮੀਥਾਇਉਨਾਈਨ ਹੁੰਦੇ ਹਨ।

**ਵੜੇਵਿਆਂ ਦੀ ਖੱਲ**

ਵੜੇਵਿਆਂ ਦੀ ਖੱਲ ਬੇਸ਼ੱਕ ਪ੍ਰੋਟੀਨ ਦਾ ਅੱਛਾ ਸ੍ਰੋਤ ਹੈ ਪਰ ਸੂਰਾਂ ਦੇ ਆਹਾਰ ਵਿੱਚ ਇਸ ਦੀ ਵਰਤੋ 10× ਤੋ ਵੱਧ ਨਹੀ ਕਰਨੀ ਚਾਹੀਦੀ। ਕਿਉਕਿ ਇਸ ਵਿੱਚ ਗੌਸੀਪੋਲ ਹੈ। ਵੜੇਵਿਆਂ ਦੀ ਖਲ ਵਾਲੀ ਪ੍ਰੋਟੀਨ ਲਾਈਸੀਨ ਅਤੇ ਟ੍ਰਿਪਟੋਫੇਨ ਦਾ ਘਟੀਆ ਸ੍ਰੋਤ ਹੈ।

**ਤਿੱਲਾਂ ਦੀ ਖੱਲ**

ਤਿਲਾਂ ਦੀ ਖੱਲ ਵਿੱਚ ਕੱਚੀ ਪ੍ਰੋਟੀਨ 40-50× ਹੈ। ਇਹ ਆਰਜੀਨਾਈਨ, ਮੈਥੀਉਨੀਨ ਅਤੇ ਟ੍ਰਿਪਟੋਫੇਨ ਦਾ ਤਕੜਾ ਸ੍ਰੋਤ ਹੈ। ਪਰ ਇਸ ਵਿੱਚ ਲਾਈਸੀਨ ਤੱਤ ਘੱਟ ਹੈ।

**ਸਰੋ ਦੀ ਖੱਲ**

ਮੂੰਗਫਲੀ ਦੀ ਖੱਲ ਨਾਲੋ ਸਰ੍ਹੋ ਦੀ ਖਲ ਵਿੱਚ ਪੌਸ਼ਟਿਕਤਾ ਬਹੁਤ ਘੱਟ ਹੈ। ਸੂਰਾਂ ਦੇ ਆਹਾਰ ਵਿੱਚ ਇਸ ਨੂੰ 6-8× ਤੱਕ ਹੀ ਸ਼ਾਮਲ ਕਰਨਾ ਚਾਹੀਦਾ ਹੈ।

**ਨਾਰੀਅਲ ਦਾ ਚੂਰਾ**

ਨਾਰਲੀਅਲ ਦੇ ਚੂਰੇ ਵਿੱਚ ਪ੍ਰੋਟੀਨ ਘੱਟ ਹੁੰਦੀ ਹੈ ਲੇਕਿਨ ਕੱਚੇ ਰੇਸ਼ੇ ਵਧੇਰੇ ਮਾਤਰਾ ਵਿੱਚ ਹੁੰਦੇ ਹਨ। ਇਸ ਵਿੱਚ ਲਾਈਸੀਨ ਬਹੁਤ ਘੱਟ ਮਾਤਰਾ ਵਿੱਚ ਹੁੰਦੀ ਹੈ ਜਿਹੜੀ ਕਿ ਇਸ ਨੂੰ ਸੂਰਾਂ ਦੇ ਰਾਸ਼ਨ ਵਿੱਚ ਸ਼ਾਮਲ ਕਰਨ ਤੋ ਵਰਜਦੀ ਹੈ।

**ਗੁਆਰੇ ਦਾ ਚੂਰਾ**

ਗੁਆਰੇ ਦੀ ਗੂੰਦ ਕਾਰਖਾਨਿਆਂ ਦੀ ਜ਼ਿਮਨੀ ਪੈਦਾਵਾਰ ਹੈ ਅਤੇ ਇਹ ਪ੍ਰੋਟੀਨ ਦਾ ਇਕ ਉਤਮ ਸ੍ਰੋਤ ਹੈ। ਇਸ ਵਿੱਚ ਬਚੀ-ਖੁਚੀ ਲੇਸ ਅਤੇ ਕਲੋਮ ਰਸ ਨੂੰ ਵਰਜਣ ਵਾਲੇ ਤੱਤਾਂ ਦੀ ਮੌਜੂਦਗੀ ਕਾਰਨ ਵੱਧਣ-ਫੁੱਲਣ ਅਤੇ ਅਤੇ ਵੱਧ ਚਰਬੀ ਵਾਲੇ ਸੂਰਾਂ ਦੇ ਆਹਾਰ ਵਿੱਚ ਇਸ ਦੀ ਵਰਤੋ ਸਿਰਫ 10–12× ਤੱਕ ਹੀ ਕੀਤੀ ਜਾ ਸਕਦੀ ਹੈ।

**ਸੂਰਜਮੁਖੀ ਦੇ ਬੀਜਾਂ ਦਾ ਚੂਰਾ**

ਛਿੱਲੇ ਹੋਏ ਸੂਰਜਮੁਖੀ ਦੇ ਬੀਜਾਂ ਦੇ ਚੂਰੇ ਵਿੱਚ ਨਾ ਛਿੱਲੇ ਹੋਏ ਬੀਜ ਚੂਰੇ ਦੀ ਨਿਸਬਤ ਕੱਚੇ ਰੇਸ਼ੇ ਘੱਟ ਹੁੰਦੇ ਹਨ। ਇਸ ਦੀ ਵਰਤੋ ਸੂਰਾਂ ਦੇ ਆਹਾਰ ਵਿੱਚ ਇਸ ਵਿਚਲੇ ਘੱਟ ਸ਼ਕਤੀ-ਤੱਤਾਂ ਕਾਰਨ ਘੱਟ ਕੀਤੀ ਗਈ ਹੈ। ਛਿਲਕਾ ਰਹਿਤ ਸੂਰਜਮੁਖੀ ਦੇ ਬੀਜ ਦਾ ਚੂਰਾ ਮੂੰਗਫਲੀ ਦੀ ਖਲ ਅਤੇ ਸੋਇਆਬੀਨ ਨੂੰ 25× ਤੱਕ ਬਦਲ ਸਕਦਾ ਹੈ।

ਪਸ਼ੂ ਪ੍ਰੋਟੀਨ ਵਾਲੇ ਭੋਜਨ ਸੂਰਾਂ ਲਈ ਮਿਥੀ ਹੋਈ ਐਮੀਨੋ ਐਸਿਡ ਦੀ ਮਾਤਰਾ ਦਾ ਉੱਤਮ ਸ੍ਰੋਤ ਹਨ। ਪਸ਼ੂ ਪ੍ਰੋਟੀਨ ਦਾ ਜੀਵ-ਵਿਗਿਆਨ ਮੁੱਲ ਪੌਦ ਪ੍ਰੋਟੀਨ ਤੋ ਜ਼ਿਆਦਾ ਹੈ।

**ਮੱਛੀ ਦਾ ਚੂਰਾ**

ਸੁੱਕੀਆਂ ਮੱਛੀਆਂ ਦੇ ਚੂਰੇ ਵਿੱਚ ਪ੍ਰੋਟੀਨ 45–70× ਤੱਕ ਪਾਈ ਜਾਂਦੀ ਹੈ। ਪ੍ਰੋਟੀਨ ਦੀ ਮਾਤਰਾ ਉਨ੍ਹਾਂ ਦੀ ਉਤਪਤੀ ਦੇ ਸ੍ਰੋਤ, ਮੱਛੀਆਂ ਦੀਆਂ ਕਿਸਮਾਂ ਅਤੇ ਉਨ੍ਹਾਂ ਨੂੰ ਸੁਕਾਉਣ ਲਈ ਵਰਤੇ ਢੰਗ ਤੇ ਆਧਾਰਿਤ ਹੈ। ਇਸ ਵਿੱਚ ਉੱਚ ਦਰਜੇ ਦਾ ਲਾਈਸੀਨ ਤੱਤ ਹੋਣ ਕਾਰਨ ਇਸ ਨੂੰ ਸੂਰਾਂ ਲਈ ਪਸ਼ੂ ਪ੍ਰੋਟੀਨ ਦਾ ਇੱਕ ਵਧੀਆ ਸ੍ਰੋਤ ਮੰਨਿਆ ਜਾਂਦਾ ਹੈ। ਜਿਹੜਾ ਉਨ੍ਹਾਂ ਦੇ ਭੋਜਨ ਵਿਚਲੇ ਲਾਈਸੀਨ ਤੱਤ ਨੂੰ ਸਮਤੋਲ ਰੱਖਦਾ ਹੈ। ਮੱਛੀ ਦੇ ਚੂਰੇ ਦੀ ਵੱਧ ਕੀਮਤ ਸੂਰਾਂ ਦੀ ਖੁਰਾਕ ਵਿੱਚ ਇਸ ਦੇ ਸਮਾਵੇਸ਼/ਸਮੂਲੀਅਤ ਨੂੰ ਵਰਜਿਤ ਰੱਖਦੀ ਹੈ। ਚੰਗੇ ਮਿਆਰ ਦੀ ਪ੍ਰੋਟੀਨ ਤੋ ਬਿਨਾਂ ਇਸ ਵਿੱਚ 5× ਕੈਲਸ਼ੀਅਮ ਅਤੇ 2× ਫਾਸਫੋਰਸ ਵੀ ਸ਼ਾਮਲ ਹੈ।

**ਮਾਸ ਦਾ ਚੂਰਾ**

ਮਾਸ ਦਾ ਚੂਰਾ ਚੰਗੀ ਤਰ੍ਹਾਂ ਪੀਸਿਆ ਹੋਇਆ ਅਤੇ ਪਸ਼ੂਆਂ ਦੇ ਤੰਤੂਆਂ ਤੋ ਚਰਬੀ ਪ੍ਰਾਪਤ ਕਰਨ ਤੋ ਬਾਅਦ ਚਰਬੀ ਦੀ ਸੁੱਕੀ ਰਹਿੰਦ-ਖੂੰਹਦ ਹੁੰਦਾ ਹੈ। ਇਹ ਵਾਲ, ਖੁਰ, ਚਮੜੀ, ਲਹੂ, ਆਂਤੜੀਆਂ ਰਹਿਤ ਹੁੰਦਾ ਹੈ। ਇਸ ਵਿੱਚ ਪ੍ਰੋਟੀਨ ਦੀ ਮਾਤਰਾ ਵੱਧਦੀ ਘਟਦੀ ਰਹਿੰਦੀ ਹੈ। ਇਸ ਵਿੱਚ ਟਰਿਪਟੋਫੇਨ ਘੱਟ ਹੁੰਦਾ ਹੈ ਅਤੇ ਇਸ ਦੀ ਜੀਵ-ਵਿਗਿਆਨ ਮਹਾਨਤਾ ਫਿਸ਼ ਮੀਲ ਨਾਲੋ ਘੱਟ ਹੁੰਦੀ ਹੈ।

**ਬਲੱਡ ਮੀਲ**

ਸੁੱਕੇ ਹੋਏ ਖੂਨ ਦੇ ਚੂਰੇ ਵਿੱਚ 9× ਲਾਈਸੀਨ ਤੱਤ ਦੇ ਨਾਲ-ਨਾਲ ਇਸ ਵਿੱਚ 80× ਕੱਚੀ ਪ੍ਰੋਟੀਨ ਹੋਣ ਕਰਕੇ ਇਹ ਪ੍ਰੋਟੀਨ ਦਾ ਇੱਕ ਵਧੀਆ ਸ੍ਰੋਤ ਹੈ। ਇਸ ਵਿੱਚ ਇਸ ਵਿੱਚ ਆਈਸੋਲਿਊਸਿਨ ਨਹੀ ਹੈ। ਸੂਰਾਂ ਦੀਆਂ ਆਰੰਭਿਕ, ਵਧਣ-ਫੁੱਲਣ ਵਾਲੀਆਂ ਅਤੇ ਮੋਟੇ ਹੋਣ ਵਾਲੇ ਸੂਰਾਂ ਦੀ ਖੁਰਾਕ ਵਿੱਚ ਇਸ ਦੀ ਵਰਤੋ ਕ੍ਰਮਵਾਰ 6, 4 ਅਤੇ 3× ਤੱਕ ਕੀਤੀ ਜਾ ਸਕਦੀ ਹੈ।

**ਲਿਵਰ ਮੀਲ**

ਇਹ ਫਾਰਮੇਸੀ ਸਬੰਧੀ ਕਾਰਖਾਨਿਆਂ ਦੀ ਜ਼ਿਮਨੀ ਪੈਦਾਵਾਰ ਹੈ ਅਤੇ ਪ੍ਰੋਟੀਨ ਦਾ ਇੱਕ ਭਰਪੂਰ ਸ੍ਰੋਤ ਹੈ। ਵਧ-ਫੁੱਲ ਰਹੇ ਸੂਰਾਂ ਦੇ ਆਹਾਰ ਵਿੱਚ ਇਹ 5× ਤੱਕ ਸ਼ਾਮਲ ਕੀਤਾ ਜਾ ਸਕਦਾ ਹੈ।

**ਸਪਰੇਟਾ ਸੁੱਕਾ ਦੁੱਧ**

ਇਹ ਬਹੁਤ ਛੋਟੇ ਸੂਰਾਂ ਲਈ ਸਭ ਤੋ ਵਧੀਆ ਖੁਰਾਕ ਹੈ। ਇਹ ਉਚ ਦਰਜੇ ਦੀ ਪ੍ਰੋਟੀਨ, ਵਿਟਾਮਿਨਾਂ ਅਤੇ ਅਣਪਛਾਤੇ ਤੱਤਾਂ ਦਾ ਵਧੀਆ ਸ੍ਰੋਤ ਹੈ।

**ਹਰੇ ਚਾਰੇ**

ਚਾਰੇ ਵਾਲੀਆਂ ਫਸਲਾਂ ਸੂਰਾਂ ਨੂੰ ਖਵਾਉਣ ਨਾਲ ਉਨ੍ਹਾਂ ਦੀ ਉਤਪਤੀ-ਦਰ ਵਿੱਚ ਵਾਧਾ ਹੁੰਦਾ ਹੈ ਜਦੋ ਕਿ ਸੂਣ ਵਾਲੀਆਂ ਸੂਰੀਆਂ ਨੂੰ ਖਵਾਉਣ ਨਾਲ ਤਾਕਤਵਰ ਸੂਰ ਪੈਦਾ ਹੁੰਦੇ ਹਨ। ਸੂਰਾਂ ਨੂੰ ਬਰਸੀਮ, ਲੂਸਣ, ਮੇਥੀ ਦੇ ਪੱਤੇ ਅਤੇ ਮੱਕੀ ਦਾ ਚਾਰਾ ਆਦਿ ਖਵਾਏ ਜਾ ਸਕਦੇ ਹਨ। ਪਰ ਵਧ ਰਹੇ ਸੂਰਾਂ ਵਿੱਚ ਸੁੱਕੇ ਤੱਤਾਂ ਦੀ ਖਪਤ ਦੇ 10× ਤੱਕ ਇਨ੍ਹਾਂ ਦਾ ਹਿੱਸਾ ਸੀਮਤ ਕਰ ਦੇਣਾ ਚਾਹੀਦਾ ਹੈ। ਗਰਭਿਤ ਪਸ਼ੂਆਂ ਲਈ ਇਸ ਦੀ ਮਾਤਰਾ ਵਧਾਈ ਜਾ ਸਕਦੀ ਹੈ।

**ਰਸੋਈ ਘਰ ਦੀ ਜੂਠ**

ਪਕਾਏ ਹੋਏ ਅਣਖਾਧੇ ਭੋਜਨ ਜਿਵੇ ਕਿ ਸਬਜ਼ੀਆਂ, ਚਾਵਲ, ਚਪਾਤੀ, ਦਾਲਾਂ, ਮੀਟ ਆਦਿ ਨੂੰ ਕਿਚਨ ਵੇਸਟ ਆਖਦੇ ਹਨ। ਆਮ ਤੌਰ ਤੇ ਕਿਚਨ ਵੇਸਟ ਵਿੱਚ ਬਹੁਤ ਜ਼ਿਆਦਾ ਪਾਣੀ ਹੁੰਦਾ ਹੈ ਜਦ ਕਿ ਇਸ ਵਿੱਚ ਪ੍ਰੋਟੀਨ ਅਤੇ ਚਿਕਨਾਈ ਵਾਲੇ ਤੱਤ ਇਸ ਵਿਚਲੀਆਂ ਵੱਖ-ਵੱਖ ਭੋਜਨ ਦੀਆਂ ਵਸਤਾਂ ਦੇ ਅਨੁਪਾਤ ਤੇ ਨਿਰਭਰ ਕਰਦੇ ਹਨ। ਮਾਸਾਹਾਰੀ ਲੋਕਾਂ ਦੀ ਰਸੋਈ ਦੇ ਵਾਧੂ ਭੋਜਨ ਵਿੱਚ ਉਚੇਰੇ ਜੀਵ-ਵਿਗਿਆਨ ਗੁਣਾਂ ਵਾਲਾ ਪ੍ਰੋਟੀਨ ਵਧੇਰੇ ਹੁੰਦਾ ਹੈ। ਕਿਚਨ ਵੇਸਟ ਵਧੀਆ ਪਚਣਸ਼ੀਲ ਹੁੰਦੇ ਹਨ ਅਤੇ ਇਸੇ ਕਰਕੇ ਸੂਰਾਂ ਦੇ ਖਾਣ ਲਈ ਫਾਇਦੇਮੰਦ ਹਨ। ਕਿਚਨ ਵੇਸਟ ਸੂਰਾਂ ਨੂੰ ਪਾਚਕ ਸ਼ਕਤੀ ਅਤੇ ਨਾ-ਮਾਤਰ ਜਾਂ ਬਹੁਤ ਹੀ ਘੱਟ ਮੁੱਲ ਤੇ ਵਧੀਆ ਪ੍ਰੋਟੀਨ ਪ੍ਰਦਾਨ ਕਰਦੇ ਹਨ, ਇਸ ਲਈ ਇਸ ਦੀ ਵਰਤੋ ਭੋਜਨ ਦੀ ਲਾਗਤ ਨੂੰ ਘਟਾਉਦੀ ਹੈ। ਕਿਚਨ ਵੇਸਟ ਵੱਡੀ ਮਿਕਦਾਰ ਵਿੱਚ ਹੋਟਲ, ਰੈਸਤਰਾਂ, ਲੰਗਰਾਂ, ਹੋਸਟਲਾਂ ਦੀ ਰਸੋਈ ਅਤੇ ਵਿਆਹ-ਘਰਾਂ ਤੋ ਇਕੱਠਾ ਕੀਤਾ ਜਾ ਸਕਦਾ ਹੈ। ਖਵਾਉਣ ਤੋ ਪਹਿਲਾਂ ਖਾਸ ਕਰ ਗਰਮੀ ਦੇ ਮੌਸਮ ਵਿੱਚ ਕਿਚਨ ਵੈਸਟ ਨੂੰ ਉਬਾਲ ਲੈਣਾ ਚਾਹੀਦਾ ਹੈ। ਕਿਚਨ ਵੈਸਟ ਖੁਰਾਕ ਦੇ ਮਿਸ਼ਰਣ ਦਾ 50-75× ਬਦਲ ਹੈ ਪਰ ਇਹ ਸਭ ਇਸ ਵਿੱਚ ਸੁੱਕੇ ਤੱਤ, ਪ੍ਰੋਟੀਨ ਅਤੇ ਇਸ ਦੀ ਉਪਲਬੱਧੀ ਉਤੇ ਨਿਰਭਰ ਕਰਦਾ ਹੈ।

## ਟੇਬਲ 1.ਸੂਰਾਂ ਦੇ ਵੱਖ-ਵੱਖ ਖੁਰਾਕੀ ਅੰਸ਼ਾਂ ਦੀ ਰਸਾਇਣਕ ਬਣਤਰ

| ਭੋਜਨ ਸਮੱਗਰੀ | ਸੁੱਕਾ ਪਦਾਰਥ | ਐਮ ਈ (ਪ੍ਰਤੀ ਕਿਲੋ ਕੈਲੋਰੀਆ) | ਕੱਚੀ ਪ੍ਰੋਟੀਨ | ਕੱਚੇ ਰੇਸ਼ੇ | ਚਰਬੀ/ | ਬਿਨਾਂ ਤੇਲ ਤੋਂ ਨਿਚੋੜ | ਲਾਈਸੀਨ ਨਾਈਟ੍ਰੋਜਨ | ਮਥਾਇਓ-ਨੀਨ | ਕੈਲਸ਼ੀ-ਅਮ | ਫਾਸਫੋਰਸ |
|---|---|---|---|---|---|---|---|---|---|---|
| ਬੇਕਰੀ ਦਾ ਵਾਧੂ ਮਾਲ | 92 | 3728 | 9.8 | 1.2 | 117 | — | 0.31 | 0.17 | 0.13 | 0.24 |
| ਬਾਜਰਾ | 89.6 | 3050 | 12.7 | 2.2 | 4.9 | 78.2 | 0.43 | 0.20 | 0.13 | 0.72 |
| ਜੌਂ | 96.4 | 3040 | 12.0 | 6.5 | 2.8 | 74.5 | 0.60 | 0.20 | 0.29 | 0.63 |
| ਲਹੂ ਦਾ ਚੂਰਾ | 88.8 | 2330 | 73.4 | 0.7 | — | — | 6.90 | 0.90 | 0.32 | 0.31 |
| ਵੜੇਵਿਆਂ ਦੀ ਖੱਲ | 92.3 | 2450 | 25.9 | 25.4 | 8.6 | 33.7 | 1.07 | 0.41 | 0.52 | 0.86 |
| ਮੱਛੀ ਦਾ ਚੂਰਾ | 93.8 | 3150 | 43.1 | 3.6 | 4.3 | 11.5 | 4.17 | 1.42 | 7.16 | 1.67 |
| ਮੂੰਗਫਲੀ ਦੀ ਖੱਲ | 91.5 | 2900 | 40.9 | 8.9 | 7.9 | 36.4 | 1.24 | 1.57 | 0.23 | 0.59 |
| ਬਿਨਾਂ ਤੇਲ ਮੂੰਗਫਲੀ ਦੀ ਖੱਲ | 93.3 | 2900 | 48.6 | 11.2 | 2.2 | 27.2 | 1.47 | 0.68 | 0.31 | 0.67 |
| ਗੁਆਰ | 89.7 | 2575 | 42.0 | 10.9 | 6.2 | 35.1 | — | — | 0.54 | 0.70 |
| ਮੱਕੀ | 90 | 3310 | 10.6 | 5.0 | 5.7 | — | 0.36 | 0.15 | 0.06 | 0.52 |
| ਜਵਾਰ | 87.3 | 3280 | 10.3 | 3.6 | 4.6 | 78.1 | 0.35 | 0.18 | 0.18 | 0.32 |
| ਅਲਸੀ | 90.7 | — | 29.6 | 11.1 | 10.4 | 42.6 | — | 0.59 | 0.48 | 0.98 |
| ਲੂਸਣ | 91.0 | 1700 | 17.4 | 24.0 | 2.8 | 42.1 | 0.85 | 0.21 | 1.83 | 0.45 |
| ਮੱਕੀ | 89.5 | 3600 | 9.2 | 2.4 | 3.9 | 82.8 | 0.18 | 0.15 | 0.25 | 0.40 |
| ਮੱਕੀ ਦਾ ਗਲੂਟਨ | 90.3 | 3570 | 49.9 | 2.0 | 4.2 | 41.4 | 1.02 | 1.28 | 0.22 | 0.35 |
| ਮੀਟ ਦਾ ਚੂਰਾ | 93 | 2830 | 55.6 | 1.3 | 8.7 | — | 3.0 | 0.78 | 8.27 | 4.10 |
| ਮੀਟ ਅਤੇ ਹੱਡੀਆਂ ਦਾ ਚੂਰਾ | 94 | 2280 | 50.9 | 2.4 | 9.7 | — | 2.89 | 0.08 | 9.40 | 4.58 |
| ਸੀਰਾ | 74 | 2000 | 4.4 | — | 0.1 | — | — | — | 0.77 | 0.08 |
| ਸਰ੍ਹੋਂ ਦੀ ਖੱਲ | 91.3 | 2700 | 35.1 | 8.2 | 14.1 | 33.4 | — | — | 0.89 | 1.78 |
| ਜਵੀ | 91.7 | 2735 | 14.7 | 13.5 | 4.6 | 60.8 | 0.41 | 0.21 | 0.11 | 0.41 |
| ਧਾਨ | — | 2750 | 8.17 | 11.82 | 2.17 | 74.65 | — | — | — | — |
| ਚੌਲਾਂ ਦੀ ਕਣੀ | 90.7 | 3290 | 7.9 | 1.4 | 1.7 | 87.11 | 0.27 | 0.30 | 0.11 | 0.48 |
| ਚੌਲਾਂ ਦੀ ਪਾਲਸ਼ | 91.8 | 3430 | 12.7 | 11.2 | 3.9 | 48.6 | 0.51 | 0.22 | 0.27 | 1.37 |
| ਤੇਲ ਰਹਿਤ | 92.9 | 3090 | 14.1 | 13.8 | 1.7 | 53.4 | 0.77 | 0.29 | 0.37 | 1.80 |
| ਚੌਲਾਂ ਦੀ ਛਾਣ | 92 | 2670 | 16.11 | 18.91 | 1.1 | 51.89 | — | — | — | — |
| ਸੂਰਜਮੱ_ਖੀ ਦੀ ਖੱਲ | 92 | 2435 | 22.9 | 36.5 | 1.2 | 36.5 | 0.71 | 0.34 | 0.05 | 1.34 |
| ਸੁੱਕਾ ਸਪਰੇਟਾ ਦੁੱਧ | 94 | 3570 | 33.3 | 0.2 | 1.1 | — | 2.54 | 0.90 | 1.28 | 1.20 |
| ਸੋਇਆ ਬੀਨ ਦਾ ਚੂਰਾ ਚਿਕਨਾਈ ਸਮੇਤ | 90 | 3200 | 44.0 | 7.3 | 1.1 | — | 2.90 | 0.52 | 0.30 | 0.65 |
| ਸੋਇਆਬੀਨ | 90 | 3630 | 36.7 | 5.2 | 18.1 | — | 2.25 | 0.46 | 0.26 | 0.61 |
| ਸੂਰਜਮੁਖੀ ਦਾ ਚੂਰਾ | 90 | 2050 | 31.3 | 28.04 | 0.63 | 31.46 | 1.95 | 1.56 | 0.43 | 1.14 |
| ਤਿਲਾਂ ਦੀ ਖੱਲ | 90.7 | 2980 | 39.1 | 4.7 | 9.3 | 34.3 | 1.14 | 1.23 | 2.46 | 1.42 |
| ਟਰਿਟੀਕੇਲ | 92.9 | 3155 | 15.1 | 5.2 | 3.4 | 72.4 | 0.52 | 0.21 | 0.05 | 0.30 |
| ਕਣਕ | 89.8 | 3350 | 13.16 | 3.94 | 1.80 | 73.19 | 0.47 | 0.21 | 0.18 | 0.43 |
| ਕਣਕ ਦਾ ਛਾਣ | 89 | 2580 | 14.7 | 11.3 | 3.80 | 62.3 | 0.53 | 0.09 | 0.19 | 1.12 |
| ਦਹੀ ਵਿਚਲਾ ਪਾਣੀ | 93 | 3090 | 13.3 | 0.2 | 0.8 | — | 0.94 | 0.19 | 0.86 | 0.76 |
| ਖਮੀਰ | 93 | 2700 | 53.30 | 0.3 | 1.82 | 36.71 | 3.23 | 0.06 | 0.14 | 1.36 |

ਟੇਬਲ -2. ਸੂਰਾਂ ਦੇ ਵੱਖ-ਵੱਖ ਰਸਦ ਵਿੱਚ ਭੋਜਨ ਦੇ ਪੌਸ਼ਟਿਕ ਤੱਤਾਂ ਦੇ ਸਮਾਵੇਸ਼ ਦਾ ਵੱਧ ਤੋ ਵੱਧ ਪ੍ਰਤੀਸ਼ਤ

| ਖੁਰਾਕੀ ਅੰਸ਼ | ਸੂਰਾਂ ਦੀਆਂ ਕਿਸਮਾਂ | | | |
|---|---|---|---|---|
| | ਗਰਭ ਅਵਸਥਾ | ਦੁੱਧ ਚੁੰਘਾਉਣ ਦੀ ਅਵਸਥਾ | ਮੁੱਢਲੀ ਅਵਸਥਾ | ਵਾਧੇ ਪਏ / ਮੋਟੇ ਹੋ ਰਹੇ ਸੂਰ |
| ਸੁਕਾਇਆ ਹੋਇਆ ਆਹਾਰ | 90 | 10 | 0 | 5 |
| ਸਥਿਰ ਕੀਤੀ ਪਸ਼ੂ ਚਿਕਨਾਈ | 6 | 5 | 5 | 10 |
| ਬੇਕਰੀ ਦਾ ਵਾਧੂ ਪਦਾਰਥ | 40 | 40 | 20 | 40 |
| ਲਹੂ ਦਾ ਚੂਰਾ | 3 | 3 | — | 3 |
| ਜੌ | 80 | 80 | 25 | 85 |
| ਬਾਜਰਾ | 80 | 80 | 60 | 85 |
| ਵੜੇਵਿਆਂ ਦਾ ਚੂਰਾ | 5 | 5 | 0 | 5 |
| ਮੱਛੀ ਦਾ ਚੂਰਾ | 10 | 10 | 15 | 10 |
| ਮੂੰਗਫਲੀ ਦੀ ਖੱਲ | 20 | 20 | 20 | 20 |
| ਸੇਕੇ ਹੋਏ ਗੁਆਰੇ ਦਾ ਚੂਰਾ | 10 | 10 | — | 15 |
| ਮੱਕੀ ਦਾ ਦਲੀਆ | 20 | 20 | — | 20 |
| ਅਲਸੀ ਦਾ ਚੂਰਾ | 10 | 10 | 5 | 10 |
| ਮੱਕੀ | 80 | 80 | 60 | 85 |
| ਮੱਕੀ ਦਾ ਗਲੂਟਨ | 8 | 5 | 3 | 8 |
| ਮਾਸ ਦਾ ਚੂਰਾ | 10 | 5 | — | 10 |
| ਮਾਸ ਅਤੇ ਹੱਡੀਆਂ ਦਾ ਚੂਰਾ | 10 | 10 | 5 | 5 |
| ਸ਼ੀਰਾ | 5 | 5 | 5 | 5 |
| ਬਿਨਾ ਤੇਲ ਸਰ੍ਹੋਂ ਦੀ ਖੱਲ | 5 | 5 | 5 | 15 |
| ਜਵੀ | 70 | 30 | 20 | 50 |
| ਆਲੂ | 80 | — | — | 30 |
| ਚੌਲਾਂ ਦਾ ਬਰਾਨ | 40 | 25 | 10 | 45 |
| ਚੌਲਾਂ ਦਾ ਬਰਾਨ | 50 | 50 | — | 50–60 |
| ਜਵਾਰ | 85 | 85 | 60 | 80–90 |
| ਸੁੱਕਾ ਸਪਰੇਟਾ ਦੁੱਧ | — | — | 40 | — |
| ਖੰਡ | — | — | 5 | — |
| ਸੋਇਆਬੀਨ | 30 | 25 | 30 | 25 |
| ਪੂਰੀ ਚਿਕਨਾਈ ਵਾਲਾ | | | | |
| ਸੋਇਆਬੀਨ ਦਾ ਚੂਰਾ | 20 | 20 | 30 | 25 |
| ਸੂਰਜਮੁੱਖੀ ਦੇ ਬੀਜਾਂ ਦਾ ਚੂਰਾ | 10 | 5 | — | 10 |
| ਟਰਿਟੀਕੇਲ | 80 | 80 | 20 | 85 |
| ਤਿਲਾਂ ਦੀ ਖੱਲ | 15 | 15 | 10 | 15 |
| ਕਣਕ | 80 | 80 | 60 | 85 |
| ਕਣਕ ਦਾ ਸੂੜਾ/ਛਾਣ | 30 | 10 | — | 20 |
| ਦਹੀ ਵਿਚਲਾ ਖੱਟਾ ਪਾਣੀ | 5 | 5 | 20 | 10 |
| ਖਮੀਰ | 3 | 3 | 3 | 3 |

# ਸੂਰਾਂ ਲਈ ਜੀਵਨ ਭਰ ਲਈ ਸੰਤੁਲਿਤ ਖੁਰਾਕ

ਸੂਰ ਪਾਲਣ ਦੇ ਉਤਪਾਦਨ ਤੇ ਆਉਣ ਵਾਲੀ ਕੁੱਝ ਲਾਗਤ ਦਾ 70-80 ਫੀਸਦੀ ਹਿੱਸਾ ਖੁਰਾਕ ਤੇ ਖਰਚ ਆਉਂਦਾ ਹੈ। ਸੂਰ ਪਾਲਣ ਦੀ ਸਫ਼ਲਤਾ ਸਭ ਤੋ ਵੱਧ ਇੱਜੜ ਦੇ ਖਾਣ ਪੀਣ ਦੀ ਵਿਉਤ ਤੇ ਨਿਰਭਰ ਕਰਦੀ ਹੈ। ਖੁਰਾਕ ਦੀ ਕਿਸੇ ਕਿਸਮ ਦੀ ਕੁਤਾਹੀ ਸੂਰ ਪਾਲਣ ਤੋ ਹੋਣ ਵਾਲੀ ਲਾਹੇ ਤੇ ਸਿੱਧਾ ਅਸਰ ਪਾਉਂਦੀ ਹੈ। ਇਸ ਲਈ ਇਨ੍ਹਾਂ ਦੀ ਖੁਰਾਕ ਦੀ ਵਿਉਤ ਬੰਦੀ ਕਰਨੀ ਬਹੁਤ ਜਰੂਰੀ ਹੋ ਜਾਂਦੀ ਹੈ।

ਸੂਰ ਇੱਕ ਇਕਹਿਰੇ ਮਿਹਦੇ ਵਾਲੇ ਜਾਨਵਰ ਹਨ। ਇਸ ਲਈ ਰੇਸ਼ੇਦਾਰ ਭੋਜਨ ਨੂੰ ਹਜ਼ਮ ਕਰਨ ਦੀ ਯੋਗਤਾ ਇਨ੍ਹਾਂ ਵਿੱਚ ਘੱਟ ਹੁੰਦੀ ਹੈ। ਸੂਰਾਂ ਦੀ ਖੁਰਾਕ ਵਿੱਚ ਸੰਘਣੇ ਅਤੇ ਗਾੜ੍ਹੇ ਭੋਜਨ ਜਿਵੇ ਕਿ ਦਾਣੇ, ਤੇਲ ਬੀਜਾਂ ਦੀਆਂ ਖਲ੍ਹਾਂ ਸਾ ਉਪਜਾਂ ਆਦਿ ਦੀ ਵਰਤੋ ਕੀਤੀ ਜਾਂਦੀ ਹੈ।

**ਸੂਰਾਂ ਦਾ ਜੀਵਨ ਭਰ ਦਾ ਖੁਰਾਕੀ ਚੱਕਰ:**

ਖੁਰਾਕ ਵਿੱਚ ਕੋਈ ਗਲਤੀ ਜਾਂ ਗਲਤ ਵਿਉਤਬੰਦੀ ਕਰਕੇ ਸੂਰਾਂ ਤੇ ਹੇਠ ਲਿਖੇ ਅਸਰ ਪੈਦੇ ਹਨ:

1. ਸੂਰਾਂ ਦਾ ਭਾਰ ਵਾਧੇ ਦੀ ਦਰ ਘੱਟ ਜਾਂਦੀ ਹੈ।
2. ਸੂਰਾਂ ਦੀ ਪ੍ਰਜਣਨ ਕਿਰਿਆ ਤੇ ਅਸਰ ਪੈਂਦਾ ਹੈ।
3. ਸੂਰੀ ਦਾ ਦੁੱਧ ਉਤਪਾਦਨ ਘੱਟਦਾ ਹੈ।
4. ਬੀਮਾਰੀ ਨੂੰ ਝੱਲਣ ਦੀ ਸਮਰੱਥਾ ਘੱਟਦੀ ਹੈ।
5. ਸੂਰੀ ਦੇ ਹਰ ਝੋਲ ਵਿੱਚ ਬੱਚਿਆਂ ਦੀ ਗਿਣਤੀ ਅਤੇ ਨਰੋਆਪਣ ਘੱਟਦਾ ਹੈ।
6. ਮੰਡੀਕਰਣ ਲਈ ਲਿਜਾਏ ਸੂਰਾਂ ਦੀ ਖਾਸ ਬਣਤਰ ਠੀਕ ਨਹੀ ਹੁੰਦੀ।
7. ਉਤਪਾਦਨ ਲਾਗਤ ਵੱਧ ਜਾਂਦੀ ਹੈ।
8. ਮੁਨਾਫ਼ਾ ਘੱਟ ਜਾਂਦਾ ਹੈ।

ਉਪਰੋਕਤ ਗੱਲਾਂ ਨੂੰ ਧਿਆਨ ਵਿੱਚ ਵਧੇਰੇ ਲਾਭ ਲਈ ਸੂਰਾਂ ਦੀ ਖੁਰਾਕ ਦੀ ਵਿਉਤਬੰਦੀ ਨਿਮਨ ਲਿਖਤ ਅਨੁਸਾਰ ਕਰਨੀ ਚਾਹੀਦੀ ਹੈ:

1. ਸੂਰਾਂ ਦੀ ਉਮਰ
2. ਸੂਰਾਂ ਦੀ ਸਰੀਰਕ ਹਾਲਤ ਅਤੇ ਸਰੀਰਕ ਵਿਗਿਆਨਕ ਰੁਤਬਾ
3. ਸੂਰਾਂ ਦੀ ਖੁਰਾਕ ਵਿੱਚ ਕੱਚੇ ਰੇਸ਼ੇ 6-8 ਅਤੇ ਸੂਰੀਆਂ ਦੀ ਖੁਰਾਕ ਵਿੱਚ 10 ਤੋ 12× ਹੋਣੇ ਚਾਹੀਦੇ ਹਨ।

**ਦੁੱਧ ਚੁੰਘਣ ਵਾਲੇ ਛੋਟੇ ਬੱਚੇ:**

ਸੂਰਾਂ ਦੇ ਬੱਚਿਆਂ ਦੀ ਪਹਿਲੀ ਖੁਰਾਕ ਸੂਰੀ ਦਾ ਦੁੱਧ ਹੁੰਦਾ ਹੈ। ਆਮ ਤੌਰ ਤੇ ਬੱਚੇ 8 ਹਫਤੇ ਤੱਕ ਸੂਰੀ ਦੇ ਨਾਲ ਰਹਿੰਦੇ ਹਨ ਅਤੇ ਦੁੱਧ ਚੁੰਘਦੇ ਹਨ। ਬੱਚਿਆਂ ਦੇ ਭਾਰ ਵੱਧਣ ਨਾਲ ਇਹਨਾਂ ਦੀਆਂ ਖੁਰਾਕੀ ਤੱਤਾਂ ਦੀਆਂ ਜਰੂਰਤਾਂ ਵੀ ਵੱਧਦੀਆਂ ਹਨ। ਤਿੰਨ ਹਫਤੇ ਦੀ ਉਮਰ

ਤੱਕ ਮਾਂ ਦਾ ਦੁੱਧ ਬੱਚਿਆਂ ਦੀਆਂ ਸਰੀਰਕ ਜਰੂਰਤਾਂ ਨੂੰ ਪੂਰਾ ਕਰਦਾ ਹੈ ਪ੍ਰੰਤੂ ਉਸ ਉਪਰੰਤ ਵਧੇਰੇ ਭਾਰ ਵਾਧੇ ਕਾਰਨ ਅਤੇ ਦੁੱਧ ਦੀ ਪੈਦਾਵਾਰ ਘੱਟਣ ਕਾਰਨ ਬੱਚਿਆਂ ਦੀਆਂ ਸਰੀਰਕ ਜਰੂਰਤਾਂ ਪੂਰੀਆਂ ਨਹੀ ਹੁੰਦੀਆਂ। ਇਸ ਲਈ ਇਨ੍ਹਾਂ ਨੂੰ ਇੱਕ ਠੋਸ ਖੁਰਾਕ ਜੋ ਕਿ ਬੱਚਿਆਂ ਦੇ ਵਾਧੇ ਨੂੰ ਬਰਕਰਾਰ ਰੱਖੇ ਦੀ ਜਰੂਰਤ ਪੈਂਦੀ ਹੈ। ਬੱਚਿਆਂ ਨੂੰ ਸਭ ਤੋ ਪਹਿਲੀ ਖੁਰਾਕ (ਦੁੱਧ ਦਾ ਬਦਲ) ਪਰੀ ਸਟਾਰਟਰ ਕਹਾਉਦੀ ਹੈ। ਇਸਨੂੰ ਕਰੀਪ ਰਾਸ਼ਨ ਵੀ ਕਹਿੰਦੇ ਹਨ। 5-6 ਕਿਲੋ ਭਾਰ ਦੇ ਬੱਚਿਆਂ ਨੂੰ ਸਟਾਰਟਰ ਖੁਰਾਕ ਪਾ ਦਿੱਤੀ ਜਾਂਦੀ ਹੈ। ਕਰੀਪ ਰਾਸ਼ਨ 8 ਹਫਤੇ ਦੀ ਉਮਰ ਤੱਕ ਦਿੱਤਾ ਜਾਂਦਾ ਹੈ। ਕਰੀਪ ਰਾਸ਼ਨ ਬੱਚਿਆਂ ਨੂੰ ਸੁੱਕਾ ਭੋਜਨ ਖਾਣ ਲਈ ਉਤਸ਼ਾਹਿਤ ਕਰਦਾ ਹੈ। ਇਸਦੀ ਵਧੇਰੇ ਵਰਤੋ ਲਈ ਇਹ ਸੁਆਦਲਾ ਵੀ ਹੋਣਾ ਚਾਹੀਦਾ ਹੈ ਅਤੇ ਘੱਟ ਰੇਸ਼ੇ ਵਾਲੇ ਖੁਰਾਕੀ ਅੰਸ਼ ਵੀ ਇਹਨਾਂ ਦੀ ਖੁਰਾਕ ਵਿੱਚ ਵਰਤਣੇ ਚਾਹੀਦੇ ਹਨ। ਕੁਝ ਕੁ ਕਰੀਪ ਰਾਸ਼ਨਾਂ ਦੀ ਬਣਤਰ 1 ਨੰ: ਖਾਕੇ ਵਿੱਚ ਦਿੱਤੀ ਜਾਂਦੀ ਹੈ:

**ਵੱਧਣ ਵਾਲੇ ਸੂਰਾਂ ਦੀ ਖੁਰਾਕ** : ਜਦੋ ਸੂਰਾਂ ਨੂੰ ਦੁੱਧੋ ਛੁਡਾਇਆ ਜਾਂਦਾ ਹੈ ਉਸ ਵੇਲੇ ਇਹਨਾਂ ਦਾ ਭਾਰ 10-12 ਕਿਲੋ ਹੁੰਦਾ ਹੈ। ਇਸ ਸਮੇ ਤੋ ਲੈ ਕੇ ਜਦੋ ਸੂਰਾਂ ਦਾ ਭਾਰ 40-45 ਕਿਲੋ ਦਾ ਹੋ ਜਾਂਦਾ ਹੈ, ਤੱਕ ਦਿੱਤੀ ਜਾਣ ਵਾਲੀ ਖੁਰਾਕ ਨੂੰ ਵੱਧਣ ਵਾਲੇ ਸੂਰਾਂ ਦੀ ਖੁਖ਼ਰਾਕ ਕਹਿੰਦੇ ਹਨ। ਵੱਧਣ ਵਾਲੇ ਸੂਰਾਂ ਦਾ ਪੜਾਅ ਦੁੱਧ ਚੁੰਘਣ ਵਾਲੇ ਸੂਰਾਂ ਦੇ ਪੜਾਅ ਤੋ ਘੱਟ ਨਾਜ਼ਕ ਹੁੰਦਾ ਹੈ। ਇਸ ਲਈ ਇਹਨਾਂ ਦੀ ਖੁਰਾਕ ਵਿੱਚ ਸੁੱਕਾ ਦੁੱਧ ਇਸਤੇਮਾਲ ਨਹੀ ਕੀਤਾ ਜਾਂਦਾ। ਪਸ਼ੂ ਪ੍ਰੋਟੀਨ ਸੋਮਿਆਂ ਦੀ ਮਾਤਰਾ ਵੀ ਘਟਾ ਦਿੱਤੀ ਜਾਂਦੀ ਹੈ। ਇਹਨਾਂ ਸੂਰਾਂ ਦੀ ਖੁਰਾਕ ਕਰੀਪ ਦੇ ਨਿਸਬਤ ਵਧੇਰੇ ਸਾਦਾ ਹੁੰਦੀ ਹੈ। ਜਦੋ ਬੱਚਿਆਂ ਦਾ ਭਾਰ 20-22 ਕਿਲੋ ਹੋ ਜਾਂਦਾ ਹੈ ਤਾਂ ਇਸਤੋ ਵਧੇਰੇ ਸਾ ਉਪਜਾਂ ਦੀ ਵਰਤੋ ਕੀਤੀ ਜਾਂਦੀ ਹੈ।

**ਮੋਟੇ ਹੋਣ ਵਾਲੇ ਸੂਰਾਂ ਦੀ ਖੁਰਾਕ** : ਜਦੋ ਸੂਰਾਂ ਦਾ ਭਾਰ 40-45 ਕਿਲੋ ਹੋ ਜਾਂਦਾ ਹੈ ਤਾਂ ਇਨ੍ਹਾਂ ਦੇ ਭਾਰ ਵਾਧੇ ਦੀ ਬਣਤਰ ਵਿੱਚ ਵੀ ਅੰਤਰ ਆ ਜਾਂਦਾ ਹੈ। ਇਸ ਅਵੱਸਥਾ ਵਿੱਚ ਸੂਰਾਂ ਦੇ ਵਿੱਚ ਮਾਸ ਪੇਸ਼ੀਆਂ ਵੱਧਣ ਫੁੱਲਣ ਵਾਲੇ ਸੂਰਾਂ ਦੇ ਮੁਕਾਬਲੇ ਘੱਟ ਬਣਦੀਆਂ ਹਨ। ਪਰੰਤੂ ਸਰੀਰ ਵਿੱਚ ਚਰਬੀ ਦੀ ਮਾਤਰਾ ਵਧੇਰੇ ਜਮਾ ਹੁੰਦੀ ਹੈ। ਇਸ ਲਈ ਇਸ ਅਵੱਸਥਾ ਵਿੱਚ ਇਨ੍ਹਾਂ ਦੀ ਖੁਰਾਕ ਵਿੱਚ ਘੱਟ ਊਰਜਾ ਵਾਲੇ ਖੁਰਾਕੀ ਅੰਸ਼ ਵਰਤ ਕੇ ਖੁਰਾਕ ਨੂੰ ਹੋਰ ਸਾਦਾ ਅਤੇ ਘੱਟ ਊਰਜਾ ਵਾਲਾ ਬਣਾਇਆ ਜਾਂਦਾ ਹੈ। ਵੱਧ ਰਹੇ ਅਤੇ ਮੋਟੇ ਹੋ ਰਹੇ ਸੂਰਾਂ ਨੂੰ ਹਰੇਕ ਇਕ ਕਿਲੋ ਸਰੀਰਕ ਭਾਰ ਵਾਧੇ ਪਿਛੇ 50 ਗ੍ਰਾਮ ਖੁਰਾਕ ਵਿੱਚ ਵਾਧਾ ਕਰ ਦੇਣਾ ਚਾਹੀਦਾ ਹੈ।

**ਪ੍ਰਜਣਨ ਇੱਜੜ ਦੀ ਖੁਰਾਕ** : ਨਸਲਕਸ਼ੀ ਲਈ ਰੱਖੀਆਂ ਸੂਰੀਆਂ ਤੋ ਵੱਡੇ ਅਕਾਰ ਦੇ ਨਰੋਏ ਸੂਰ ਲੈਣ ਲਈ ਅਤੇ ਭਰੂਣ ਦੀ ਮੌਤ ਦਰ ਘੱਟ ਤੋ ਘੱਟ ਹੋਵੇ, ਬੱਚੇ ਤੇਜੀ ਨਾਲ ਵੱਧ ਫੁੱਲ ਕੇ ਦੁੱਧੋ ਛੁਡਾਉਣ ਦੇ ਕਾਬਲ ਹੋਣ ਇਸ ਲਈ ਨਸਲਕਸ਼ੀ ਲਈ ਰੱਖੀਆਂ ਸੂਰੀਆਂ ਦੀ ਖੁਰਾਕ ਦਾ ਖਾਸ ਖਿਆਲ ਰੱਖਣਾ ਜਰੂਰੀ ਹੋ ਜਾਂਦਾ ਹੈ।

1. **ਜਵਾਨ ਹੋ ਰਹੀਆਂ ਸੂਰੀਆਂ** : ਨਸਲਕਸ਼ੀ ਦੇ ਉਦੇਸ਼ ਨਾਲ ਛਾਂਟੀ ਕੀਤੀਆਂ ਜਵਾਨ ਸੂਰੀਆਂ ਨੂੰ ਅਲੱਗ ਰੱਖਣਾ ਚਾਹੀਦਾ ਹੈ। ਉਹਨਾਂ ਦੇ ਪੈਰ ਅਤੇ ਬੱਤਾਂ ਨੂੰ ਨਰੋਆ ਬਣਾਉਣ ਲਈ ਚੰਗੀ ਅਤੇ ਵਧੀਆ ਮਿਆਰ ਵਾਲੀ ਖੁਰਾਕ ਦੇਣੀ ਚਾਹੀਦੀ ਹੈ। ਹਰੇਕ ਸੂਰੀ ਨੂੰ ਰੋਜ਼ਾਨਾ 2 ਤੋ 2 1/2 ਕਿਲੋ ਖੁਰਾਕ ਜਿਸ ਵਿੱਚ 14-16× ਪ੍ਰੋਟੀਨ ਹੋਵੇ ਦੇਣੀ ਚਾਹੀਦੀ ਹੈ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਇਹਨਾਂ ਸੂਰੀਆਂ ਵਿੱਚ ਵਧੇਰੇ ਚਰਬੀ ਜਮਾ ਨਾ ਹੋਵੇ ਅਤੇ ਇਨ੍ਹਾਂ ਦੇ ਪ੍ਰਜਣਨ ਤੇ ਅਸਰ ਨਾ ਪਵੇ। ਇਹਨਾਂ ਦੇ ਸਰੀਰ ਵਿੱਚ ਚਰਬੀ ਨੂੰ ਸਿਮਤ ਰੱਖਣ ਲਈ ਹਰੇ ਚਾਰੇ ਦੀ ਭਰਪੂਰ ਵਰਤੋ ਕਰਨੀ ਚਾਹੀਦੀ ਹੈ।

ਸੂਰੀਆਂ ਨੂੰ ਸਾਨ੍ਹ ਸੂਰ ਨਾਲ ਮਿਲਾਉਣ ਤੋ ਤਕਰੀਬਨ 3 ਹਫਤੇ ਪਹਿਲਾਂ ਵਧੇਰੇ ਊਰਜਾ ਅਤੇ ਵਧੀਆ ਪ੍ਰੋਟੀਨ ਵਾਲੀ ਖੁਰਾਕ 2.75 ਤੋ 3 ਕਿਲੋ ਰੋਜ਼ਾਨਾ ਦੇ ਹਿਸਾਬ ਨਾਲ ਪਾਉਣੀ ਚਾਹੀਦੀ ਹੈ ਤਾਂ ਜੋ ਇਹਨਾਂ ਦੇ ਅੰਡੇ ਪੈਦਾ ਕਰਨ ਦੀ ਸਮਰੱਥਾ ਵੱਧ ਸਕੇ। ਇਸ ਤਰ੍ਹਾਂ ਕਰਨ ਨਾਲ ਸੂਏ ਦੇ ਅਕਾਰ ਵਿੱਚ ਵਾਧਾ ਹੁੰਦਾ ਹੈ। ਹਲਕੀਆਂ ਅਤੇ ਕਮਜ਼ੋਰ ਸੂਰੀਆਂ ਵਧੀਆ ਕਿਸਮ ਦੀ ਖੁਰਾਕ ਖਾ ਕੇ ਜ਼ਿਆਦਾ ਪ੍ਰਭਾਵ ਵਿਖਾਉਦੀਆਂ ਹਨ।

**ਗੱਭਣ ਸੂਰੀਆਂ ਦੀ ਖੁਰਾਕ :** ਗਰਭ ਅਵਸੱਥਾ ਖੁਰਾਕ ਦੀ ਮਹਾਨਤਾ ਵਜੋ ਇਕ ਨਾਜ਼ੁਕ ਦੌਰ ਹੁੰਦਾ ਹੈ। ਗੱਭਣ ਸੂਰੀਆਂ ਦੀ ਖੁਰਾਕ ਦੇਣ ਲੱਗਿਆਂ ਉਹਨਾਂ ਦੀ ਸਰੀਰਕ ਅਵਸੱਥਾ, ਸਰੀਰਕ ਟੁੱਟ ਭੱਜ ਦੀ ਮੁਰੰਮਤ, ਗਰਭ ਦੌਰਾਨ ਗਰਭ ਸਬੰਧੀ ਤੱਥਾਂ ਜਿਵੇ ਕਿ ਔਲ ਅਤੇ ਸਰੀਰਕ ਤੰਤੂ ਵਿੱਚ ਵਾਧਾ, ਭਰੂਣਾਂ ਦਾ ਵਾਧਾ, ਜਵਾਨ ਗੱਭਣ ਸੂਰੀਆਂ (ਜੋ ਪਹਿਲੀ ਵਾਰੀ ਗੱਭਣ ਹੋਈਆਂ ਹੋਣ) ਦੇ ਸਰੀਰਕ ਪ੍ਰਫੁਲਤਾ ਲਈ ਅਤੇ ਸਰੀਰਕ ਰਾਖਵੇ ਤੱਤਾਂ ਨੂੰ ਬਰਕਰਾਰ ਰੱਖਣ ਲਈ ਪੋਸ਼ਟਿਕਤਾ ਮੁੱਹਈਆ ਕਰਵਾਉਣ ਲਈ ਜਰੂਰ ਧਿਆਨ ਰੱਖਣਾ ਚਾਹੀਦਾ ਹੈ।

ਪਹਿਲੀ ਵਾਰ ਗੱਭਣ ਹੋਈਆਂ ਜਵਾਨ ਸੂਰੀਆਂ ਦਾ ਸਰੀਰਕ ਭਾਰ ਦਾ ਗਰਭ ਦੌਰਾਨ ਸਰੀਰਕ ਭਾਰ 36-50 ਕਿਲੋ ਅਤੇ ਵੱਡੀਆਂ ਸੂਰੀਆਂ ਦਾ 27 ਤੋ 38 ਕਿਲੋ ਭਾਰ ਵੱਧਦਾ ਹੈ। ਇਸ ਲਈ ਜਵਾਨ ਗੱਭਣ ਸੂਰੀਆਂ ਨੂੰ 2 ਕਿਲੋ ਅਤੇ ਵੱਡੀਆਂ ਸੂਰੀਆਂ ਨੂੰ 1'1/2 ਕਿਲੋ ਖੁਰਾਕ ਪ੍ਰਤੀ 100 ਕਿਲੋ ਭਾਰ ਪਿਛੇ ਦੇਣੀ ਚਾਹੀਦੀ ਹੈ। ਇਸਦੇ ਨਾਲ ਨਾਲ ਹਰਾ ਬਰਸੀਮ ਜਾਂ ਲੂਸਣ 5-6 ਕਿਲੋ ਜ਼ਰੂਰ ਪਾਉਣਾ ਚਾਹੀਦਾ ਹੈ। ਪੌਣੇ ਤਿੰਨ ਮਹੀਨੇ ਦੇ ਗਰਭ ਤੋ ਬਾਅਦ ਭਰੂਣ ਦਾ ਵਾਧਾ ਬਹੁਤ ਤੇਜੀ ਨਾਲ ਹੁੰਦਾ ਹੈ। ਇਸ ਲਈ ਇਨ੍ਹਾਂ ਨੂੰ ਵਧੇਰੇ ਖੁਰਾਕ ਦੇਣੀ ਚਾਹੀਦੀ ਹੈ।

**ਸੂਣ ਤੋ ਪਹਿਲਾਂ ਅਤੇ ਮਗਰੋ ਖੁਰਾਕ:** ਸੂਣ ਤੋ ਤਿੰਨ ਚਾਰ ਦਿਨ ਪਹਿਲਾਂ ਸੂਰੀ ਨੂੰ ਹਲਕੀ ਫੁਲਕੀ ਅਤੇ ਕਬਜਕੁਸ਼ਾ ਖੁਰਾਕ ਦੇਣੀ ਚਾਹੀਦੀ ਹੈ। ਇਸ ਲਈ ਖੁਰਾਕ ਵਿੱਚ ਵਧੇਰੇ ਚੋਕਰ (50× ਤੱਕ) ਜੋ ਕਿ ਵਧੀਆ ਕਬਜਕੁਛ ਹੈ, ਵਰਤਿਆ ਜਾ ਸਕਦਾ ਹੈ।

**ਸੂਣ ਵਾਲੇ ਦਿਨ ਸੂਰੀ ਦੀ ਖੁਰਾਕ :** ਜਿਸ ਦਿਨ ਸੂਰੀ ਸੂੰਦੀ ਹੈ, ਉਸਨੂੰ ਖੁਰਾਕ ਨਹੀ ਦੇਣੀ ਚਾਹੀਦੀ। ਸਰੀਰ ਵਿਚਲੇ ਤਰਲ ਪਦਾਰਥਾਂ ਤੇ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਖੁਲਾ ਤਾਜ਼ਾ ਪਾਣੀ ਪਿਲਾਉਣਾ ਚਾਹੀਦਾ ਹੈ। ਸੂਣ ਤੋ ਅਗਲੇ ਦਿਨ ਨਰਮ ਖੁਰਾਕ ਜੋ ਛੇਤੀ ਹਜ਼ਮ ਹੋਵੇ ਦੇਣੀ ਚਾਹੀਦੀ ਹੈ। ਇਸ ਖੁਰਾਕ ਦੀ ਮਾਤਰਾ ਲਗਾਤਾਰ ਵਧਾਉਦੇ ਰਹਿਣਾ ਚਾਹੀਦਾ ਹੈ। ਸੂਰੀ ਨੂੰ ਪੂਰੀ ਖੁਰਾਕ ਪਾਉਣ ਤੱਕ ਖਾਣ ਤੇ ਪਹੁੰਚਣ ਤੱਕ 5 ਤੋ 7 ਦਿਨ ਦੇ ਤੱਕ ਦਾ ਸਮਾਂ ਲੱਗ ਜਾਂਦਾ ਹੈ।

**ਦੁੱਧ ਚੁੰਘਾਉਦੀ ਸੂਰੀ ਦੀ ਖੁਰਾਕ :** ਦੁੱਧ ਚੁੰਘਾਉਦੀਆਂ ਸੂਰੀਆਂ ਨੂੰ ਦੁੱਧ ਪੈਦਾ ਕਰਨ ਅਤੇ ਆਪਣੀ ਸਰੀਰਕ ਅਵੱਸਥਾ ਬਣਾਈ ਰੱਖਣ ਲਈ ਵਧੇਰੇ ਪੋਸ਼ਟਿਕ ਤੱਤਾਂ ਦੀ ਜ਼ਰੂਰਤ ਹੁੰਦੀ ਹੈ। ਦੁੱਧ ਚੁੰਘਾਉਦੀਆਂ ਸੂਰੀਆਂ ਨੂੰ ਦਿੱਤੀ ਖੁਰਾਕ ਉਹਨਾਂ ਦੇ ਸੂਏ ਦੇ ਅਕਾਰ ਅਤੇ ਭਾਰ, ਸੂਰੀ ਦੀ ਸਰੀਰਕ ਹਾਲਤ, ਸੂਰੀ ਦਾ ਪ੍ਰਤੀ ਦਿਨ ਦੁੱਧ ਉਤਪਾਦਨ ਅਤੇ ਖੁਰਾਕੀ ਮਿਆਰ ਉੱਤੇ ਨਿਰਭਰ ਕਰਦਾ ਹੈ। ਆਮ ਤੌਰ ਤੇ ਸੂਰੀਆਂ ਨੂੰ 3 ਕਿਲੋ ਖੁਰਾਕ ਪ੍ਰਤੀ 100 ਕਿਲੋ ਭਾਰ ਦੇ ਅਨੁਸਾਰ ਦਿੱਤੀ ਜਾਂਦੀ ਹੈ। ਦੇਖਣ ਵਿੱਚ ਆਉਦਾ ਹੈ ਕਿ ਇਹ ਖੁਰਾਕ ਔਸਤਨ 3 ਤੋ 5 ਕਿਲੋ ਰੋਜ਼ਾਨਾ ਬਣਦੀ ਹੈ।

**ਸਾਨ੍ਹ ਸੂਰ ਦੀ ਖੁਰਾਕ :** ਨਸਲਕਸ਼ੀ ਲਈ ਰੱਖੇ ਪੂਰਨ ਤੌਰ ਤੇ ਪ੍ਰਫੁਲਿਤ ਸੂਰ ਨੂੰ ਸੰਤੁਲਿਤ ਖੁਰਾਕ ਸਰੀਰਕ ਵਿਵਸਥਾ ਬਰਕਰਾਰ ਰੱਖਣ ਲਈ ਚਾਹੀਦੀ ਹੈ। ਸਾਨ੍ਹ ਸੂਰ ਤੋ ਵੱਧ ਤੋ ਵੱਧ ਪ੍ਰਜਣਨ ਅਤੇ ਵਧੀਆ ਮਿਆਰ ਦਾ ਵੀਰਜ (ਛਕਠਕਅ) ਹਾਸਲ ਕਰਨ ਲਈ ਖੁਰਾਕ ਵਿੱਚ ਲੋੜੀਦੇ

ਤੱਤ ਪੂਰੀ ਮਾਤਰਾ ਵਿੱਚ ਹੋਣੇ ਚਾਹੀਦੇ ਹਨ। ਆਮ ਤੌਰ ਤੇ ਸਾਨੂ੍ ਸੂਰ ਨੂੰ 2-2.50 ਕਿਲੋ ਖੁਰਾਕ ਰੋਜ਼ਾਨਾ ਦਿੱਤੀ ਜਾਣੀ ਚਾਹੀਦੀ ਹੈ। ਇਸਦੇ ਨਾਲ ਨਾਲ ਹਰਾ ਚਾਰਾ ਵੀ ਖੁੱਲ੍ਹਾ ਹੀ ਦੇਣਾ ਚਾਹੀਦਾ ਹੈ। ਧਿਆਨ ਇਸ ਗੱਲ ਦਾ ਵੀ ਰੱਖਣਾ ਚਾਹੀਦਾ ਹੈ ਕਿ ਸੂਰ ਵਧੇਰੇ ਮੋਟੇ ਨਾ ਹੋਣ ਅਤੇ ਉਨ੍ਹਾਂ ਦੀ ਪ੍ਰਜਣਨ ਯੋਗਤਾ ਵੀ ਵਧੇਰੇ ਹੋ ਸਕੇ।

ਸੂਰਾਂ ਤੋ ਵਧੇਰੇ ਮੁਨਾਫਾ ਲੈਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਸ੍ਰੇਣੀ ਅਨੁਸਾਰ ਹੀ ਖੁਰਾਕ ਪਾਈ ਜਾਵੇ।

**ਵੱਖ-ਵੱਖ ਸ੍ਰੇਣੀਆਂ ਦੇ ਸੂਰਾਂ ਲਈ ਕੁਝ ਖੁਰਾਕੀ ਨਮੂਨੇ**

**ਹਿੱਸੇ (ਕਿਲੋ/100 ਕਿਲੋ)**

| **ਅੰਸ਼** | **ਕਰੀਪ** | | **ਫੁੱਲ ਵਾਲੇ** | | **ਮੋਟੇ ਹੋਣ ਵਾਲੇ** | |
|---|---|---|---|---|---|---|
| | **1** | **2** | **1** | **2** | **1** | **2** |
| ਮੱਕੀ | 20 | 30 | 25 | - | 25 | - |
| ਕਣਕ | 30 | - | 25 | 15 | - | 16 |
| ਬਾਜਰਾ | - | 13 | - | - | - | - |
| ਚੌਲਾਂ ਦੀ ਕਣੀ | - | 7 | - | 25 | - | 18 |
| ਚੌਲਾਂ ਦੀ ਪਾਲਸ਼ | - | 13 | 25 | 30 | 60 | 50 |
| ਸ਼ੀਰਾ | 6 | - | - | - | - | 2 |
| ਮੂੰਗਫਲੀ ਦੀ ਖੱਲ | 10 | - | 19 | - | 9 | 8 |
| ਸੋਇਆਬੀਨ ਦੀ ਖੱਲ | - | 17 | - | 17 | - | - |
| ਸੂਰਜਮੁੱਖੀ ਦੀ ਖੱਲ | - | - | - | 6 | - | 2 |
| ਤਿਲਾਂ ਦੀ ਖੱਲ | 10 | - | - | - | - | - |
| ਸਪਰੇਟਾ ਸੁੱਕਾ ਦੁੱਧ | 10 | 10 | - | - | - | - |
| ਮੱਛੀ ਦਾ ਚੂਰਾ | 10 | 8 | 4 | 3 | 4 | 2 |
| ਮੀਟ ਮੀਲ | - | - | - | - | - | - |
| ਖਮੀਰ | 2 | - | - | - | - | - |
| ਖਣਿਜ ਪਦਾਰਥ | 2 | 2 | 2 | 2 | 2 | 2 |
| ਵਿਟਾਮਿਨ [1] | + | + | + | + | + | + |

1 ਵਿਟਾਮਿਨ ਮਿਸ਼ਰਣ (ਏ ੈ ਬੀ$_2$ ਡੀ$_3$ ੈ ਕੇ) 15 ਗ੍ਰਾਮ ਅਤੇ ਬੀ ਕੰਪਲੈਕਸ 20

# ਖੁਰਾਕ ਦਾ ਸੂਤਰੀਕਰਣ

ਇੱਕ ਪਸ਼ੂ ਨੂੰ 24 ਘੰਟਿਆਂ ਵਿੱਚ ਦਿੱਤੇ ਜਾਣ ਵਾਲੇ ਭੱਤੇ ਨੂੰ ਖੁਰਾਕ ਆਖਿਆ ਜਾਂਦਾ ਹੈ। ਇਕ ਸੰਤੁਲਿਤ ਖੁਰਾਕ ਉਹ ਹੈ ਜਿਹੜੀ ਕਿ ਸਾਰੇ ਲੋੜੀਂਦੇ ਜ਼ਰੂਰੀ ਪੌਸ਼ਟਿਕ ਤੱਤ ਪ੍ਰਦਾਨ ਕਰਦੀ ਹੋਵੇ ਅਤੇ ਕਿਸੇ ਤੱਤ ਦੀ ਕਮੀ ਦੇ ਜਾਂ ਬੁਰੇ ਅਸਰਾਂ ਦੇ ਚਿੰਨ੍ਹ ਨਾ ਦਿਖਾਵੇ।

**ਆਹਾਰ ਦੀ ਗਣਨਾ ਕਰਨਾ**

ਸੂਰਾਂ ਲਈ ਇਕ ਸੰਤੁਲਿਤ ਖੁਰਾਕ ਦਾ ਹਿਸਾਬ ਲਾਉਣ ਤੋਂ ਪਹਿਲਾਂ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ

1. **ਸੂਰ ਦੀ ਨਸਲ**

   ਕੀ ਸੂਰ ਦੀ ਨਸਲ ਮਾਸ ਉਤਪਾਦਨ ਵਾਲੀ ਹੈ ਜਾਂ ਫਿਰ ਚਰਬੀ ਵਾਲੀ ਹੈ।

2. **ਸਰੀਰਕ ਵਿਗਿਆਨਕ ਪੜਾਅ**

   ਸੂਰਾਂ ਦੇ ਜੀਵਨ ਦੇ ਵੱਖ ਵੱਖ ਪੜਾਅ ਹਨ ਜਿਨ੍ਹਾਂ ਅਨੁਸਾਰ ਉਨ੍ਹਾਂ ਨੂੰ ਖੁਰਾਕ ਦਿੱਤੀ ਜਾਣੀ ਚਾਹੀਦੀ ਹੈ। ਜਿਵੇਂ ਦੁੱਧ ਚੁੰਘਣ ਵਾਲੇ ਬੱਚੇ, ਦੁੱਧੋਂ ਛੁਡਾਏ ਬੱਚੇ , ਵੱਧ ਰਹੇ ਤੇ ਮੋਟੇ ਹੋ ਰਹੇ ਸੂਰ, ਗਰਭਵਤੀ ਸੂਰੀਆਂ, ਦੁੱਧ ਚੁੰਘਾਉਣ ਵਾਲੀਆਂ ਸੂਰੀਆਂ ਤੇ ਸਾਨ੍ਹ ਸੂਰ ਆਦਿ।

3. **ਪੌਸ਼ਟਿਕ ਤੱਤਾਂ ਦੀ ਲੋੜ**

   ਸਰੀਰਕ ਕ੍ਰਿਆਵਾਂ ਦੇ ਨਾਲ ਨਾਲ ਵੱਖ ਵੱਖ ਪੌਸ਼ਟਿਕ ਤੱਤਾਂ ਦੀ ਲੋੜ ਵੀ ਬਦਲਦੀ ਰਹਿੰਦੀ ਹੈ।ਵੱਖ ਵੱਖ ਵਰਗਾਂ ਅਤੇ ਸਰੀਰ ਵਿਗਿਆਨਕ ਕ੍ਰਿਆਵਾਂ ਅਨੁਸਾਰ ਪੌਸ਼ਟਿਕ ਤੱਤਾਂ ਦੀ ਲੋੜ ਲਈ ਜੋ ਸੁਝਾਅ ਬੀ.ਆਈ.ਐਸ. (ਬਿਉਰੋ ਆਫ ਇੰਡੀਅਨ ਸਟੈਂਡਰਡਰਜ਼) ਨੇ ਦਿੱਤੇ ਹਨ, ਉਹ ਹੇਠਾਂ ਦਿੱਤੇ ਹਨ।

4. **ਭੋਜਨ ਦਾ ਸੂਤਰੀਕਰਣ ਕਰਨ ਲਈ ਖੁਰਾਕੀ ਅੰਸ਼ਾਂ ਦੀ ਉਪਲਬੱਧਤਾ**

5. **ਭੋਜਨ ਸਮਗਰੀ ਦੀ ਰਸਾਇਣਿਕ ਬਣਤਰ**

   ਸੂਰਾਂ ਦੇ ਵੱਖ-ਵੱਖ ਖੁਰਾਕੀ ਅੰਸ਼ਾਂ ਦੀ ਰਸਾਇਣਿਕ ਬਣਤਰ ਅੱਗੇ ਸੂਚੀ ਵਿੱਚ ਦਿੱਤੀ ਗਈ ਹੈ।

6. **ਖੁਰਾਕੀ ਅੰਸ਼ਾਂ ਵਿੱਚ ਜੇ ਕੋਈ ਵਿਪਰੀਤ ਤੱਤ ਹੋਣ।**

7. **ਖੁਰਾਕੀ ਅੰਸ਼ਾਂ ਦੀ ਕੀਮਤ:** ਮਹਿੰਗੇ ਖੁਰਾਕੀ ਅੰਸ਼, ਸਸਤੇ ਖੁਰਾਕੀ ਅੰਸ਼ਾਂ, ਜਿਨ੍ਹਾਂ ਦਾ ਖੁਰਾਕੀ ਮਿਆਰ ਮਹਿੰਗੇ ਅੰਸ਼ਾਂ ਦੇ ਸਮਾਨ ਹੋਵੇ, ਦੀ ਥਾਂ ਵਰਤੇ ਜਾ ਸਕਦੇ ਹਨ।

**ਸੂਰਾਂ ਦੀ ਖੁਰਾਕੀ ਤੱਤਾਂ ਦੀ ਜ਼ਰੂਰਤ**

| **ਤੱਤ** | **ਕਰੀਪ ਰਾਸ਼ਨ** | **ਵਧ ਰਹੇ ਸੂਰ** | **ਮੋਟੇ ਹੋਣ ਵਾਲੇ ਸੂਰ** |
|---|---|---|---|
| ਸਿੱਲ/ਨਮੀਂ | **11** | **11** | **11** |
| ਆਹਾਰ ਪਾਚਣ ਸਬੰਧੀ ਊਰਜਾ (ਕੇ ਕੈਲੋਰੀਆਂ/ਕਿ.ਗ੍ਰਾ) | **3360** | **3170** | **3170** |
| ਕੱਚੀ ਪ੍ਰੋਟੀਨ (%) | **20.0** | **18.0** | **16.0** |
| ਕੱਚੀ ਚਿਕਨਾਈ (%) | **2.0** | **2.0** | **2.0** |
| ਕੱਚੇ ਰੇਸ਼ੇ (%) | **5.0** | **6.0** | **8.0** |
| ਕੁੱਲ ਖਣਿਜ (%) | **8.0** | **8.0** | **8.0** |
| ਤੇਜ਼ਾਬ ਵਿੱਚ ਨਾ-ਘੁਲਣਸ਼ੀਲ ਖਣਿਜ ਵੱਧ ਤੋਂ ਵੱਧ (%) | **4.0** | **4.0** | **4.0** |
| ਕੈਲਸ਼ੀਅਮ (%) | **0.6** | **0.6** | **0.6** |
| ਮਿਲਣਯੋਗ ਫਾਸਫੋਰਸ (%) | **0.6** | **0.4** | **0.5** |
| ਲੂਣ (%) | **`0.5** | **0.5** | **0.5** |
| ਲੋਹਾ (ਮਿ. ਗ੍ਰਾ./ ਕਿ.ਗ੍ਰਾ) | **100** | **90** | **80** |
| ਤਾਂਬਾ (ਮਿ. ਗ੍ਰਾ./ ਕਿ.ਗ੍ਰਾ) | **8** | **6** | **6** |
| ਮੈਂਗਨੀਜ਼ (ਮਿ. ਗ੍ਰਾ./ ਕਿ.ਗ੍ਰਾ) | **30** | **30** | **20** |
| ਜਿਸਤ (ਮਿ. ਗ੍ਰਾ./ ਕਿ.ਗ੍ਰਾ) | **50** | **50** | **50** |
| ਨਾਇਆਸੀਨ (ਮਿ. ਗ੍ਰਾ./ ਕਿ.ਗ੍ਰਾ) | **17** | **14** | **10** |
| ਪੈਂਟੋਥੈਨਿਕ (ਮਿ. ਗ੍ਰਾ./ ਕਿ.ਗ੍ਰਾ) | **11** | **10** | **10** |
| ਰਿਬੋਫਲੇਵਿਨ (ਮਿ. ਗ੍ਰਾ./ ਕਿ.ਗ੍ਰਾ) | **3.0** | **2.4** | **2.2** |
| ਵਿਟਾਮਿਨ ਬੀ$_{12}$ (ਮਾਈਕਰੋਗ੍ਰਾਮ/ ਕਿ.ਗ੍ਰਾ) | **15** | **11** | **11** |
| ਵਿਟਾਮਿਨ ਏ (ਆਈ.ਯੂ./ ਕਿ.ਗ੍ਰਾ) | **1700** | **1300** | **1300** |
| ਵਿਟਾਮਿਨ ਡੀ (ਆਈ.ਯੂ./ ਕਿ.ਗ੍ਰਾ) | **190** | **180** | **130** |

## ਸੂਤਰੀਕਰਣ ਦੇ ਤਰੀਕੇ

**ਤੀਰ ਤੁੱਕੇ ਵਾਲਾ ਤਰੀਕਾ**

ਇਹ ਇੱਕ ਅਜਿਹਾ ਤਰੀਕਾ ਹੈ ਜਿਸ ਵਿੱਚ ਭੋਜਨ ਦੇ ਵੱਖ-ਵੱਖ ਅੰਸ਼ ਤਜ਼ਰਬੇ ਦੇ ਆਧਾਰ ਤੇ ਉਦੋਂ ਤੱਕ ਬਦਲਕੇ ਦੇਖੇ ਜਾਂਦੇ ਹਨ ਜਦੋਂ ਤੱਕ ਭੋਜਨ ਦੇ ਪੌਸ਼ਟਿਕ ਤੱਤਾਂ ਦੀ ਲੋੜੀਂਦੀ ਪੌਸ਼ਟਿਕਤਾ ਦੀ ਬਣਤਰ ਹਾਸਲ ਨਾ ਹ ਜਾਵੇ।

**ਪੀਅਰਸਨ ਵਰਗ ਵਾਲਾ ਤਰੀਕਾ**

ਕਿਸੇ ਵੀ ਇੱਕ ਵਿਸ਼ੇਸ਼ ਪਸ਼ੂ ਦੇ ਰਾਸ਼ਨ ਦੀ ਰਚਨਾ ਨਿਮਨਲਿਖਤ ਕਦਮਾਂ ਤੇ ਚੱਲ ਕੇ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਉਦਹਾਰਣ ਦੇ ਤੌਰ ਤੇ ਵਧ ਫੁੱਲ ਰਹੇ ਸੂਰਾਂ ਦੇ ੧੮% ਪ੍ਰੋਟੀਨ ਵਾਲੇ ਰਾਸ਼ਨ ਦੀ ਗਣਨਾ ਕਰਨ ਸਮੇਂ ਹੇਠ ਲਿਖਿਆ ਤਰੀਕਾ ਵਰਤਿਆ ਜਾਂਦਾ ਹੈ।

1. ਛੋਟੇ ਤੱਤਾਂ, ਖਣਿਜ, ਵਿਟਾਮਿਨ ਅਤੇ ਭੋਜਨ ਦੇ ਅਣ-ਪੌਸ਼ਟਿਕ ਤੱਤ ਜਿਨ੍ਹਾਂ ਵਿੱਚ ਕੋਈ ਪ੍ਰੋਟੀਨ ਨਹੀਂ ਹੁੰਦੀ, ਦੀ ਮਿਕਦਾਰ ਨਿਰਧਾਰਿਤ ਕਰੋ।

| | |
|---|---|
| ਖਣਿਜਾਂ ਦਾ ਮਿਸ਼ਰਣ | **2.00** ਕਿਲੋਗ੍ਰਾਮ |
| ਵਿਟਾਮਿਨਾਂ ਦਾ ਮਿਸ਼ਰਣ | **0.03** ,, ,, |
| ਰੋਗਾਣੂ ਨਾਸ਼ਕ | **0.10** ,, ,, |
| ਕੁੱਲ | **2.13** ,, ,, |

2. 100 ਵਿੱਚੋਂ ਛੋਟੇ ਤੱਤ ਘਟਾਓ ਅਤੇ ਬਾਕੀ ਤੱਤਾਂ ਦੀ ਮਿਕਦਾਰ ਦਾ ਬਕਾਇਆ ਕੱਢੋ।

   100-2.13=97.87 ਕਿਲੋਗ੍ਰਾਮ

3. ਖੁਰਾਕ ਦੇ ਦੂਸਰੇ ਤੱਤਾਂ ਤੋਂ ਪ੍ਰਾਪਤ ਹੋਣ ਵਾਲੀ ਪ੍ਰੋਟੀਨ ਦੀ ਪ੍ਰਤੀਸ਼ਤ 97.87 ਕਿਲੋਗ੍ਰਾਮ ਵਿੱਚੋਂ ਲਵੋ।

   **ਲੋੜੀਂਦੀ ਪ੍ਰੋਟੀਨ %= 18 X 100 ÷ 97.87 = 18.39 =18.40**

4. ਊਰਜਾ ਪ੍ਰਦਾਨ ਕਰਨ ਵਾਲੇ ਖੁਰਾਕੀ ਅੰਸ਼ਾਂ ਦਾ ਇੱਕ ਮਿਸ਼ਰਣ ਬਣਾਓ ਅਤੇ ਇਸ ਵਿੱਚ ਪ੍ਰਤੀਸ਼ਤ ਪ੍ਰੋਟੀਨ ਹੇਠਾਂ ਦਿੱਤੇ ਅਨੁਸਾਰ ਕੱਢੋ।

| ਖੁਰਾਕੀ ਅੰਸ਼ | ਮਾਤਰਾ | % ਕੱਚੀ ਪ੍ਰੋਟੀਨ | ਕੁੱਲ ਪ੍ਰੋਟੀਨ |
|---|---|---|---|
| ਮੱਕੀ | 20 | 9.2 | 20X9.2÷100=1.84 |
| ਖਣਕ | 20 | 13.0 | 20 X13÷100= 2.60 |
| ਚੌਲਾਂ ਦੀ ਕਣੀ | 10 | 7.9 | 10X7.9 ÷100 = 0.79 |
| ਚੌਲਾਂ ਦੀ ਬੂਰਾ | 50 | 12.0 | 50X12 ÷100= 6.0 |
| ਕੁੱਲ ਜੋੜ | 100 | | 11.23 |

ਭੋਜਨ ਦੇ ਵਧੇਰੇ ਪੌਸ਼ਟਿਕ ਤੱਤ ਉਨ੍ਹਾਂ ਦੀ ਉਪਲਬੱਧੀ ਅਤੇ ਉਨ੍ਹਾਂ ਦੀ ਲਾਗਤ ਦੇ ਆਧਾਰ ਤੇ ਸ਼ਾਮਲ ਕੀਤੇ ਜਾ ਸਕਦੇ ਹਨ।

ਵੱਖ-ਵੱਖ ਚੁਣੇ ਗਏ ਭੋਜਨ-ਤੱਤਾਂ ਦੀ ਮਾਤਰਾ ਉਹਨਾਂ ਦੇ ਸਮਾਵੇਸ਼ ਸੀਮਾ ਦਾ ਆਧਾਰ ਦੇਖਦੇ ਹੋਏ ਮਿੱਥੀ ਜਾ ਸਕਦੀ ਹੈ।

5. ਪ੍ਰੋਟੀਨ ਦੇ ਸੰਪੂਰਕ ਪਦਾਰਥਾਂ ਦਾ ਉਨ੍ਹਾਂ ਦਾ ਸਮਾਵੇਸ਼ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਅਲੱਗ ਮਿਸ਼ਰਣ ਬਣਾਓ। ਖੁਰਾਕੀ ਅੰਸ਼ਾਂ ਦੀ ਗਿਣੀ-ਮਿਥੀ ਮਾਤਰਾ ਉਨ੍ਹਾਂ ਦੀ ਉਪਲਬੱਧੀ ਤੇ ਲਾਗਤ ਤੇ ਆਧਾਰਿਤ ਹੈ। ਵੱਖ-ਵੱਖ ਪ੍ਰੋਟੀਨ ਦੇ ਸੰਪੂਰਕਾਂ ਨੂੰ ਵੱਖ-ਵੱਖ ਮਾਤਰਾ ਵਿੱਚ ਮਿਲਾਉਣ ਨਾਲ ਕਈ ਤਰ੍ਹਾਂ ਦਾ ਸੰਯੋਜਨ ਕੀਤਾ ਜਾ ਸਕਦਾ ਹੈ।

| ਖੁਰਾਕੀ ਅੰਸ਼ | ਮਾਤਰਾ | % ਕੱਚੀ ਪ੍ਰੋਟੀਨ | ਕੁੱਲ ਪ੍ਰੋਟੀਨ |
|---|---|---|---|
| ਮੂੰਗਫਲੀ ਦੀ ਖੱਲ੍ਹ | 60 | 40 | 24.0 |
| ਸੋਇਆਬੀਨ ਦਾ ਚੂਰਾ | 20 | 45 | 9.00 |
| ਮੱਛੀ ਦਾ ਚੂਰਾ | 20 | 45 | 9.00 |
| ਕੁੱਲ ਜੋੜ | 100 | | 42.00 |

6. ਇੱਕ ਵਰਗ ਬਣਾਓ ਤੇ ਪ੍ਰੋਟੀਨ ਦੀ ਲੋੜੀਂਦੀ ਮਾਤਰਾ ਉਸਦੇ ਐਨ ਵਿਚਕਾਰ ਰੱਖੋ। ਉਸਦੇ ਇੱਕ ਸਿਰੇ ਤੇ ਊਰਜਾ ਵਾਲੇ ਸੋਮਿਆਂ ਦੇ ਮਿਸ਼ਰਣ ਦੀ ਔਸਤ ਪ੍ਰੋਟੀਨ (%) ਅਤੇ ਪ੍ਰੋਟੀਨ ਦੇ ਮਿਸ਼ਰਣ ਦੀ ਔਸਤ ਪ੍ਰੋਟੀਨ ਨੂੰ ਦੂਸਰੇ ਸਿਰੇ ਤੇ ਰੱਖੋ।
7. ਵਰਗ ਦੇ ਤਿਰਛੇ ਤੌਰ ਤੇ ਉਪਰ ਵੱਡੀ ਮਾਤਰਾ ਵਿੱਚੋਂ ਛੋਟੀ ਮਾਤਰਾ ਘਟਾਓ ਤਾਂ ਕਿ ਊਰਜਾ ਵਾਲੇ ਭੋਜਨ **(42-18.40=23.60)** ਅਤੇ ਪ੍ਰੋਟੀਨ ਸੰਪੂਰਕ **(18.40-11.23=7.17)** ਦੇ ਮਿਸ਼ਰਣ ਦੇ ਸੰਬੰਧਿਤ ਮਿਕਦਾਰ ਹਾਸਲ ਕੀਤੀ ਜਾ ਸਕੇ।
8. ਦੋਹਾਂ ਅੰਤਰਾਂ ਦਾ ਜੋੜ **(23.60+7.17=30.77)** ਕਰੋ। ਇਸ ਜੋੜ ਦੀ ਕੁੱਲ ਮਿਕਦਾਰ **30.77** ਕਿਲੋਗ੍ਰਾਮ ਵਿੱਚ ਊਰਜਾ ਵਾਲੇ ਅੰਸ਼ਾਂ ਦਾ **23.60** ਕਿਲੋ ਹਿੱਸਾ ਤੇ ਪ੍ਰੋਟੀਨ ਸੰਪੂਰਕ ਅੰਸ਼ਾਂ ਦਾ **7.17** ਕਿਲੋ ਹਿੱਸਾ ਹੈ ਇਸ ਮਿਸ਼ਰਣ ਵਿੱਚ **18.4 %** ਪ੍ਰੋਟੀਨ ਹੋਵੇਗੀ।
9. ਇੱਕ ਕੁਇੰਟਲ ਲਈ ਲੋੜੀਂਦੇ ਊਰਜਾ ਵਾਲੇ ਅੰਸ਼ **= 23.60X97.87÷30.77=75.06** ਕਿਲੋਗ੍ਰਾਮ।
10. ਇੱਕ ਕੁਇੰਟਲ ਲਈ ਲੋੜੀਂਦੇ ਪ੍ਰੋਟੀਨ ਵਾਲੇ ਅੰਸ਼ **=7.17X97.87÷30.77=22.81** ਕਿਲੋਗ੍ਰਾਮ।

**11.** ਇੱਕ ਕੁਇੰਟਲ ਖੁਰਾਕ ਲਈ ਊਰਜਾ ਵਾਲੇ ਹਰੇਕ ਅੰਸ਼ ਦੀ ਮਾਤਰਾ ਊਰਜਾ ਵਾਲੇ ਅੰਸ਼ਾਂ ਦੇ ਮਿਸ਼ਰਣ ਵਿੱਚ ਇਨ੍ਹਾਂ ਦੀ ਅਨੁਪਾਤ ਅਨੁਸਾਰ ਇਸ ਤਰ੍ਹਾਂ ਕੱਢੋ।

| ਅੰਸ਼ | ਮਾਤਰਾ (ਕਿ.ਗ੍ਰਾ.) |
|---|---|
| ਮੱਕੀ | **20X75.06÷100= 13.68** ਕਿਲੋਗ੍ਰਾਮ |
| ਕਣਕ | **20X75.06÷100= 13.68** ਕਿਲੋਗ੍ਰਾਮ |
| ਚੌਲਾਂ ਦੀ ਕਣੀ | **100X75.06÷100=7.50** ਕਿਲੋਗ੍ਰਾਮ |
| ਬਿਨਾਂ ਤੇਲ ਤੋਂ ਚੌਲਾਂ ਦਾ ਬੂਰਾ | **50X75.06÷100= 37.53** ਕਿਲੋਗ੍ਰਾਮ |

**12.** ਇੱਕ ਕੁਇੰਟਲ ਖੁਰਾਕ ਲਈ ਲੋੜੀਂਦੇ ਹਰੇਕ ਪ੍ਰੋਟੀਨ ਵਾਲੇ ਅੰਸ਼ ਦੀ ਮਾਤਰਾ ਜਿਹੜੀ ਪ੍ਰੋਟੀਨ ਦੇ ਮਿਸ਼ਰਣ ਵਿੱਚ ਇਨ੍ਹਾਂ ਦੀ ਅਨੁਪਾਤ ਵਿੱਚ ਵਿੱਚ ਸੀ ਅਨੁਸਾਰ ਇਸ ਤਰ੍ਹਾਂ ਪ੍ਰਾਪਤ ਕਰੋ।

| | |
|---|---|
| ਮੂੰਗਫਲੀ ਦੀ ਖੱਲ੍ਹ | 60X22.80/100=13.68 ਕਿਲੋਗ੍ਰਾਮ |
| ਸੋਇਆਬੀਨ ਦਾ ਚੂਰਾ | 20X22.80/100=4.56 ਕਿਲੋਗ੍ਰਾਮ |
| ਮੱਛੀ ਦਾ ਚੂਰਾ | 20X22.80/100=4.56 ਕਿਲੋਗ੍ਰਾਮ |

**13.** ਇੱਕ ਵੱਧ ਫੁੱਲ ਰਹੇ ਸੂਰ ਲਈ ਲੋੜੀਂਦੀ ਤਿਆਰ ਖੁਰਾਕ ਹੇਠਾਂ ਲਿਖੀ ਹੈ।

| ਅੰਸ਼ | ਮਾਤਰਾ |
|---|---|
| ਮੱਕੀ | 15.01 |
| ਕਣਕ | 15.01 |
| ਚੌਲਾਂ ਦੀ ਕਣੀ | 7.50 |
| ਬਿਨਾਂ ਤੇਲ ਚੌਲਾਂ ਦੀ ਬੂਰਾ | 37.55 |
| ਮੂੰਗਫਲੀ ਦੀ ਖੱਲ੍ਹ | 13.68 |
| ਸੋਇਆਬੀਨ ਦਾ ਚੂਰਾ | 4.56 |
| ਮੱਛੀ ਦਾ ਚੂਰਾ | 4.56 |
| ਖਣਿਜ ਸੰਪੂਰਕ | 2.00 |
| ਵਿਟਾਮਿਨ ਸੰਪੂਰਕ | 0.03 |
| ਰੋਗਾਣੂ ਨਾਸ਼ਕ | 0.10 |
| ਜੋੜ | 100 |

ਨੋਟ: 1. ਖੁਰਾਕ ਬਨਾਉਣ ਵੇਲੇ ਹਮੇਸ਼ਾ ਚੰਗੇ ਮਿਆਰ ਦੇ ਖੁਰਾਕੀ ਅੰਸ਼ ਜਿਨ੍ਹਾਂ ਵਿੱਚ ਉੱਲੀ ਅਤੇ ਅਫਲਾਟੋਕਸਿਨ ਨਾ ਹੋਣ, ਦੀ ਵਰਤੋਂ ਕਰੋ।

2. ਸੰਤੁਲਤ ਖੁਰਾਕ ਬਨਾਉਣ ਲਈ ਹਮੇਸ਼ਾ ਢੇਰ ਸਾਰੇ ਖੁਰਾਕੀ ਅੰਸ਼ਾਂ ਦੀ ਵਰਤੋਂ ਕਰੋ।

ਅਗਾਊਂ ਮਿਸ਼ਰਣ (ਪਰੀ ਮਿਕਸ) ਖਣਿਜ ਮਿਸ਼ਰਣ (**2.0** ਕਿਲੋਗ੍ਰਾਮ), ਵਿਟਾਮਿਨ (**0.03** ਕਿਲੋਗ੍ਰਾਮ),ਰੋਗਾਣੂੰ ਨਾਸ਼ਕ (**0.10**ਕਿਲੋਗ੍ਰਾਮ) ਲਓ ਅਤੇ ਫਿਰ ਸਭ ਨੂੰ ਚੰਗੀ ਤਰ੍ਹਾਂ ਮਿਲਾਓ। ਪਰੀ ਮਿਕਸ (ਅਗਾਊਂ ਮਿਸ਼ਰਣ) ਤਿਆਰ ਹੈ।

**ਸੂਰਾਂ ਦੇ ਵੱਖ-ਵੱਖ ਵਰਗ ਦੀ ਰਸਦ ਵਿੱਚ ਭੋਜਨਦੇ ਪੌਸ਼ਟਿਕ ਤੱਤਾਂ ਦੇ ਸਮਾਵੇਸ਼ ਦਾ ਵੱਧ ਤੋਂ ਵੱਧ ਪ੍ਰਤੀਸ਼ਤ**

| ਖੁਰਾਕੀ ਅੰਸ਼ | ਸੂਰ ਦੀਆਂ ਕਿਸਮਾਂ | | | |
|---|---|---|---|---|
| | ਗਰਭ ਅਵਸਥਾ | ਦੁੱਧ ਚੁੰਘਾਉਣ ਦੀ ਅਵਸਥਾ | ਮੁੱਢਲੀ ਅਵਸਥਾ | ਵਾਧੇ ਪਏ/ਮੋਟੇ ਹੋ ਰਹੇ ਸੂਰ |
| ਸੁਕਾਇਆ ਹੋਇਆ ਆਹਾਰ | 90 | 10 | 0 | 5 |
| ਸਥਿਰ ਕੀਤੀ ਪਸ਼ੂ ਚਿਕਨਾਈ | 6 | 5 | 5 | 10 |
| ਬੇਕਰੀ ਦਾ ਵਾਧੂ ਪਦਾਰਥ | 40 | 40 | 20 | 40 |
| ਲਹੂ ਦਾ ਚੂਰਾ | 3 | 3 | - | 3 |
| ਜੌਂ | 80 | 80 | 25 | 85 |
| ਬਾਜਰਾ | 80 | 80 | 60 | 85 |
| ਵੜੇਵਿਆਂ ਦੀ ਖੱਲ੍ਹ | 5 | 5 | 0 | 5 |
| ਮੱਛੀ ਦਾ ਚੂਰਾ | 10 | 10 | 15 | 10 |
| ਮੂੰਗਫਲੀ ਦੀ ਖੱਲ੍ਹ | 20 | 20 | 20 | 20 |
| ਸੇਕੇ ਹੋਏ ਗੁਆਰੇ ਦਾ ਚੂਰਾ | 10 | 10 | - | 15 |
| ਮੱਕੀ ਦਾ ਦਲੀਆ | 20 | 20 | - | 20 |
| ਅਲਸੀ ਦਾ ਚੂਰਾ | 10 | 10 | 5 | 10 |
| ਮੱਕੀ | 80 | 80 | 60 | 85 |
| ਮੱਕੀ ਦਾ ਗਲੂਟਨ | 8 | 5 | 3 | 8 |
| ਮਾਸ ਦਾ ਚੂਰਾ | 10 | 5 | - | 10 |
| ਮਾਸ ਤੇ ਹੱਡੀਆਂ ਦਾ ਚੂਰਾ | 10 | 10 | 5 | 5 |
| ਸ਼ੀਰਾ | 5 | 5 | 5 | 5 |
| ਬਿਨਾਂ ਤੇਲ ਸਰੋਂ ਦੀ ਖੱਲ੍ਹ | 5 | 5 | 5 | 15 |
| ਜਵੀ | 70 | 30 | 20 | 50 |
| ਆਲੂ | 80 | - | - | 30 |
| ਚੌਲਾਂ ਦੀ ਬਰਾਨ | 40 | 25 | 10 | 45 |
| ਚੌਲਾਂ ਦੀ ਬਰਾਨ | 50 | 50 | - | 50-60 |
| ਜਵਾਰ | 85 | 85 | 60 | 80-90 |
| ਸੁੱਕਾ ਸਪਰੇਟਾ ਦੁੱਧ | - | - | 40 | - |
| ਖੰਡ | - | - | 5 | - |
| ਸੋਇਆਬੀਨ | 30 | 25 | 30 | 25 |
| ਪੂਰੀ ਚਿਕਨਾਈ ਵਾਲਾ ਸੋਇਆਬੀਨ ਦਾ ਚੂਰਾ | 20 | 20 | 30 | 25 |
| ਸੂਰਜਮੁਖੀ ਦੇ ਬੀਜਾਂ ਦਾ ਚੂਰਾ | 10 | 5 | - | 10 |
| ਟਰਿਟੀਕੇਲ | 80 | 80 | 20 | 85 |
| ਤਿਲਾਂ ਦੀ ਖੱਲ੍ਹ | 15 | 15 | 10 | 15 |
| ਕਣਕ | 80 | 80 | 60 | 85 |
| ਕਣਕ ਦਾ ਸੂੜਾ/ਛਾਣ | 30 | 10 | - | 20 |
| ਦਹੀਂ ਵਿਚਲਾ ਖੱਟਾ ਪਾਣੀ | 5 | 5 | 20 | 10 |
| ਖਮੀਰ | 3 | 3 | 3 | 3 |

# ਆਹਾਰ ਮਿਲਾਉਣਾ

ਸ਼ਾਰੇ ਅੰਸ਼ਾਂ ਦਾ ਸਹੀ-ਸਹੀ ਵਜ਼ਨ ਕਰੋ ਅਤੇ ਉਨ੍ਹਾਂ ਸਭ ਨੂੰ ਬਿਜਲੀ ਵਾਲੇ ਮਿਸ਼ਰਣ ਯੰਤਰ ਵਿੱਚ ਪਾ ਦਿਓ। ਲੋੜੀਂਦੀ ਮਿਕਦਾਰ ਵਿੱਚ ਅਗਾਊਂ ਤਿਆਰ ਕੀਤਾ ਮਿਸ਼ਰਣ ਮਿਲਾ ਦਿਓ ਅਤੇ ਉਦੋਂ ਤੱਕ ਹਿਲਾਉਂਦੇ ਰਹੋ ਜਦੋ ਤੱਕ ਮਿਸ਼ਰਣ ਇੱਕਸਾਰ ਨਾ ਹੋ ਜਾਵੇ।

ਅਗਰ ਇਹ ਮਿਸ਼ਰਣ ਹੱਥਾਂ ਨਾਲ ਮਿਲਾਉਣਾ ਹੈ ਤਾਂ ਸਾਰੇ ਅੰਸ਼ਾਂ ਦਾ ਵਜ਼ਨ ਕਰੋ। ਬਿਨਾਂ ਤੇਲ ਤੋਂ ਚੌਲਾਂ ਦਾ ਛਾਣ/ਬੂਰਾ ਜ਼ਿਆਦਾ ਮਿਕਦਾਰ ਵਿੱਚ ਲੈ ਕੇ ਫਰਸ਼ ਉਤੇ ਢੇਰੀ ਕਰੋ। ਇੱਕ-ਇੱਕ ਕਰਕੇ ਸਾਰੇ ਅੰਸ਼ ਤੋਲੋ ਅਤੇ ਫਿਰ ਵਾਰੀ ਵਾਰੀ ਉਨ੍ਹਾਂ ਸਭ ਦੀ ਤਹਿ ਬਿਨਾਂ ਤੇਲ ਚੌਲਾਂ ਦੇ ਬੂਰੇ (ਡੀ ਆਰ ਬੀ) ਦੀ ਤਹਿ ਉਤੇ ਵਿਛਾਉਂਦੇ ਜਾਓ।

ਅਗਾਊਂ ਤਿਆਰ ਕੀਤੇ ਮਿਸ਼ਰਣ (ਪ੍ਰੀ ਮਿਕਸ) ਦੀ ਲੋੜੀਂਦੀ ਮਾਤਰਾ (2.13 ਕਿਲੋਗ੍ਰਾਮ) ਲਓ ਅਤੇ ਪਹਿਲਾਂ ਵਜ਼ਨ ਕੀਤੇ ਚੌਲਾਂ ਦੇ ਬੂਰੇ (ਡੀ ਆਰ ਬੀ) ਵਿੱਚੋਂ ਬਰਾਬਰ ਮਿਕਦਾਰ ਵਿੱਚ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾਓ। ਖਣਿਜਾਂ, ਵਿਟਾਮਿਨਾਂ, ਰੋਗਾਣੂੰ ਨਾਸ਼ਕਾਂ ਅਤੇ ਡੀ ਆਰ ਬੀ ਦੇ ਇਸ ਮਿਸ਼ਰਣ ਵਿੱਚ ਭੋਜਨ ਦੇ ਕਿਸੇ ਵੀ ਤੱਤ ਦੀ ੪-੫ ਕਿਲੋਗ੍ਰਾਮ ਮਿਕਦਾਰ ਉਦੋਂ ਤੱਕ ਮਿਲਾਓ ਜਦੋਂ ਤੱਕ ਇਕਸਾਰ ਨਾ ਹੋ ਜਾਵੇ। ਇਹ ਸਾਰਾ ਮਿਸ਼ਰਣ ਬਾਕੀ ਅੰਸ਼ਾਂ ਦੀਆਂ ਤਹਿਆਂ ਉਪਰ ਇਕਸਾਰ ਵਿਛਾਓ। ਦਾਣੇ ਦੇ ਇਸ ਢੇਰ ਨੂੰ ਹੱਥਾਂ ਨਾਲ ਚੰਗੀ ਤਰ੍ਹਾਂ ਰਲਾ ਲਵੋ।

# ਨਸਲ ਕਸ਼ੀ ਵਾਲੇ ਸੂਰਾਂ ਦੀ ਸਾਂਭ ਸੰਭਾਲ

ਸੂਰ ਪਾਲਣ ਦੇ ਧੰਦੇ ਚੋਂ ਵਧੇਰੇ ਲਾਭ ਲੈਣ ਲਈ ਸੂਰੀ ਤੋਂ ਹਰੇਕ ਸੂਏ ਵਿੱਚ ਵੱਧ ਤੋਂ ਵੱਧ ਬੱਚੇ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜ਼ਿਆਦਾ ਬੱਚੇ ਲੈਣ ਲਈ ਸੂਰੀ ਚੰਗੀ ਨਸਲ ਦੀ ਹੋਣੀ ਚਾਹੀਦੀ ਹੈ ਅਤੇ ਇਹ ਸਾਲ ਵਿਚ ਦੋ ਵਾਰ ਸੂੰਦੀ ਹੋਵੇ। ਉੱਨਤ ਨਸਲਾਂ ਦੀਆਂ ਸੂਰੀਆਂ ਇੱਕ ਸੂਏ ਵਿਚ ੧੪ ਤੱਕ ਬੱਚੇ ਦੇ ਦਿੰਦੀਆਂ ਹਨ ਜਦੋਂ ਕਿ ਦੇਸੀ ਸੂਰ ਉੱਨਤ ਨਸਲਾਂ ਦੇ ਸੂਰਾਂ ਦੇ ਮੁਕਾਬਲੇ ਬਹੁਤ ਘੱਟ ਵੱਧਦੇ ਹਨ, ਘੱਟ ਬੱਚੇ ਪੈਦਾ ਕਰਦੇ ਹਨ ਅਤੇ ਖੁਰਾਕ ਵੀ ਜ਼ਿਆਦਾ ਖਾਂਦੇ ਹਨ।

**ਗੱਭਣ ਕਰਵਾਉਣ ਦੀ ਉਮਰ**

ਆਮ ਤੌਰ ਤੇ ਸੂਰੀਆਂ ਪਹਿਲੀ ਵਾਰੀ 4 ਤੋਂ 6 ਮਹੀਨੇ ਦੀ ਉਮਰ ਤੇ ਵੇਗ ਵਿਚ ਆ ਜਾਂਦੀਆਂ ਹਨ ਪਰੰਤੂ ਇਸ ਸਮੇਂ ਉਨਾਂ ਨੂੰ ਗੱਭਣ ਨਹੀਂ ਕਰਵਾਉਣਾ ਚਾਹੀਦਾ ਕਿਉਂਕਿ ਇਸ ਸਮੇਂ ਸੂਰੀਆਂ ਦੇ ਜਨਣ ਅੰਗ ਪੂਰੀ ਤਰ੍ਹਾਂ ਪਰਫੁਲਿੱਤ ਨਹੀਂ ਹੁੰਦੇ ਅਤੇ ਉਹ ਗਰਭ ਦੇ ਭਾਰ ਨੂੰ ਵੀ ਨਹੀਂ ਸਹਾਰ ਸਕਦੀਆਂ। ਤੰਦਰੁਸਤ ਅਤੇ ਵਧੇਰੇ ਬੱਚੇ ਲੈਣ ਲਈ ਸੂਰੀ ਦੇ ਪਹਿਲੇ 2-3 ਹੇਹੇ ਛੱਡ ਦੇਣੇ ਚਾਹੀਦੇ ਹਨ ਇਸ ਤਰ੍ਹਾਂ ਸੂਰੀਆਂ ਨੂੰ 8-9 ਮਹੀਨੇ ਦੀ ਉਮਰ ਤੇ ਜਦੋਂ ਉਨ੍ਹਾਂ ਦਾ ਭਾਰ 80-90 ਕਿਲੋ ਹੋਵੇ, ਨੂੰ ਪਹਿਲੀ ਵਾਰੀ ਗੱਭਣ ਕਰਵਾਉਣਾ ਚਾਹੀਦਾ ਹੈ।

**ਗੱਭਣ ਕਰਵਾਉਣ ਦਾ ਸਮਾਂ**

ਜਦੋਂ ਸੂਰੀ ਦੇ ਹੇਹੇ ਦੇ ਚਿੰਨ੍ਹ ਬੜੇ ਸਾਫ ਦਿਖਾਈ ਦੇਣ ਉਸ ਸਮੇਂ ਸੂਰੀ ਨੂੰ ਸਾਨ੍ਹ ਸੂਰ ਦੇ ਵਾੜੇ ਵਿਚ ਛੱਡ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਸਾਨ੍ਹ ਸੂਰ ਅਸਾਨੀ ਨਾਲ ਸੂਰੀ ਨੂੰ ਉਚਿੱਤ ਸਮੇਂ ਤੇ ਗੱਭਣ ਕਰ ਦੇਵੇਗਾ।ਸੂਰੀ ਤੋਂ ਵਧੇਰੇ ਬੱਚੇ ਲੈਣ ਲਈ ਦੋ ਵਾਰ ਇਕ ਵਾਰ ਸਵੇਰੇ ਅਤੇ ਦੂਸਰੀ ਵਾਰੀ ਸ਼ਾਮ ਨੂੰ ਗੱਭਣ ਕਰਵਾਉਣਾ ਚਾਹੀਦਾ ਹੈ। ਅਤੇ ਇਹ ਮਿਤੀ ਲਿਖ ਲੈਣੀ ਚਾਹੀਦੀ ਹੈ। ਗਰਮੀਆਂ ਦੇ ਮੌਸਮ ਵਿਚ ਗੱਭਣ ਕਰਵਾਉਣ ਪਿਛੋਂ ਠੰਢੇ ਤੇ ਤਾਜ਼ੇ ਪਾਣੀ ਨਾਲ ਨਵ੍ਹਾਉਣਾ ਚਾਹੀਦਾ ਹੈ।

**ਗੱਭਣ ਸੂਰੀਆਂ ਨੂੰ ਇੱਕਠੇ ਰੱਖਣਾ**

ਗੱਭਣ ਸੂਰੀਆਂ ਨੂੰ ਉਨ੍ਹਾਂ ਦੀ ਗਰਭ ਅਵਸਥਾ ਅਨੁਸਾਰ ਇੱਕਠਿਆਂ ਕੀਤਾ ਜਾ ਸਕਦਾ ਹੈ। ਨਵੀਆਂ ਗੱਭਣ ਸੂਰੀਆਂ ਨੂੰ ਪਹਿਲਾਂ ਤੋ ਗੱਭਣ ਹੋਈਆਂ ਸੂਰੀਆਂ ਦੇ ਨਾਲ ਨਹੀਂ ਰੱਖਣਾ ਚਾਹੀਦਾ। ਆਮ ਤੌਰ ਤੇ ਇਕ ਹਫਤੇ ਦੇ ਅੰਦਰ ਅੰਦਰ ਗੱਭਣ ਹੋਈਆਂ ਸੂਰੀਆਂ ਨੂੰ ਇੱਕਠਿਆਂ ਰੱਖਣਾ ਚਾਹੀਦਾ ਹੈ।

ਸੂਰ ਪਾਲਣ ਦੇ ਧੰਦੇ ਚੋ ਵੱਧ ਲਾਭ, ਨਸਲਕਸ਼ੀ ਲ਼ਈ ਰਖੇ ਗਏ ਸੂਰ ਅਤੇ ਸੂਰੀਆਂ ਤੇ ਨਿਰਭਰ ਹੁੰਦਾ ਹੈ। ਕਿਉਂਕਿ ਇਨ੍ਹਾਂ ਤੋ ਹੀ ਸਾਨੂੰ ਬੱਚੇ ਮਿਲਦੇ ਹਨ।

**ਸੂਰੀ ਦੀ ਦੇਖ ਭਾਲ**

ਇਕ ਸੂਰੀ ਸਾਲ ਵਿਚ ਘੱਟ ਤੋ ਘੱਟ ਦੋ ਵਾਰ ਸੂੰਦੀ ਹੈ।ਅਤੇ ਹਰੇਕ ਸੂਏ ਵਿਚ 8-14 ਬੱਚੇ ਦਿੰਦੀ ਹੈ। ਜੇਕਰ ਸੂਰੀ ਦੀ ਦੇਖ ਭਾਲ ਅਤੇ ਸੰਭਾਲ ਸੁਚੱਜੇ ਢੰਗ ਨਾਲ ਨਾ ਹੋਵੇ ਤਾਂ ਪ੍ਰਤੀ ਸਾਲ ਔਸਤਨ ਸੂਏ ਘੱਟ ਜਾਂਦੇ ਹਨ ਅਤੇ ਹਰੇਕ ਸੂਏ ਵਿਚ ਬੱਚਿਆਂ ਦੀ ਗਿਣਤੀ ਵੀ ਘੱਟ ਜਾਂਦੀ ਹੈ। ਸੂਰੀ ਦੇ ਪਾਲਣ ਪੋਸਣ ਦਾ ਖਰਚ ਵੱਧ ਜਾਂਦਾ ਹੈ ਅਤੇ ਆਮਦਨ ਘੱਟ ਜਾਂਦੀ ਹੈ।

**ਸੂਰੀ ਦਾ ਭਾਰ ਵਾਧਾ**

ਗੱਭਣ ਸੂਰੀ ਦੀ ਸੰਭਾਲ ਜੇਕਰ ਚੰਗੀ ਤਰ੍ਹਾਂ ਕੀਤੀ ਜਾਵੇ ਤਾਂ ਬੱਚੇ ਤੰਦਰੁਸਤ ਦਿੰਦੀ ਹੈ। ਗਰਭ ਅਵਸਥਾ ਵਿਚ ਉਸਦਾ ਭਾਰ ਵੱਧਣਾ ਬਹੁਤ ਜਰੂਰੀ ਹੈ। ਪੱਠ ਸੂਰੀਆਂ ਦਾ ਭਾਰ ੩੫-੩੬ ਕਿਲੋ ਦੇ ਕਰੀਬ ਵੱਧਦਾ ਹੈ। ਜਦੋਂ ਕਿ ਦੂਸਰੇ ਸੂਏ ਤੋ ਬਾਅਦ ਵਾਲੀਆਂ ਸੂਰੀਆਂ ਦਾ ਭਾਰ 18-20 ਕਿਲੋ ਵੱਧਦਾ ਹੈ। ਪੱਠ ਸੂਰੀਆਂ ਦਾ ਵਧੇਰੇ ਭਾਰ ਇਸ ਲਈ ਵੱਧਦਾ ਹੈ ਕਿਉਂਕਿ ਉਸ ਸਮੇਂ ਉਨ੍ਹਾਂ ਦਾ ਆਪਣਾ ਸਰੀਰਕ ਭਾਰ ਅਤੇ ਪੇਟ ਵਿਚ ਪਲ ਰਹੇ ਬੱਚਿਆਂ ਦੋਹਾਂ ਦਾ ਭਾਰ ਵੱਧਦਾ ਹੈ। ਜਦੋਂ ਕਿ ਵੱਡੀਆਂ ਸੂਰੀਆਂ ਵਿਚ ਆਪਣਾ ਭਾਰ ਵਾਧਾ ਕਾਫੀ ਘੱਟ ਹੁੰਦਾ ਹੈ।

**ਗੱਭਣ ਸੂਰੀ ਦੀ ਖੁਰਾਕ**

ਸੂਰੀ ਨੂੰ ਗੱਭਣ ਕਰਵਾਉਣ ਤੋ ਦੋ ਮਹੀਨੇ ਤੱਕ ਬੱਚਿਆਂ ਦਾ ਅਕਾਰ ਛੋਟਾ ਹੁੰਦਾ ਹੈ। ਇਸ ਲਈ 2 ਮਹੀਨੇ ਤਕ ਰਜਵੇਂ ਹਰੇ ਪੱਠੇ ਅਤੇ ਥੋੜਾ ਦਾਣਾ ਦੇ ਕੇ ਹੀ ਕੰਮ ਚਲ ਸਕਦਾ ਹੈ। ਸੂਣ ਤੋ ਇੱਕ ਮਹੀਨਾ ਪਹਿਲਾਂ ਸੂਰੀ ਦੀ ਖੁਰਾਕ ਵਿਚ ਵਾਧਾ ਕਰ ਦੇਣਾ ਚਾਹੀਦਾ ਹੈ। ਸੂਣ ਤੋਂ ੩-੪ ਦਿਨ ਪਹਿਲਾਂ ਇਸ ਦੀ ਮਾਤਰਾ ਘਟਾ ਦੇਣੀ ਚਾਹੀਦੀ ਹੈ। ਇਸ ਗੱਲ ਦਾ

ਧਿਆਨ ਰੱਖਣਾ ਚਾਹੀਦਾ ਹੈ ਕਿ ਸੂਰੀ ਨੂੰ ਹਲਕੀ ਅਤੇ ਜਲਦੀ ਹਜ਼ਮ ਹੋਣ ਵਾਲੀ ਪਰੰਤੂ ਸੰਤੁਲਿਤ ਖੁਰਾਕ ਦੇਣੀ ਚਾਹੀਦੀ ਹੈ ਇਸ ਤਰ੍ਹਾਂ ਦੀ ਖੁਰਾਕ ਦੇਣ ਨਾਲ ਸੂਰੀ  ਨੂੰ ਕਬਜ਼ ਨਹੀ ਹੁੰਦੀ। ਸੂਣ ਤੋ 12 ਘੰਟੇ ਪਹਿਲਾਂ ਸੂਰੀ ਨੂੰ ਖੁਰਾਕ ਦੇਣੀ ਬੰਦ ਕਰ ਦਿਓ ਅਤੇ ਪਾਣੀ ਲਗਾਤਾਰ ਦਿੰਦੇ ਰਹੋ। ਸੂਰੀ ਦੇ ਸੂਣ ਤੋਂ 12 ਘੰਟੇ ਬਾਅਦ ਸੂਰੀ ਦੀ ਖੁਰਾਕ ਹੌਲੀ ਹੌਲੀ ਵਧਾਉਣੀ ਚਾਹੀਦੀ ਹੈ। ਇਹ ਖੁਰਾਕ 2  ਕਿਲੋ ਤੋ ਸ਼ੁਰੂ ਕਰਕੇ 2 ਮਹੀਨੇ ਵਿਚ 4-5 ਕਿਲੋ ਤੱਕ ਲੈ ਜਾਣੀ ਚਾਹੀਦੀ ਹੈ। ਖੁਰਾਕ ਪੋਸ਼ਟਿਕ ਹੋਣੀ ਚਾਹੀਦੀ ਹੈ।ਇਸ ਨਾਲ ਹਰਾ ਚਾਰਾ ਵੀ ਜ਼ਰੂਰ ਦਿਓ।

**ਖੁਰਾਕ ਵਿਚ ਹਰੇ ਚਾਰੇ ਦੀ ਵਰਤੋਂ**

ਗਰਭ ਠਹਿਰਣ ਤੋ ਬਾਅਦ ਸੂਰੀਆਂ ਨੂੰ ਸੰਤੁਲਿਤ ਖੁਰਾਕ ਦੇ ਨਾਲ ਨਾਲ ਸੂਰੀ ਨੂੰ ਹਰੇ ਪੱਠੇ ਅਤੇ ਘਾਹ ਆਦਿ ਪਾਉਣਾ ਚਾਹੀਦਾ ਹੈ। ਜੇਕਰ ਜਗ੍ਹਾ ਖੁੱਲੀ ਹੋਵੇ ਤਾਂ ਸੂਰੀਆਂ ਨੂੰ  ਬਾਹਰ ਖੁੱਲੇ ਛੱਡਣਾ ਚਾਹੀਦਾ ਹੈ। ਜਿਸ ਨਾਲ ਨਾ ਕੇਵਲ ਸੂਰੀ ਨੂੰ ਪੁਸ਼ਟੀ ਕਾਰਕ ਚਾਰਾ ਹੀ ਮਿਲੇਗਾ ਸਗੋਂ ਉਸਦੀ ਕਸਰਤ ਵੀ ਹੋ ਜਾਵੇਗੀ ਅਤੇ ਉਹ ਤੰਦਰੁਸਤ ਵੀ ਰਹੇਗੀ।

**ਮਲੱਪ ਰਹਿਤ ਕਰਨਾ**

ਸੂਣ ਤੋਂ ਇਕ ਹਫਤਾ ਪਹਿਲਾਂ ਸੂਰੀ ਨੂੰ 2 ਗ੍ਰਾਮ ਪਿਪਰਾਜ਼ੀਨ 10 ਕਿਲੋ ਸਰੀਰਕ ਭਾਰ ਅਨੁਸਾਰ ਖੁਰਾਕ ਵਿਚ ਮਿਲਾ ਕੇ ਮਲੱਪ ਰਹਿਤ ਕਰਨਾ ਚਾਹੀਦਾ ਹੈ।

**ਸੂਰੀ ਨੂੰ ਕਿਰਮ ਰਹਿਤ ਕਰਨਾ**

ਸੂਣ ਤੋਂ ਇਕ ਹਫਤਾ ਪਹਿਲਾਂ ਸੂਰੀ ਨੂੰ ਕੋਸੇ ਪਾਣੀ, ਖਾਸ ਕਰਕੇ ਸਰਦੀ ਦੇ ਮੌਸਮ ਵਿਚ, ਜਿਸ ਵਿਚ ਲਾਲ ਦਵਾਈ ਮਿਲੀ ਹੋਵੇ, ਨਾਲ ਨਵ੍ਹਾਓ ਤਾਂ ਜੋ ਸੂਰੀ ਦੇ ਚੱਡਿਆਂ ਅਤੇ ਪੇਟ ਦੇ ਥੱਲਵੇ ਹਿੱਸੇ ਤੋਂ ਹਾਨੀਕਾਰਕ ਕਿਟਾਣੂੰਆਂ ਦੇ ਅੰਡੇ ਲੱਥ ਜਾਣ ਇਸ ਤਰ੍ਹਾਂ ਨਵੇਂ ਜੰਮੇ ਬੱਚੇ ਇਨ੍ਹਾਂ ਨਾਮੁਰਾਦ ਕਿਟਾਣੂੰਆਂ ਦੀ ਜਕੜ ਵਿਚ ਆਉਣ ਤੋ ਬੱਚ ਜਾਂਦੇ ਹਨ।

**ਸੂਰੀ ਨੂੰ ਪ੍ਰਸੂਤ ਖਾਨੇ ਵਿਚ ਲੈ ਕੇ ਜਾਣਾ**

ਜਦੋਂ ਸੂਰੀ ਢਿੱਡ ਛਡ ਦੇਵੇ, ਹਵਾਨੇ ਵਿਚ ਦੁੱਧ ਭਰ ਜਾਵੇ ਅਤੇ ਉਸਦਾ ਰੰਗ ਗੁਲਾਬੀ ਹੋ ਜਾਵੇ ਤਾ ਜਾਣ ਲਓ ਕਿ ਸੂਣ ਨੂੰ 15 ਦਿਨ ਰਹਿੰਦੇ ਹਨ। ਸੂਣ ਦੀ ਮਿਤੀ ਤੋਂ ਘੱਟੋ ਘੱਟ ਇਕ ਹਫਤਾ ਪਹਿਲਾਂ ਪ੍ਰਸੂਤ ਖਾਨੇ ਨੂੰ ਫਿਨਾਈਲ ਵਾਲੇ ਪਾਣੀ ਨਾਲ ਧੋਕੇ ਕਿਟਾਣੂੰ ਰਹਿਤ ਕਰ ਦਿਓ ਫਿਰ ਸੂਰੀ ਨੂੰ ਇਸ ਕਿਟਾਣੂੰ ਰਹਿਤ ਪ੍ਰਸੂਤਖਾਨੇ ਵਿਚ ਲੈ ਜਾਓ ਤਾਂ ਜੋ ਸੂਰੀ ਪ੍ਰਸੂਤਖਾਨੇ

ਤੋ ਚੰਗੀ ਤਰਾਂ ਵਾਕਫ ਹੋ ਜਾਵੇ। ਸਿਆਲ ਦੀ ਰੁੱਤੇ ਕਮਰੇ ਨੂੰ ਨਿੱਘਾ ਰਖਣਾ ਚਾਹੀਦਾ ਹੈ। ਅਤੇ ਰਾਤ ਨੂੰ ਦਰਵਾਜੇ ਬੰਦ ਕਰ ਦਿਓ।

**ਕਸਰਤ ਕਰਵਾਉਣੀ**

ਗਰਭ ਅਵਸਥਾ ਵਿਚ ਸੂਰੀ ਦਾ ਚਲਨਾ ਫਿਰਨਾ ਬਹੁਤ ਜਰੂਰੀ ਹੈ। ਇਸ ਨਾਲ ਬੱਚੇ ਤੰਦਰੁਸਤ ਜੰਮਦੇ ਹਨ। ਗੱਭਣ ਸੂਰੀ ਨੂੰ ਰੋਜ਼ਾਨਾ ਸਵੇਰੇ ਸ਼ਾਮ 1-1 ਘੰਟਾ ਨੂੰ ਜਰੂਰ ਘੁਮਾਓ ਇਸ ਨਾਲ ਸੂਰੀ ਅਤੇ ਪੇਟ ਵਿਚਲੇ ਬੱਚੇ ਤੰਦਰੁਸਤ ਰਹਿੰਦੇ ਹਨ।

**ਸੂਰੀ ਦੇ ਸੂਣ ਦੀਆਂ ਨਿਸਾਨੀਆਂ**

1. ਸੂਣ ਵੇਲੇ ਸੂਰੀ ਕਾਫੀ ਉਖੜੀ ਉਖੜੀ ਨਜ਼ਰ ਆਉਂਦੀ ਹੈ
2. ਸੂਰੀ ਦੇ ਥਣ ਦੁੱਧ ਨਾਲ ਭਰ ਜਾਣ ਕਾਰਨ ਕਾਫੀ ਉਭਰ ਆਉਂਦੇ ਹਨ।



ਸੂਣ ਵਾਲੀ ਸੂਰੀ ਦੇ ਫੁੱਲੇ ਹੋਏ ਥਣ

3. ਸੂਰੀ ਦੀ ਜਨਣ ਇੰਦਰੀ ਆਮ ਨਾਲੋਂ ਵੱਡੀ ਅਤੇ ਸੁੱਜੀ ਹੋਈ ਨਜ਼ਰ ਆਉਂਦੀ ਹੈ।
4. ਸੂਰੀ ਆਪਣੇ ਮੂੰਹ ਵਿਚ ਪਰਾਲੀ ਆਦਿ ਪਾ ਕੇ ਬੱਚਿਆਂ ਨੂੰ ਨਿਘ ਦੇਣ ਲਈ ਇਕ ਖੂੰਜੇ ਵੱਲ ਲੈ ਕੇ ਜਾਂਦੀ ਹੈ।

**ਸੂਣ ਵੇਲੇ ਸੰਭਾਲ**

ਸੂਣ ਸਮੇਂ ਸੂਰੀ ਨੂੰ ਇਕੱਲਿਆਂ ਰਹਿਣ ਦਿਓ ਪਰ ਉਸਦੇ ਆਸ ਪਾਸ ਰਹਿ ਕੇ ਉਸਦਾ ਧਿਆਨ ਰਖੋ ਜੇਕਰ ਸੂਰੀ ਰਾਤ ਨੂੰ ਸੂਣ ਲੱਗੇ ਤਾਂ ਉੱਚਿਤ ਰੋਸ਼ਨੀ ਦਾ ਪ੍ਰਬੰਧ ਕਰੋ। ਸੂਣ ਵੇਲੇ ਸੂਰੀ ਦੇ ਥੱਲੇ ਸੁੱਕੀ ਪਰਾਲੀ ਆਦਿ ਵਿਛਾ ਦੇਣੀ ਚਾਹੀਦੀ ਹੈ। ਅਤੇ ਸੂਣ ਤੋਂ ਬਾਅਦ ਇਸ ਨੂੰ ਬਦਲ ਦੇਣਾ ਚਾਹੀਦਾ ਹੈ। ਤਾਂ ਜੋ ਨਵੇਂ ਜੰਮੇ ਬੱਚਿਆਂ ਨੂੰ ਨਰਮ ਥਾਂ ਅਤੇ ਨਿੱਘ ਮਿਲ ਸਕੇ। ਸੂਣ ਵੇਲੇ ਸੂਰੀ ਨੂੰ ਛੇੜਨਾ ਨਹੀਂ ਚਾਹੀਦਾ। ਸੂਣ ਸਮੇਂ ਸੂਰੀ ਲੰਮੀ ਪੈ ਜਾਂਦੀ ਹੈ ਅਤੇ ਮਟਾਕਾ ਸੁੱਟਣ ਮਗਰੋਂ ਬੱਚੇ

ਜੰਮਣੇ ਸ਼ੁਰੂ ਕਰ ਦਿੰਦੀ ਹੈ। ਸੂਣ ਵੇਲੇ 2-3 ਘੰਟਿਆਂ ਦਾ ਸਮਾਂ ਲੈਂਦੀ ਹੈ ਅਤੇ ਇਕ ਬੱਚੇ ਤੋਂ ਦੂਜੇ ਬੱਚੇ ਦੇ ਬਾਹਰ ਆਉਣ ਦੇ ਸਮੇਂ ਵਿੱਚ 15-20 ਮਿੰਟ ਦਾ ਅੰਤਰ ਹੁੰਦਾ ਹੈ। ਅਤੇ ਸੂਰੀ 2-3 ਘੰਟਿਆਂ ਵਿਚ ਸੂਰੀ 10-12 ਬੱਚੇ ਦੇ ਦਿੰਦੀ ਹੈ।

**ਨਵੇਂ ਬੱਚੇ ਦੀ ਸਹਾਇਤਾ**

ਨਵੇਂ ਜੰਮੇ ਬੱਚਿਆਂ ਦਾ ਸਰੀਰ, ਮੂੰਹ ਅਤੇ ਨੱਕ ਤੇ ਝਿਲੀ ਜਿਹੀ ਹੁੰਦੀ ਹੈ।ਦੇਖਣ ਵਿਚ ਆਉਂਦਾ ਹੈ ਕਿ ਕਈ ਵਾਰ ਕਿਸੇ ਵਿਅਕਤੀ ਦੇ ਸੂਰੀ ਦੇ ਸੂਣ ਸਮੇਂ ਹਾਜ਼ਰ ਨਾ ਹੋਣ ਕਾਰਨ ਬੱਚੇ ਝਿਲੀ ਵਿਚ ਜਾਂ ਜੇਰ ਵਿਚ ਹੀ ਸਾਹ ਘੁੱਟਣ ਨਾਲ ਅਣਆਈ ਮੌਤੇ ਮਰ ਜਾਂਦੇ ਹਨ। ਇਸ ਘਾਟੇ ਤੋਂ ਬੱਚਣ ਲਈ ਇਹ ਜਰੂਰੀ ਹੈ ਕਿ ਸੂਰੀ ਦੇ ਸੂਣ ਸਮੇਂ ਇਕ ਵਿਅਕਤੀ ਜਰੂਰ ਹਾਜ਼ਰ ਹੋਵੇ ਜੋ ਕਿ ਬੱਚਿਆਂ ਦੇ ਮੂੰਹ ਅਤੇ ਨੱਕ ਤੋਂ ਸਾਫ ਤੇ ਸੁੱਕੇ ਕਪੜੇ ਨਾਲ ਝਿਲੀ ਨੂੰ ਪੂੰਝ ਦੇਵੇ। ਇਸ ਤਰ੍ਹਾਂ ਕਰਨ ਨਾਲ ਬੱਚਿਆਂ ਨੂੰ ਸਾਹ ਲੈਣ ਵਿਚ ਰੁਕਾਵਟ ਨਹੀਂ ਆਉਂਦੀ। ਖਾਸ ਕਰਕੇ ਸਰਦੀਆਂ ਵਿਚ ਇਸ ਤਰ੍ਹਾਂ ਬੱਚਿਆਂ ਨੂੰ ਠੰਡ ਲੱਗਣ ਤੋਂ ਵੀ ਬਚਾਇਆ ਜਾ ਸਕਦਾ ਹੈ।ਯਾਦ ਰਹੇ ਕਿ ਸੂਰੀ ਨੂੰ ਸੂਣ ਵੇਲੇ ਤੰਗ ਨਾ ਕੀਤਾ ਜਾਵੇ ਨਹੀ ਤਾਂ ਸੂਰੀ ਦੇ ਪੇਟ ਵਾਲੇ ਬੱਚੇ ਜੰਮਣ ਤੋ ਪਹਿਲਾਂ ਹੀ ਮਰ ਜਾਣਗੇ।

**ਸੂਰੀ ਦਾ ਜੇਰ ਸੁੱਟਣਾ**

ਸੂਰੀ ਸੂਣ ਤੋਂ ਬਾਅਦ ਦੋ ਘੰਟਿਆਂ ਦੇ ਵਿੱਚ ਵਿੱਚ ਜੇਰ ਸੁਟ ਦਿੰਦੀ ਹੈ। ਜੇਰ ਸੁੱਟਣ ਮਗਰੋਂ ਕੋਈ ਬੱਚਾ ਨਹੀਂ ਜੰਮਦਾ। ਹਰੇਕ ਬੱਚੇ ਦਾ ਨਾੜੂਆ ਵੱਖ ਵੱਖ ਹੁੰਦਾ ਹੈ ਪਰੰਤੂ ਜੇਰ ਇਕ ਹੀ ਹੁੰਦੀ ਹੈ। ਜਦੋਂ ਸੂਰੀ ਜੇਰ ਸੁੱਟ ਦੇਵੇ ਉਸ ਨੂੰ ਇਕ ਡੰਡੇ ਨਾਲ ਖਿਲਾਰ ਲਓ। ਦੇਖਣ ਤੇ ਪਤਾ ਲਗੇਗਾ ਕਿ ਉਸ ਵਿਚ ਛੋਟੀਆਂ ਛੋਟੀਆਂ ਥੈਲੀਆਂ ਜਿਹੀਆਂ ਬਣੀਆ ਹੋਈਆਂ ਹਨ। ਇਨ੍ਹਾਂ ਥੈਲੀਆਂ ਦੀ ਗਿਣਤੀ ਬੱਚਿਆਂ ਦੀ ਗਿਣਤੀ ਦੇ ਬਰਾਬਰ ਹੁੰਦੀ ਹੈ। ਜੇਰ ਨੂੰ ਦੂਰ ਕਿਸੇ ਜਗ੍ਹਾ ਤੇ ਡੂੰਘਾ ਦਬਾ ਦਿਓ ਅਤੇ ਗਿੱਲੀ ਥਾਂ ਨੂੰ ਸਾਫ ਕਰ ਦਿਓ। ਕਈ ਵਾਰ ਸੂਰੀ ਜੇਰ ਨਹੀ ਸੁੱਟਦੀ ਇਸ ਸਮੇਂ ਸੂਰੀ ਨੂੰ ਆਕਸੀਟੋਸਿਨ ਦਾ ਟੀਕਾ ਲਗਾਉਣਾ ਚਾਹੀਦਾ ਹੈ। ਜਿਸ ਨਾਲ ਸੂਰੀ ਛੇਤੀ ਹੀ ਜੇਰ ਸੁਟ ਦਿੰਦੀ ਹੈ।ਪਰੰਤੂ ਸਾਨੂੰ ਪਤਾ ਨਹੀਂ ਲੱਗਦਾ ਜੇਕਰ ਸੂਰੀ ਜੇਰ ਨਾ ਸੁੱਟੇ ਤਾਂ ਨੇੜੇ ਦੇ ਪਸ਼ੂ ਚਕਿਤਸਿਕ ਦੀ ਸਲਾਹ ਲੈਣੀ ਚਾਹੀਦੀ ਹੈ।

**ਸੂਰੀ ਦੀ ਸਫਾਈ**

ਸੂਣ ਤੋਂ ਪਿਛੋਂ ਸੂਰੀ ਦੇ ਹਵਾਨੇ ਅਤੇ ਪਿੱਛੇ ਨੂੰ ਨਿੱਘੇ ਲੂਣ ਵਾਲੇ ਪਾਣੀ ਨਾਲ ਸਾਫ ਕਰ ਦੇਣਾ ਚਾਹੀਦਾ ਹੈ ਤਾਂ ਜੋ ਮੱਖੀਆਂ ਨਾ ਬੈਠਣ। ਇਸ ਨਾਲ ਸੂਰੀ ਨੂੰ ਅਰਾਮ ਵੀ ਮਿਲਦਾ ਹੈ।

**ਕਮਜੋਰ ਬੱਚਿਆਂ ਦੀ ਸੰਭਾਲ**

ਕਮਜ਼ੋਰ ਅਤੇ ਛੋਟੇ ਬੱਚਿਆਂ ਨੂੰ ਅਗਲੇ ਥਣਾਂ ਤੇ ਲਾਉਣਾ ਚਾਹੀਦਾ ਹੈ ਜਿਨ੍ਹਾਂ ਵਿਚ ਪਿਛਲੇ ਥਣਾਂ ਦੇ ਮੁਕਬਲੇ ਵਧੇਰੇ ਦੁੱਧ ਹੁੰਦਾ ਹੈ।

**ਸੂਰੀ ਤੋਂ ਸਾਲ ਵਿਚ ਦੋ ਤੋਂ ਵੱਧ ਸੂਏ ਲੈਣ**

ਸੂਰੀ ਦੇ ਗਰਭ ਦਾ ਸਮਾਂ ਕੁਦਰਤ ਵਲੋਂ ਨਿਸ਼ਚਿਤ ਕੀਤਾ ਗਿਆ ਹੈ ਜੋ ਕਿ ਘਟਾਇਆ ਵਧਾਇਆ ਨਹੀਂ ਜਾ ਸਕਦਾ ਇਸੇ ਤਰ੍ਹਾਂ ਬੱਚਿਆਂ ਨੂੰ ਦੁੱਧੋ ਛੁਡਾਓਂਣ ਉਪਰੰਤ ਸੂਰੀ ਦੇ ਦੁਬਾਰਾ ਹੇਹੇ ਵਿਚ ਆਉਣ ਦੇ ਸਮੇਂ ਨੂੰ ਵੀ ਨਹੀਂ ਘਟਾਇਆ ਜਾ ਸਕਦਾ। ਇਸ ਲਈ ਸੂਰੀ ਤੋਂ ਸਾਲ ਵਿਚ ਔਸਤਨ ੨ ਤੋਂ ਵੱਧ ਸੂਏ ਲੈਣ ਲਈ ਕੇਵਲ ਦੁੱਧ ਚੁੰਘਾਉਣ ਦੇ ਸਮੇਂ ਨੂੰ ਹੀ ਘਟਾਇਆ ਵਧਾਇਆ ਜਾ ਸਕਦਾ ਹੈ। ਇਸ ਤਰ੍ਹਾਂ ਜਿਨੇ ਦਿਨ ਸੂਰੀ ਦੇ ਇਕ ਹੀ ਸੂਏ ਵਿਚ ਪਹਿਲਾਂ ਬੱਚਿਆਂ ਨੂੰ ਦੁੱਧੋਂ ਛੁਡਾਇਆ ਜਾਂਦਾ ਹੈ ਓਨੇ ਹੀ ਦਿਨਾਂ ਦਾ ਸਮਾਂ ਤੀਜੇ ਗਰਭ ਵਿਚ ਵੱਧ ਜਾਂਦਾ ਹੈ। ਬੱਚਿਆਂ ਨੂੰ ਦੁੱਧੋਂ ਜਲਦੀ ਛਡਾਉਣ ਲਈ ਬੱਚਿਆਂ ਨੂੰ ਵਧੇਰੇ ਪੌਸ਼ਟਿਕ ਅਤੇ ਸੰਤੁਲਿਤ ਖੁਰਾਕ ਦੇ ਨਾਲ ਨਾਲ ਬੱਚਿਆਂ ਦੀ ਦੇਖ ਭਾਲ ਵੀ ਸੁੱਚਜੇ ਢੰਗ ਨਾਲ ਕਰਨੀ ਵੀ ਜਰੂਰੀ ਹੈ।

| ਸੂਰੀ ਨੂੰ ਗੱਭਣ ਕਰਵਾਉਣਾ | ਤਾਰੀਕ | ਸਮਾਂ ( ਦਿਨ ) |
|---|---|---|
| ਸੂਰੀ ਨੂੰ ਗੱਭਣ ਕਰਵਾਉਂਣਾ | 1 ਜਨਵਰੀ | 0 |
| ਪਹਿਲੇ ਗਰਭ ਦਾ ਸਮਾਂ | 1 ਜਨਵਰੀ ਤੋ 25 ਅਪ੍ਰੈਲ | 114 |
| ਦੁੱਧ ਚੁੰਘਾਉਣ ਦਾ ਸਮਾ | 25 ਅਪ੍ਰੈਲ ਤੋ 19 ਜੂਨ | 56 |
| ਹੇਹੇ ਵਿਚ ਆਉਂਣ ਦਾ ਸਮਾਂ | 19 ਜੂਨ ਤੋ 26 ਜੂਨ | 7 |
| ਦੁਬਾਰਾ ਗੱਭਣ ਕਰਵਾਉਂਣਾ | 27 ਜੂਨ | 1 |
| ਦੂਜੇ ਗਰਭ ਦਾ ਸਮਾਂ | 27 ਜੂਨ 18 ਅਕਤੂਬਰ | 114 |
| ਦੂਜੇ ਸੂਏ ਦੁੱਧ ਚੰਘਾਉਂਣ ਦਾ ਸਮਾਂ | 18 ਅਕਤੂਬਰ ਤੋ 12 ਦਸਬੰਰ | 56 |
| ਦੋ ਸੂਏ ਲੈਣ ਤੱਕ ਕੁਲ ਸਮਾਂ | 1 ਜਨਵਰੀ ਤੋ 12 ਦਸਬੰਰ | 346 |
| ਤੀਜੀ ਵਾਰ ਗੱਭਣ ਕਰਵਾਉਂਣਾ | 20 ਦਸਬੰਰ | 1 |
|  | ਕੁਲ ਦਿਨ | 354 |

ਜੇਕਰ ਸੂਰੀ ਠੀਕ ਹਾਲਤ ਵਿਚ ਹੋਵੇ ਤਾਂ ਇਸ ਵਿਧੀ ਨਾਲ ਸੂਰੀ ਤੋਂ ਸਾਲ ਵਿਚ ਦੋ ਸੂਏ ਲੈਣ ਤੋਂ ਬਾਅਦ ੧੧ ਦਿਨ ਦਾ ਤੀਜਾ ਗਰਭ ਹੋ ਜਾਂਦਾ ਹੈ। ਮੰਨ ਲਓ ਬੱਚਿਆਂ ਨੂੰ ਹਰ ਸੂਏ ਵਿਚ 6 ਹਫਤੇ ਹੀ ਦੁੱਧ ਚੁੰਘਾਇਆ ਜਾਂਦਾ ਹੈ। ਤਾਂ ਇਸ ਤਰ੍ਹਾਂ ਹਰੇਕ ਸੂਏ ਵਿਚ 2 ਹਫਤੇ ਦਾ ਸਮਾਂ ਅੱਗੇ ਆ ਜਾਂਦਾ ਹੈ। ਅਤੇ ਤੀਸਰੇ ਗਰਭ ਦੇ ਕੁਲ 28 ਦਿਨ ਹੋਰ ਵੱਧ ਜਾਂਦੇ ਹਨ। ਇਸ ਤਰ੍ਹਾਂ ਇਕੋ ਹੀ ਸਾਲ ਵਿਚ ਤੀਜੇ ਗਰਭ ਦਾ ਸਮਾਂ ੧੧ ਦਿਨ ਤੋ ਵੱਧ ਕੇ 39 ਦਿਨ ਹੋ ਜਾਂਦਾ ਹੈ। ਇਸ ਵਿਧੀ ਅਨੁਸਾਰ  ਸੂਰੀ ਤੋਂ ਪ੍ਰਤੀ ਸਾਲ ਔਸਤਨ ਸੂਇਆਂ ਦੀ ਗਿਣਤੀ 2 ਤੋ ਵਧਾ ਕੇ 2.25 -2.5 ਤੱਕ ਹੋ ਜਾਂਦੀ ਹੈ।

**ਸੂਣ ਪਿਛੋਂ ਪ੍ਰਸੂਤ ਖਾਨੇ ਦੀ ਸੰਭਾਲ**

ਸਿਆਲ ਦੇ ਦਿਨਾਂ ਵਿਚ ਕਮਰਾ ਖੁਸ਼ਕ ਅਤੇ ਗਰਮ ਹੋਣਾ ਚਾਹੀਦਾ ਹੈ। ਇਸ ਨਾਲ ਨਮੂਨੀਆ ਆਦਿ ਤੋਂ ਬਚਾਅ ਰਹਿੰਦਾ ਹੈ। ਚੰਗੀ ਗੱਲ ਤਾਂ ਇਹ ਹੈ ਕਿ ਰੋਜ਼ ਰਾਤ ਨੂੰ ਸੁੱਕੀ ਪਰਾਲੀ ਪਾਈ ਜਾਵੇ ਅਤੇ ਸਵੇਰੇ ਕਮਰੇ ਨੂੰ ਸਾਫ ਕੀਤਾ ਜਾਵੇ। ਸਿੱਲ ਅਤੇ ਗੰਦਗੀ ਬਹੁਤ ਸਾਰੇ ਰੋਗ ਫੈਲਾਉਂਦੇ ਹਨ। ਅਤੇ ਬੱਚੇ ਬਹੁਤ ਗਿਣਤੀ ਵਿਚ ਮੋਕ ਅਤੇ ਨਮੂਨੀਏ ਕਾਰਨ ਮਰ ਜਾਂਦੇ ਹਨ। ਸਰਦੀਆਂ ਵਿਚ ਸੂਰੀ ਅਤੇ ਬੱਚਿਆਂ ਨੂੰ ਹਵਾ ਦਾ ਸਿੱਧਾ ਬੁਲਾ ਨਹੀ ਲੱਗਣਾ ਚਾਹੀਦਾ ਨਹੀ ਤਾਂ ਬੱਚਿਆਂ ਨੂੰ ਨਮੂਨੀਆਂ ਹੋ ਸਕਦਾ ਹੈ।

# ਸਾਨ੍ਹ ਸੂਰ ਦੀ ਦੇਖ ਭਾਲ

ਸੂਰ ਦੀ ਨਸਲ ਸੂਰ ਫਾਰਮ ਦੇ ਵਾਧੇ ਵਿਚ ਖਾਸ ਮੱਹਤਵ ਰੱਖਦੀ ਹੈ। ਕਿਉਂਕਿ ਸੂਰੀਆਂ ਦੇ ਮੁਕਾਬਲੇ ਇੱਕਲੇ ਸਾਨ੍ਹ ਸੂਰ ਦਾ ਵੰਸ਼ ਵਿਚ ਅੱਧਾ ਹਿੱਸਾ ਹੁੰਦਾ ਹੈ।

ਇਕ ਚੰਗਾ ਸਾਨ੍ਹ ਸੂਰ ਨਸਲ ਸੁਧਾਰ ਵਿਚ ਬੜੀ ਜਲਦੀ ਸੋਧ ਲਿਆ ਸਕਦਾ ਹੈ। ਕਿਉਂਕਿ ਇਕ ਸਾਨ੍ਹ ਸੂਰ ਇਕ ਸਾਲ ਵਿਚ ੪੦-੫੦ ਸੂਰੀਆਂ ਨੂੰ ਸਹਿਜੇ ਹੀ ਗੱਭਣ ਕਰ ਸਕਦਾ ਹੈ। ਚੰਗੇ ਸਾਨ੍ਹ ਸੂਰ ਨੂੰ ਚੁਨਣ ਲਈ ਆਮ ਤੌਰ ਤੇ ਉਹੀ ਗੱਲਾਂ ਦਾ ਧਿਆਨ ਰਖਣਾ ਚਾਹੀਦਾ ਹੈ ਜਿਹੜੀਆਂ ਕਿ ਇਕ ਚੰਗੀ ਸੂਰੀ ਨੂੰ ਚੁਨਣ ਲਈ। ਪਰ ਫਿਰ ਵੀ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਚੁਣੇ ਹੋਏ ਸੂਰ ਦੇ ਪਤਾਲੂ ਇਕੋ ਜਿਹੇ ਅਤੇ ਕਾਫੀ ਵੱਡੇ ਹੋਣੇ ਚਾਹੀਦੇ ਹਨ।

ਸੂਰੀ ਦੀ ਤਰ੍ਹਾਂ ਸਾਨ੍ਹ ਸੂਰ ਦੇ ਪੇਟ ਤੇ ਘੱਟੋ ਘੱਟ 14 ਥਣ ਹੋਣੇ ਚਾਹੀਦੇ ਹਨ। ਕਿਉਂਕਿ ਸਾਨ੍ਹ ਸੂਰ ਦੁੱਧ ਨਹੀਂ ਦਿੰਦਾ ਇਸ ਲਈ ਉਨ੍ਹਾਂ ਥਣਾਂ ਨੂੰ ਝੂਠੇ ਥਣ ਕਿਹਾ ਜਾਂਦਾ ਹੈ।

ਸੂਰ ਦਾ ਕੇਵਲ ਚੰਗੀ ਨਸਲ ਦਾ ਹੋਣਾ ਹੀ ਕਾਫੀ ਨਹੀਂ ਹੁੰਦਾ ਸਗੋਂ ਉਸ ਦੀ ਸੁਚੱਜੇ ਢੰਗ ਨਾਲ ਸੰਭਾਲ ਕਰਨੀ ਵੀ ਅਗੋਂ ਜ਼ਿਆਦਾ ਬੱਚੇ ਲੈਣ ਵਿਚ ਸਹਾਈ ਹੁੰਦੀ ਹੈ। ਸਾਨ੍ਹ ਸੂਰ ਦੀ ਸੰਭਾਲ ਲਈ ਕੁੱਝ ਗੱਲਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ। ਜਿਨ੍ਹਾਂ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ।

1. ਚੰਗੀ ਅਤੇ ਸੰਤੁਲਿਤ ਖੁਰਾਕ ਤੇ ਠੀਕ ਢੰਗ ਨਾਲ ਪਾਲੇ ਹੋਏ ਸੂਰ 5-6 ਮਹੀਨੇ ਦੀ ਉਮਰ ਤੇ ਜਵਾਨ ਹੋ ਜਾਂਦੇ ਹਨ ਅਤੇ 8 ਮਹੀਨੇ ਦੀ ਉਮਰ ਤੱਕ ਸੂਰੀਆਂ ਨੂੰ ਗੱਭਣ ਕਰਨ ਦੇ ਕਾਬਲ ਹੋ ਜਾਂਦੇ ਹਨ। ਪਰ ਫਿਰ ਵੀ ਉਨ੍ਹਾਂ ਨੂੰ ਇਕ ਸਾਲ ਦੀ ਉਮਰ ਤੱਕ ਜ਼ਿਆਦਾ ਨਹੀ ਵਰਤਿਆ ਜਾਣਾ ਚਾਹੀਦਾ ।
2. ਸ਼ੁਰੂ ਵਿਚ ਜਵਾਨ ਸੂਰ ਕੋਲੋਂ ਹਫਤੇ ਵਿਚ ਇਕ ਵਾਰ ਹੀ ਸੂਰੀ ਗੱਭਣ ਕਰਵਾਉਣੀ ਚਾਹੀਦੀ ਹੈ। ਅਤੇ ਡੇਢ ਸਾਲ ਦੀ ਉਮਰ ਦੇ ਸੂਰ ਤੋਂ ਪੂਰਾ ਕੰਮ ਲੈਣਾ ਚਾਹੀਦਾ ਹੈ। ਸੂਰ ਤੋਂ ਇਕ ਦਿਨ ਵਿਚ ਇਕ ਤੋ ਵੱਧ ਵਾਰ ਮਿਲਾਪ ਕਰਵਾਇਆ ਜਾ ਸਕਦਾ ਹੈ ਪਰ ਹਫਤੇ ਵਿਚ 10 ਤੋਂ ਵੱਧ ਨਹੀਂ।

3. ਸਾਨ੍ਹ ਸੂਰ ਕੋਲੋ ਆਮ ਤੌਰ ਤੇ ਇੱਕ ਸੂਰੀ ਹੀ ਇਕ ਦਿਨ ਵਿਚ ਲਗਵਾਉਂਣੀ ਚਾਹੀਦੀ ਹੈ। ਪਰ ਜੇਕਰ ਸੂਰ ਤੋਂ ਕਾਫੀ ਲੰਬੇ ਸਮੇਂ ਤਕ ਲਗਾਤਾਰ ਸੂਰੀਆਂ ਗੱਭਣ ਕਰਵਾਉਂਦੇ ਰਹੀਏ ਤਾਂ ਸੂਰ ਦੀ ਹਾਲਤ ਨਿਘਰਦੀ ਰਹਿੰਦੀ ਹੈ ਅਤੇ ਉਸ ਤੋਂ ਪੈਦਾ ਹੋਣ ਵਾਲੇ ਬੱਚੇ ਘਟ ਅਤੇ ਕਮਜੋਰ ਵੀ ਹੁੰਦੇ ਹਨ।
4. ਜੇਕਰ ਸਾਨ੍ਹ ਸੂਰ ਚੰਗੀ ਹਾਲਤ ਵਿਚ ਹੋਣ ਤਾਂ ਇਕ ਸਾਨ੍ਹ ਸੂਰ 15- 20 ਸੂਰੀਆਂ ਲਈ ਕਾਫੀ ਹੁੰਦਾ ਹੈ।
5. ਸੂਰ ਨੂੰ ਲੋੜ ਤੋਂ ਵੱਧ ਖੁਰਾਕ ਨਾ ਦਿਓ ਅਤੇ ਹਰ ਰੋਜ਼ ਹਰਾ ਚਾਰਾ ਦੇਣਾ ਕਾਫੀ ਲਾਭਦਾਇਕ ਹੁੰਦਾ ਹੈ।
6. ਮੋਟਾ ਸੂਰ ਸੁਸਤ ਹੋ ਜਾਂਦਾ ਹੈ ਅਤੇ ਚੰਗੀ ਤਰ੍ਹਾਂ ਸੂਰੀ ਗੱਭਣ ਨਹੀਂ ਕਰ ਸਕਦਾ ਇਸ ਲਈ ਇਹ ਜਰੂਰੀ ਹੈ ਕਿ ਜਦੋਂ ਸੂਰ ਮੋਟਾ ਹੋਣ ਲਗੇ ਤਾਂ ਉਸ ਦੀ ਖੁਰਾਕ ਘਟਾ ਦਿਓ ਅਤੇ ਰੋਜ਼ ਦੀ ਵਰਜਿਸ਼ ਵਧਾ ਦਿਓ।
7. ਜੇਕਰ ਸੂਰਾਂ ਨੂੰ ਠੀਕ ਖੁਰਾਕ ਅਤੇ ਠੀਕ ਢੰਗ ਨਾਲ ਨਾ ਪਾਲਿਆ ਜਾਵੇ ਤਾਂ ਉਹ ਨਿਪੁੰਨਸਕ ਵੀ ਹੋ ਜਾਂਦੇ ਹਨ ਠੀਕ ਢੰਗ ਨਾਲ ਪਾਲੇ ਹੋਏ ਸੂਰ ਨਸਲਕਸ਼ੀ ਲਈ ਆਮ ਤੌਰ ਤੇ ੬ ਸਾਲ ਦੀ ਉਮਰ ਤੱਕ ਰੱਖੇ ਜਾ ਸਕਦੇ ਹਨ।
8. ਹੇਹੇ ਵਿਚ ਆਈ ਸੂਰੀ ਨੂੰ ਸਾਨ੍ਹ ਸੂਰ ਦੇ ਨੇੜੇ ਲਿਆ ਕੇ ਉਸਦੀ ਹੁਸ਼ਿਆਰੀ ਨੂੰ ਸਮੇਂ ਸਮੇਂ ਪਰਖਦੇ ਰਹਿਣਾ ਚਾਹੀਦਾ ਹੈ।

ਸਾਨ੍ਹ ਸੂਰ ਨੂੰ ਕਾਬੂ ਕਰਨ ਲਈ ਪਿੱਗ ਕੈਚਰ ਦੀ ਵਰਤੋਂ ਕਰਨੀ ਚਾਹੀਦੀ ਹੈ।



ਪਿੱਗ ਕੈਚਰ

# ਬੱਚਿਆਂ ਦੀ ਸਾਂਭ ਸੰਭਾਲ

ਸੂਰੀ ਤੋਂ ਇਕ ਬੱਚਾ ਲੈਣ ਲਈ ਇਕ ਸੂਰੀ ਨੂੰ 50-60 ਕਿਲੋ ਖੁਰਾਕ ਖੁਆਉਣੀ ਪੈਂਦੀ ਹੈ। ਜੇਕਰ ਬੱਚੇ ਦੇ ਜਨਮ ਤੋਂ ਬਾਅਦ ਇਕ ਬੱਚਾ ਵੀ ਮਰ ਜਾਵੇ ਤਾਂ ਇਸ ਦਾ ਦੂਹਰਾ ਨੁਕਸਾਨ ਹੁੰਦਾ ਹੈ। ਇਕ ਤਾਂ ਖੁਰਾਕ ਦਾ ਜੋ ਕਿ ਸੂਰੀ ਨੂੰ ਦਿੱਤੀ ਗਈ ਸੀ ਦੂਸਰਾ ਬੱਚੇ ਦਾ ਜਿਸਨੂੰ ਵੇਚਕੇ ਪੈਸੇ ਮਿਲਣੇ ਹਨ।

**ਸੂਰਾਂ ਦੀ ਮੌਤ ਦਰ**

ਸੂਰਾਂ ਦੀ ਕੁਲ ਮੌਤ ਦਾ 30-35 ਫੀ ਸਦੀ ਹਿੱਸਾ ਪਹਿਲੇ ਅੱਠ ਹਫਤਿਆਂ ਵਿਚ ਹੁੰਦਾ ਹੈ ਅਤੇ ਦੁੱਧ ਛਡਾਉਣ ਤੋਂ ਵੇਚਣ ਤੱਕ ਮੌਤ ਦੀ ਦਰ ਘਟ ਕੇ 5-10 ਫੀਸਦੀ ਹੀ ਹੁੰਦੀ ਹੈ। ਸੂਰਾਂ ਦੇ ਧੰਦੇ ਤੋ ਵੱਧ ਆਮਦਨ ਲੈਣ ਲਈ ਇਹ ਬਹੁਤ ਜ਼ਰੂਰੀ ਹੈ। ਕਿ ਜਨਮ ਤੋਂ ਅੱਠ ਹਫਤਿਆਂ ਤਕ ਹੋਣ ਵਾਲੀ ਮੌਤ ਦਰ ਨੂੰ ਘਟਾਈਏ। ਬੱਚਿਆਂ ਦੇ ਮਰਨ ਦੇ ਮੁੱਖ ਕਾਰਨ ਇਸ ਪ੍ਰਕਾਰ ਹਨ।

1. ਸਿੱਧੀ ਠੰਡੀ ਹਵਾ
2. ਸਰਦੀਆਂ ਵਿਚ ਘੁਰਨੇ ਦੀ ਸਿੱਲ
3. ਖੁਰਾਕ ਦੀ ਕਮੀ ਕਾਰਨ ਮਾਂ ਦੇ ਦੁਧ ਦੀ ਘਾਟ
4. ਸੂਰੀ ਦੇ ਲੇਟਣ ਸਮੇਂ ਬੱਚਿਆਂ ਦਾ ਸੂਰੀ ਥੱਲੇ ਦੱਬੇ ਜਾਣਾ।

ਇਸ ਨੁਕਸਾਨ ਨੂੰ ਸੂਰੀਆਂ ਸੂਣ ਸਮੇਂ ਚੰਗੀ ਖੁਰਾਕ, ਪ੍ਰਸੂਤ ਖਾਣੇ ਦਾ ਖੁਸ਼ਕ ਰੱਖਣਾ ਅਤੇ ਬੱਚਿਆਂ ਦੇ ਲਤਾੜੇ ਜਾਣ ਦੇ ਡਰ ਤੋਂ ਬਚਾਉਣ ਲਈ ਘੁਰਨੇ ਦੇ ਪਾਸਿਆਂ ਤੇ 10-12 ਇੰਚ ਫਰਸ਼ ਤੋਂ ਉੱਚੇ ਅਤੇ 10-12 ਇੰਚ ਕੰਧਾਂ ਤੋਂ ਹਟਵੇਂ ਜੰਗਲੇ ਲਗਾ ਕਿ ਕਾਫੀ ਹੱਦ ਤਕ ਘਟਾਇਆ ਜਾ ਸਕਦਾ ਹੈ।ਬੱਚਿਆਂ ਨੂੰ ਸਿੱਧੀ ਠੰਢੀ ਹਵਾ ਦੀ ਮਾਰ ਤੋਂ ਰੋਕਣ ਲਈ ਪ੍ਰਸੂਤ ਖਾਨੇ ਦੇ ਵਿਹੜੇ ਵਿਚ ਖੁੱਲਣ ਵਾਲੇ ਦਰਵਾਜੇ ਦੇ ਸਾਹਮਣੇ ਦਰਵਾਜੇ ਦੀ ਉਚਾਈ ਦੇ ਬਰਾਬਰ ਸਿਧੀ ਦੀਵਾਰ ਬਣਾਉਣੀ ਚਾਹੀਦੀ ਹੈ। ਇਹ ਦੀਵਾਰ ਠੰਡੀ ਹਵਾ ਨੂੰ ਰੋਕਣ ਵਿਚ ਕਾਫੀ ਸਹਾਈ ਹੁੰਦੀ ਹੈ।

ਸੂਰ ਘਰ ਵਿਚ ਬੱਚਿਆ ਦੇ ਘੁਰਨੇ ਦਾ ਘੱਟ ਤੋਂ ਘੱਟ ਤਾਪਮਾਨ 75-80$^{0}$ ਫਾਰਨਹੀਟ ਹੋਣਾ ਚਾਹੀਦਾ ਹੈ ਨਹੀਂ ਤਾਂ ਬੱਚਿਆਂ ਨੂੰ ਨਮੂਨੀਆ ਹੋਣ ਦਾ ਡਰ ਹੁੰਦਾ ਹੈ। ਅਤੇ ਬੱਚੇ ਮਰ ਜਾਂਦੇ ਹਨ। ਬੱਚਿਆਂ ਦੀ ਪੈਦਾਇਸ਼ ਉਪਰੰਤ ਨਿਮਨ ਲਿਖਤ ਗੱਲਾਂ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ।

**ਨਾੜੂਆ ਕੱਟਣਾ**

ਬੱਚਿਆਂ ਦਾ ਨਾੜੂਆ ਜੋ ਕਿ ਡੇਢ ਤੋਂ ਦੋ ਫੁਟ ਲੰਬਾ ਹੁੰਦਾ ਹੈ, ਇਸ ਨੂੰ ਧੁੰਨੀ ਤੋਂ ਦੋ ਇੰਚ ਛੱਡ ਕੇ ਕੱਟ ਦਿਓ ਅਤੇ ਉਸ ਉਪਰ ਇੰਕਚਰ ਆਫ ਆਇਓਡੀਨ ਲਾ ਦਿਉ ਕਈ ਵਾਰੀ ਨਾੜੂਆ ਬੱਚਿਆਂ ਦੇ ਸਰੀਰ ਤੇ ਲਿਪਟ ਜਾਂਦਾ ਹੈ ਅਤੇ ਬੱਚੇ ਸੂਰੀ ਦੇ ਥਲੇ ਆ ਕੇ ਮਰ ਜਾਂਦੇ ਹਨ।

**ਦੰਦ ਕੱਟਣਾ**

ਸੂਰੀ ਦੇ ਬੱਚਿਆਂ ਦੇ ਮੂੰਹ ਵਿਚ ਅੱਠ ਸੁਈਆਂ ਵਰਗੇ ਤਿੱਖੇ ਦੰਦ ਹੁੰਦੇ ਹਨ ਇੰਨ੍ਹਾਂ ਦਾ ਬੱਚਿਆਂ ਦੇ ਦੁੱਧ ਚੁੰਘਣ ਨਾਲ ਕੋਈ ਵਾਸਤਾ ਨਹੀਂ ਹੁੰਦਾ।ਨਹੀ ਤਾਂ ਬੱਚੇ ਦੁੱਧ ਚੁੰਘਣ ਵੇਲੇ ਆਪਸ ਵਿਚ ਲੜ ਕੇ ਇਕ ਦੂਜੇ ਦੇ ਅਤੇ ਸੂਰੀ ਦੇ ਥਣਾਂ ਤੇ ਜ਼ਖਮ ਕਰ ਦੇਣਗੇ। ਬੱਚਿਆਂ ਦੇ ਦੰਦ ਬਿਲਕੁਲ ਸਿੱਧੇ ਕੱਟੇ ਜਾਣ ਅਤੇ ਉਨ੍ਹਾਂ ਦੇ ਮੂੰਹ ਵਿਚ ਜਖਮ ਵੀ ਨਾ ਹੋਣ।ਇਹ ਦੰਦ ਉਤਲੇ ਅਤੇ ਹੇਠਲੇ ਜਬਾੜੇ ਦੇ ਦੋਹੀਂ ਪਾਸੇ 2-2 ਹੁੰਦੇ ਹਨ। ਇਨ੍ਹਾਂ ਨੂੰ ਪਹਿਲੇ ਦਿਨ ਹੀ ਕੱਟ ਦੇਣਾ ਚਾਹੀਦਾ ਹੈ



ਦੰਦ ਕਟਣ ਦੀ ਠੀਕ ਵਿੱਧੀ



ਪਲਾਇਰ

**ਨੰਬਰ ਲਗਾਉਣਾ**

ਸੂਰਾਂ ਦੀ ਪੂਰੀ ਪਛਾਣ, ਉਨ੍ਹਾਂ ਦੇ ਵੱਧਣ ਫੁੱਲਣ ਦੀ ਰਫਤਾਰ ਅਤੇ ਬੱਚਿਆਂ ਦੇ ਦਾਣੇ, ਬਿਮਾਰੀ ਆਦਿ ਦਾ ਰਿਕਾਰਡ ਰੱਖਣ ਵਾਸਤੇ ਬੱਚਿਆ ਦੇ ਕੰਨਾਂ ਤੇ ਨਿਸ਼ਾਨ ਜਾਂ ਨੰਬਰ ਲਗਾਉਣਾ ਬਹੁਤ ਜਰੂਰੀ ਹਨ। ਆਮ ਤੌਰ ਤੇ ਕੰਨਾਂ ਤੇ ਨੰਬਰ 2-3 ਹਫਤੇ ਦੀ ਉਮਰ ਤੇ ਲਗਾਉਣੇ ਚਾਹੀਦੇ ਹਨ।

**ਨੰਬਰ ਲਗਾਉਣ ਦੀ ਵਿਧੀ**

ਸੂਰਾਂ ਨੂੰ ਕੰਨਾਂ ਤੇ ਨੰਬਰ ਟੈਟੂਇੰਗ ਮਸ਼ੀਨ ਨਾਲ ਲਗਾਏ ਜਾਂਦੇ ਹਨ। ਸੂਰੀ ਨੂੰ ਨੰਬਰ ਲਗਾਉਂਣ ਵੇਲੇ ਨੰਬਰਾਂ ਦਾ ਗੋਲ ਪਾਸਾ ਮਸ਼ੀਨ ਦੇ ਅੰਦਰਲੇ ਪਾਸੇ ਰਖਣਾ ਚਾਹੀਦਾ ਹੈ। ਬੱਚਿਆਂ ਦੇ  ਕੰਨਾਂ ਤੇ ਕਾਲੇ ਰੰਗ ਦੀ ਸਿਆਹੀ (ਟੈਟੂਇੰਗ ਇੰਕ) ਲਗਾ ਕੇ ਮਸ਼ੀਨ ਦਾ ਪੈਡ ਵਾਲਾ ਹਿੱਸਾ ਕੰਨਾਂ ਦੇ ਹੇਠਲੇ ਪਾਸੇ ਰੱਖ ਕੇ ਘੁੱਟ ਕੇ ਦਬਾਓ ਤਾਂ ਜੋ ਸੂਈਆਂ ਕੰਨਾ ਦੇ ਆਰ ਪਾਰ ਹੋ ਜਾਣ। ਕੰਨਾਂ ਵਿਚੋਂ ਨੰਬਰ ਕੱਢਣ ਤੋਂ ਬਾਅਦ ਕੰਨਾਂ ਤੇ ਦੁਬਾਰਾ ਸਿਆਹੀ ਲਗਾਓ। ਇਸ ਤਰ੍ਹਾਂ ਕੰਨਾਂ ਵਿਚ ਹੋਈਆਂ ਮੋਰੀਆਂ ਵਿਚ ਸਿਅਹੀ ਜਮ੍ਹਾਂ ਹੋ ਜਾਵੇਗੀ। ਜਿਵੇਂ ਜਿਵੇ ਬੱਚੇ ਵੱਡੇ ਹੁੰਦੇ ਜਾਣਗੇ ਉਸੇ ਤਰ੍ਹਾਂ ਕੰਨਾਂ ਤੇ ਲਗੇ ਨੰਬਰਾਂ ਦਾ ਆਕਾਰ ਵੀ ਵੱਡਾ ਹੁੰਦਾ ਜਾਵੇਗਾ।



ਟੈਟੂਇੰਗ ਮਸ਼ੀਨ

ਬੱਚਿਆਂ ਦੇ ਨੰਬਰ ਕੰਨਾਂ ਨੂੰ ਵੱਖ ਵੱਖ ਜਗ੍ਹਾਂ ਤੇ ਕੁਤਰ ਕੇ ਵੀ ਲਗਾਏ ਜਾਂਦੇ ਹਨ। ਕੰਨ ਦੇ ਹਰੇਕ ਕੋਨੇ ਤੇ ਕੁਤਰਨ ਦੇ ਨਿਸ਼ਾਨ ਦਾ ਖਾਸ ਨੰਬਰ ਹੰਦਾ ਹੈ।



ਕੰਨ ਕੁਤਰਨਾ




**ਖੂਨ ਦੀ ਘਾਟ**

ਸੂਰੀ ਦੇ ਦੁੱਧ ਵਿਚ ਲੋਹੇ ਦੀ ਮਾਤਰਾ ਬਹੁਤ ਹੀ ਘੱਟ ਹੁੰਦੀ ਹੈ। ਜਿਸ ਨਾਲ ਬੱਚਿਆਂ ਵਿਚ ਖੂਨ ਦੀ ਕਮੀ ਕਾਰਨ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਇਹ ਆਮ ਤੌਰ ਤੇ ਉਨ੍ਹਾਂ ਬੱਚਿਆਂ ਵਿਚ ਦੇਖਣ ਵਿਚ ਆਉਂਦੀ ਹੈ ਜਿਹੜੇ ਸੂਰ ਘਰ ਵਿਚ ਹੀ ਸੂਰੀ ਨਾਲ ਰਖੇ ਜਾਂਦੇ ਹਨ ਬੱਚਿਆਂ ਨੂੰ ਬਾਹਰ ਘਾਹ, ਆਦਿ ਚਰਨ ਲਈ ਜਾਂ ਘਾਹ ਅਤੇ ਮਿਟੀ ਸੂਰ ਵਾੜੇ ਵਿਚ ਪਾ ਦੇਣ ਨਾਲ ਅਨੀਮੀਆਂ ਘਟਾਇਆ ਜਾ ਸਕਦਾ ਹੈ। ਬੱਚਿਆਂ ਨੂੰ ਫਰਸੋਲੇਟ ਦੀਆਂ ਗੋਲੀਆਂ ਜਾਂ ਫਿਰ ਆਇਰਨ ਦੇ ਡੈਕਸਰਟਾਨ  ਦਾ ਟੀਕਾ ਇਕ ਹਫਤੇ ਤੋਂ ਦੋ ਹਫਤੇ ਦੀ ਉਮਰ ਤੇ ਲਗਾਉਣਾ ਚਾਹੀਦਾ ਹੈ। ਜੇਕਰ ਟੀਕਾ ਨਾ ਲਗਾਉਣਾ ਹੋਵੇ ਤੇ ਇਸ ਹਾਲਤ ਵਿਚ ਸੂਰੀ ਦੇ ਥਣਾਂ ਤੇ ਫੈਰਸ ਸੱਲਫੇਟ ਦਾ ਛਿੜਕਾ ਰੋਜ਼ ਕਰੀਏ ਤਾਂ ਵੀ ਬੱਚਿਆਂ ਨੂੰ ਅਨੀਮੀਏ ਤੋਂ ਬਚਾਇਆ ਜਾ ਸਕਦਾ ਹੈ।



ਸੂਰਾਂ ਨੂੰ ਪੱਟ ਤੇ ਟੀਕਾ ਲਗਾਉਣ

**ਦਸਤ ਲਗਣੇ**

ਦੇਖਣ ਵਿਚ ਆਂਉਦਾ ਹੈ ਕਿ ੨-੩ ਹਫਤੇ ਦੀ ਉਮਰ ਵਿਚ ਬੱਚਿਆਂ ਨੂੰ ਪੀਲੇ ਰੰਗ ਦੇ ਦਸਤ ਲੱਗ ਜਾਂਦੇ ਹਨ। ਜਿੱਸ ਨੂੰ ਸਕੋਰ ਜਾਂ ਪਿਗਲੈਟ ਡਾਇਰੀਆ ਆਖਦੇ ਹਨ ਇਸ ਨਾ ਮੁਰਾਦ ਬਿਮਾਰੀ ਦੀ ਰੋਕਥਾਮ ਸੂਰੀ ਦੀ ਖੁਰਾਕ ਵਿਚ ਕੋਈ ਐਨਟੀਬਾਇਟਿਕਸ ਦਵਾਈ ਮਿਲਾ ਕੇ ਕੀਤੀ ਜਾ ਸਕਦੀ ਹੈ।

**ਕਰੀਪ ਦਾਣਾ**

ਤਿੰਨ ਹਫਤਿਆਂ ਦੀ ਉਮਰ ਤੇ ਬੱਚੇ ਸੁੱਕੇ ਦਾਣੇ ਨੂੰ ਥੋੜਾ ਮੂੰਹ ਮਾਰਨ ਲੱਗ ਜਾਂਦੇ ਹਨ। ਉਂਜ ਵੀ ਸੂਰੀ ਦੇ ਥੱਲੇ ਦੁੱਧ ਘੱਟਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਬਚਿਆਂ ਨੂੰ ਛੇਤੀ ਉਸਰਨ ਵਾਲੀ ਅਤੇ ਸੁਆਦਲੀ ਖੁਰਾਕ ਜਿਸ ਵਿਚ ਸੀਰਾ ਮਿਲਿਆ ਹੋਵੇ ਪਾਉਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਇਹ ਖੁਰਾਕ ਪ੍ਰਸੂਤ ਖਾਨੇ ਵਿਚ ਬਣੀ ਅਲੱਗ ਜਗ੍ਹਾ (ਕਰੀਪ) ਵਿਚ ਰੱਖਣੀ ਚਾਹੀਦੀ ਹੈ।

**ਖੱਸੀ ਕਰਨਾ**

ਸਾਰੇ ਨਰ ਸੂਰ ਜੋ ਨਸਲਕਸ਼ੀ ਵਾਸਤੇ ਨਾ ਰਖਣੇ ਹੋਣ ਨੂੰ ੫ ਹਫਤੇ ਦੀ ਉਮਰ ਤੋ ਪਹਿਲਾਂ ਹੀ ਖੱਸੀ ਕਰ ਦੇਣਾ ਚਾਹੀਦਾ ਹੈ। ਇਸ ਵੇਲੇ ਬੱਚਿਆਂ ਨੂੰ ਫੜਨਾ ਬੜਾ ਆਸਾਨ ਹੁੰਦਾ ਹੈ। ਚੀਰਾ ਵੀ ਛੋਟਾ ਜਿਹਾ ਹੀ ਦੇਣਾ ਪੈਂਦਾ ਹੈ। ਅਤੇ ਜ਼ਖਮ ਵੀ ਜਲਦੀ ਠੀਕ ਹੋ ਜਾਂਦੇ ਹਨ। ਬੱਚੇ ਖੱਸੀ ਕਰਨਾ ਕੋਈ ਔਖੀ ਗੱਲ ਨਹੀਂ ਸਗੋਂ ਇਹ ਇਕ ਬੜਾ ਹੀ ਅਸਾਨ ਤਰੀਕਾ ਹੈ। ਜਿਸ ਵਿਚ ਇਕ ਵਿਅਕਤੀ ਬੱਚੇ ਦਾ ਮੂੰਹ ਅਤੇ ਅਗਲੀਆਂ ਲੱਤਾਂ ਆਪਣੀਆਂ ਲੱਤਾਂ ਵਿਚ ਕਾਬੂ ਕਰਦਾ ਹੈ। ਅਤੇ

ਪਿਛਲੀਆਂ ਲੱਤਾਂ ਨੂੰ ਅੱਡ ਅੱਡ ਹੱਥਾਂ ਵਿਚ ਫੜ ਲੈਂਦਾ ਹੈ। ਦੂਸਰਾ ਵਿਅਕਤੀ ਅੰਡਕੋਸ਼ਾ ਦੇ ਆਲੇ ਦੁਆਲੇ ਵਾਲ ਕੱਟਣ ਤੋਂ ਬਾਅਦ ਟਿੰਚਰ ਲਗਾ ਕੇ ਆਪਣੀਆਂ ਉਂਗਲਾਂ ਵਿਚ ਦਬਾ ਲੈਂਦਾ ਹੈ ਅਤੇ ਦੂਜੇ ਹੱਥ ਨਾਲ ਚੀਰਾ ਦੇ ਦਿੰਦਾ ਹੈ।ਦੋਹਾਂ ਪਤਾਲੂਆਂ ਨੂੰ ਅਲੱਗ ਅਲੱਗ ਚੀਰੇ ਦਿਓ ਪਤਾਲੂ ਨੂੰ ਬਾਹਰ ਖਿੱਚਣ ਤੋਂ ਬਾਅਦ ਖੂਨ ਦੀਆਂ ਨਾੜਾਂ ਨੂੰ ਬੰਨ੍ਹ ਕੇ ਪਤਾਲੂ



ਖੱਸੀ ਕਰਨ ਲਈ ਨੂੰ ਪਕੜਨਾ



ਖੱਸੀ ਕਰਨ ਵੇਲੇ ਸੂਰਾਂ ਨੂੰ ਪਕੜਣ ਦੀ ਵਿਧੀ



ਖੱਸੀ ਕਰਨ ਲੱਗਿਆਂ ਨਾੜ ਅਤੇ ਝਿੱਲੀ ਨੂੰ ਬੰਨਣਾ

ਕੱਟ ਲਏ ਜਾਂਦੇ ਹਨ ਬਾਅਦ ਵਿਚ ਟਿੰਕਚਰ ਜਰੂਰ ਲਗਾਉਣਾ ਚਾਹੀਦਾ ਹੈ। ਜ਼ਖਮ ਕੁਝ ਹੀ ਦਿਨਾਂ ਵਿਚ ਭਰ ਜਾਂਦੇ ਹਨ। ਖੱਸੀ ਕਰਨ ਤੋਂ ਬਾਅਦ ਬੱਚਿਆਂ ਦੇ ਜ਼ਖਮ ਖੁੱਲੇ ਹੀ ਛੱਡਣੇ ਚਾਹੀਦੇ ਹਨ।

**ਦੁਧ ਛੱਡਣ ਵਾਲੇ ਬੱਚਿਆਂ ਦੀ ਦੇਖ ਭਾਲ:** ਬੱਚਿਆਂ ਦਾ ਦੁੱਧ ਛੁਡਾਉਣ ਤੋਂ ਭਾਵ ਬੱਚਿਆਂ ਨੂੰ ਮਾਂ ਤੋਂ ਵਖਰਾ ਕਰਨਾ ਹੁੰਦਾ ਹੈ। ਤਾਂ ਜੋ ਉਹ ਸੁਤੰਤਰ ਜੀਵਨ ਬਤੀਤ ਕਰਨਾਂ ਆਰੰਭ ਦੇਣ। ਦੁੱਧ ਛੁਡਾਉਣ ਵੇਲੇ ਬੱਚੇ ਸੂਰੀ ਤੋਂ ਪਰ੍ਹੇ ਨਹੀ ਕਰਨੇ ਚਾਹੀਦੇ ਸਗੋਂ ਸੂਰੀ ਨੂੰ ਬੱਚਿਆਂ ਵਾਲੇ ਖਾਨੇ ਤੋਂ ਅਲੱਗ ਕਰਨਾ ਚਾਹੀਦਾ ਹੈ। ਜੇਕਰ ਬੱਚੇ ਅਲੱਗ ਖਾਨੇ ਵਿਚ ਵਾੜੇ ਜਾਣ ਤਾਂ ਉਹ ਇਕ ਤਾਂ ਆਪਣੇ ਆਪ ਨੂੰ ਮਾਂ ਤੋਂ ਵਖਰਿਆਂ ਹੋਣ ਦਾ ਹੇਰਵਾ ਮੰਨਣਗੇ ਅਤੇ ਓਪਰੀ ਥਾਂ ਹੋਣ ਕਾਰਨ ਦਾਣਾ ਖਾਣਾ ਬੰਦ ਕਰ ਦੇਣਗੇ ਜਿਸ ਨਾਲ ਬੱਚਿਆਂ ਦਾ ਭਾਰ ਵੱਧਣਾ ਰੁੱਕ ਜਾਂਦਾ ਹੈ।

ਆਮ ਤੌਰ ਤੇ ਬੱਚਿਆਂ ਨੂੰ 8 ਹਫਤੇ ਦੀ ਉਮਰ ਤੇ ਦੁੱਧੋਂ ਛੁਡਾਇਆ ਜਾਂਦਾ ਹੈ। ਬਾਹਰਲੇ ਦੇਸ਼ਾਂ ਵਿਚ ਘੱਟ ਉਮਰ (3-4 ਹਫਤੇ) ਤੇ ਚੰਗੀ ਅਤੇ ਸੰਤੁਲਿਤ ਖੁਰਾਕ ਦੀ ਸਹਾਇਤਾ ਨਾਲ ਦੁੱਧੋਂ ਛੁਡਾਇਆ ਜਾਂਦਾ ਹੈ। ਬੱਚਿਆਂ ਨੂੰ ਦੁਧੋਂ ਛਡਾਉਣ ਲਈ ਜੇਕਰ ਬੱਚਿਆਂ ਦੀ ਉਮਰ ਦੀ ਬਜਾਏ ਉਨ੍ਹਾਂ ਦੇ ਭਾਰ ਮੁਤਾਬਿਕ ਦੁਧੋਂ ਛੁਡਾਇਆ ਜਾਵੇ ਜਦੋਂ ਉਨਾਂ ਦਾ ਭਾਰ 8-10

ਕਿਲੋ ਹੋਵੇ ਤਾਂ ਹੋਰ ਵੀ ਫਾਇਦੇ ਮੰਦ ਹੁੰਦਾ ਹੈ। ਇਸ ਤਰ੍ਹਾਂ ਕਰਨ ਨਾਲ ਪਿਛੇ ਰਹਿੰਦੇ ਬੱਚਿਆਂ ਨੂੰ ਦੁੱਧ ਵਧੇਰੇ ਮਿਲਣਾ ਸ਼ੁਰੂ ਹੋ ਜਾਂਦਾ ਹੈ ਅਤੇ ਉਹ ਵੀ ਤੇਜ਼ੀ ਨਾਲ ਵੱਧਦੇ ਹਨ।

**ਬੱਚਿਆਂ ਨੂੰ ਮੱਲਪ ਰਹਿਤ ਕਰਨਾਂ**

ਸੂਰਾਂ ਵਿਚ ਆਮ ਪਾਇਆ ਜਾਣ ਵਾਲਾ ਮੱਲਪ ਐਸਕੇਰੀਸ ਹੁੰਦਾ ਹੈ। ਜਦੋਂ ਬੱਚਿਆਂ ਨੂੰ ਮਾਂ ਤੋਂ ਵੱਖਰਿਆ ਕੀਤਾ ਜਾਂਦਾ ਹੈ। ਤਾਂ ਉਨਾਂ ਨੂੰ ਖੁਰਾਕ ਵਿਚ ਪਿਪਰਾਜ਼ੀਨ ਦਵਾਈ ਪਾ ਕੇ ਮਲੱਪ ਰਹਿਤ ਕਰ ਦੇਣਾ ਚਾਹੀਦਾ ਹੈ। ਦੋ ਗ੍ਰਾਮ ਪਿਪਰਾਜ਼ੀਨ ਸੂਰ ਦੇ 10 ਕਿਲੋ ਭਾਰ ਲਈ ਕਾਫੀ ਹੁੰਦਾ ਹੈ।

**ਸੂਰ ਹੈਜੇ ਤੋਂ ਰੋਕਥਾਮ**

ਸੂਰਾਂ ਨੂੰ ਸੂਰ ਹੈਜੇ ਵਰਗੀ ਭਿਆਂਨਕ ਬਿਮਾਰੀ ਤੋਂ ਸੁੱਰਖਿਅਤ ਰੱਖਣ ਲਈ ਦੁਧੋਂ ਛੁਡਾਏ ਬੱਚਿਆਂ ਨੂੰ ਲੇਪੇਨਾਈਜ਼ਡ ਸਵਾਈਨ ਫੀਵਰ ਦੇ ਟੀਕੇ ਜ਼ਰੂਰ ਲਗਵਾਏ ਜਾਣ ਕਿਉਂਕਿ ਇਸ ਬਿਮਾਰੀ ਕਾਰਨ ਭਾਰੀ ਨੁਕਸਾਨ ਹੋ ਸਕਦਾ ਹੈ। ਇਹ ਟੀਕਾ ਹਰ ਸਾਲ ਲਗਵਾਉਣਾ ਚਾਹੀਦਾ ਹੈ।



ਛੋਟੇ ਬੱਚਿਆਂ ਨੂੰ ਪਕੜਨ ਦਾ ਤਰੀਕ



ਬੱਚਿਆਂ ਨੂੰ ਪਕੜਨ ਦਾ ਠੀਕ ਤਰੀਕਾ

# ਸੂਰ ਪਾਲਣ ਦੇ ਧੰਦੇ ਵਿੱਚ ਰੋਜ਼ਾਨਾ ਰੁਝੇਵੇ

ਸੂਰ ਉਤਪਾਦਨ ਵਿੱਚ ਬਹੁਤ ਸਾਰੇ ਰੋਜ਼ਾਨਾ ਅਤੇ ਸਮਾਂਬੱਧ ਕੰਮ ਜੁੜੇ ਹੋਏ ਹਨ। ਜੇਕਰ ਸੂਰ ਪਾਲਕ ਇਨ੍ਹਾਂ ਕਾਰਜਾਂ ਵੱਲ ਧਿਆਨ ਦੇਣ ਤਾਂ ਸੂਰ ਪਾਲਣ ਦਾ ਧੰਦਾ ਬਹੁਤ ਹੀ ਲਾਭਦਾਇਕ ਸਹਾਇਕ ਧੰਦਾ ਸਿੱਧ ਹੋ ਸਕਦਾ ਹੈ।

| ਅਨੁਮਾਨਤ ਸਮਾਂ | ਰੋਜ਼ਾਨਾ | ਸਮਾਂ ਬੱਧ |
|---|---|---|
| ਗਰਮੀ ਆਂ ਸਵੇਰੇ 6 ਤੋ 8 ਵਜੇ ਤੱਕ<br><br>ਸਰਦੀ ਆਂ ਸਵੇਰੇ 8 ਵਜੇ ਤੋ 10 ਵਜੇ ਤੱਕ | 1. ਸੂਰ ਘਰਾਂ ਨੂੰ ਸਾਫ ਕਰਨਾ ਅਤੇ ਨਾਲ ਹੀ ਫਾਰਮ ਦਾ ਆਲਾ ਦੁਆਲਾ ਸਾਫ ਕਰਨਾ।<br>2. ਬਿਮਾਰ ਸੂਰਾਂ ਨੂੰ ਭਾਲਣਾ ਅਤੇ ਉਨ੍ਹਾਂ ਨੂੰ ਵੱਖ ਕਰਨਾ<br>3.ਸੂਰਾਂ ਨੂੰ ਸਵੇਰੇ ਦਾਣਾ ਪਾਓਣਾ<br>4. ਖੁਰਲੀਆਂ ਵਿੱਚ ਪਾਣੀ ਭਰਨਾ।<br>5. ਹੇਹੇ ਵਿੱਚ ਆਈਆਂ ਜਵਾਨ ਅਤੇ ਵੱਡੀਆਂ ਸੂਰੀਆਂ ਨੂੰ ਵੱਖ ਕਰ ਲਓ ਅਤੇ ਸਾਨ੍ਹ ਸੂਰ ਨਾਲ ਮਿਲਾਉਣ ਲਈ ਸਾਨ੍ਹ ਸੂਰ ਦੇ ਖਾਨੇ ਵਿੱਚ ਲੈ ਜਾਓ।<br>6. ਗੱਭਣ ਸੂਰੀਆਂ ਨੂੰ ਵੱਖ ਕਰ ਲਓ<br>7.ਸੂਣ ਵਾਲੀਆਂ ਸੂਰੀਆਂ ਨੂੰ ਪ੍ਰਸੂਤ ਖਾਨੇ ਵਿੱਚ ਲੈ ਜਾਓ।<br>8. ਮੰਡੀ ਵਿੱਚ ਲਿਜਾਣ ਵਾਲੇ ਸੂਰਾਂ ਨੂੰ ਉਨ੍ਹਾਂ ਦੀ ਮਰਜ਼ੀ ਮੁਤਾਬਿਕ ਵਧੇਰੇ ਦਾਣਾ ਪਾਓ | 1. ਸੂਰਾਂ ਦਾ ਭਾਰ ਤੋਲਣਾ<br>2. ਨੋਕਦਾਰ ਦੰਦ ਕੱਟਣੇ(1-2 ਦਿਨ)<br>3. ਨਰ ਸੂਰਾਂ ਨੂੰ ਖੱਸੀ ਕਰਨਾ(3-4 ਹਫ਼ਤੇ)<br>4. ਸੂਰਾਂ ਦਾ ਟੀਕਾਕਰਣ (ਸਵਾਈਨ ਫੀਵਰ, ਮੂੰਹ ਖੁਰ ਆਦਿ)<br>5. ਸੂਰਾਂ ਵਿੱਚ ਟੈਗਿੰਗ ਜਾਂ ਟੈਟੂਇੰਗ ਆਦਿ ਕਰਨਾ<br>6. ਵੇਚਣ ਯੋਗ ਸੂਰਾਂ ਨੂੰ ਵੇਚਣਾ<br>7. ਕਿਰਮ ਰਹਿਤ ਕਰਨਾ<br>8. ਸੂਰਾਂ ਦੇ ਜ਼ਖ਼ਮਾਂ ਤੇ ਦਵਾਈ ਲਗਾਉਣੀ<br>9. ਬਿਮਾਰ ਸੂਰਾਂ ਦਾ ਇਲਾਜ ਕਰਨਾ।<br>10.ਸੂਰਾਂ ਦੀ ਖੁਰਾਕ ਦਾ ਪ੍ਰਬੰਧ ਅਤੇ ਉਸਨੂੰ ਤਿਆਰ ਕਰਨਾ।<br>11.ਬੱਚਿਆਂ ਨੂੰ ਦੁੱਧ ਛੁਡਾਉਣਾ<br>12. ਖੁਰਲੀਆਂ ਦੀ ਅੰਦਰੋ ਹਫਤਾਵਾਰੀ ਸਫਾਈ ਅਤੇ ਧੁਆਈ ਕਰਨਾ<br>13. ਫਾਰਮ ਦੀ ਖਰੀਦੋ-ਫਰੋਖਤ ਦਾ ਧਿਆਨ ਕਰਨਾ। |
| ਗਰਮੀ ਆਂ ਸਵੇਰੇ 8 ਵਜੇ ਤੋ 10 ਵਜੇ ਤੱਕ<br><br>ਸਰਦੀ ਆਂ ਸਵੇਰੇ 10 ਵਜੇ ਤੋ ਦੱਪਹਿਰ 12 ਵਜੇ ਤੱਕ | 1. ਸੂਰ ਘਰਾਂ ਨੂੰ ਫਰਨੈਲ ਜਾਂ ਲਾਲ ਦਵਾਈ ਨਾਲ ਰੋਗਾਣੂੰ-ਮੁਕਤ ਕਰਨਾ<br>2.ਸੂਰ ਘਰਾਂ ਚੋ ਖਾਦ ਇੱਕਠੀ ਕਰਕੇ ਡੂੰਘਾ ਟੋਆ ਪੁੱਟ ਕੇ ਦਬਾਅ ਦਿਓ ਨਹੀ ਤਾਂ ਗੋਬਰ ਗੈਸ ਪਲਾਂਟ ਵਿੱਚ ਪਾ ਦਿਓ<br>3. ਸੂਰਾਂ ਨੂੰ ਨਵ੍ਹਾਉਣਾ - ਗਰਮੀਆਂ ਦੇ ਮੌਸਮ ਵਿੱਚ ਸੂਰਾਂ ਨੂੰ ਰੋਜ਼ਾਨਾ ਦੋ ਵਾਰ ਨਹਾਉਣਾ ਚਾਹੀਦਾ ਹੈ ਪਰ ਸਰਦੀਆਂ ਦੇ ਮੌਸਮ ਵਿੱਚ ਮੌਸਮ ਨੂੰ ਦੇਖਦੇ ਹੋਏ ਸੂਰਾਂ ਨੂੰ ਸਾਫ ਕਰੋ।<br>4. ਜੇਕਰ ਸੂਰੀ ਗ__ਭਣ ਹੋਵੇ ਤਾਂ ਉਸਦਾ ਹਵਾਨਾ ਚੰਗੀ ਤਰ੍ਹਾਂ ਸਾਫ ਕਰ ਦਿਓ ਤਾਂ ਕਿ ਨਵੇ ਜੰਮੇ ਬੱਚਿਆਂ ਨੂੰ ਦੁੱਧ ਪੀਣ ਵੇਲੇ ਕੋਈ ਮੁਸ਼ਕਿਲ ਨਾ ਆਵੇ। | |

| | | |
|---|---|---|
| 1 ਵਜੇ ਤੋ ਸ਼ਾਮ 5 ਵਜੇ ਤੱਕ | 1. ਸੂਣ ਵਾਲੀਆ ਸੂਰੀਆਂ ਲਈ ਪ+ਸੂਤ ਖਾਨੇ ਦੀ ਮੌਸਮ ਮੁਤਾਬਕ ਤਿਆਰੀ ਕਰੋ। ਸਰਦੀਆਂ ਦੇ ਮੌਸਮ ਵਿੱਚ ਥੱਲੇ ਪਰਾਲੀ ਜਾਂ ਫੱਕ ਪਾਓ।<br>2. ਖੁਰਲੀ ਵਿਚ ਸਾਫ ਪਾਣੀ ਪਾਓ।<br>3.ਰੋਸ਼ਨੀ ਦਾ ਪ੍ਰਬੰਧ ਕਰੋ।<br>4. ਕਰੀਪ ਵਿੱਚ ਬੱਲਬ ਲਾਧ ਅਤੇ ਥੱਲੇ ਫੱਕ ਵਿਛਾਓ<br>5. ਖਾਨੇ ਨੂੰ ਸਿੱਧੀ ਹਵਾ ਤੋ ਬਚਾਉਣ ਵਾਸਤੇ ਪੱਲੀ ਆਦਿ ਲਗਾਓ।<br>6.ਫਾਰਮ ਰਿਕਾਰਡ ਰਜ਼ਿਸਟਰਾਂ (ਰੋਜ਼ਾਨਾ ਲਾਈਵ ਸਟਾਕ ਰਜ਼ਿਸਟਰ, ਰੋਜ਼ਾਨਾ ਫੀਡ ਰਜ਼ਿਸਟਰ, ਜਨਮ ਰਜ਼ਿਸਟਰ, ਦਵਾਈਆਂ ਦਾ ਰਜ਼ਿਸਟਰ, ਸੂਰੀਆਂ ਅਤੇ ਔਸਰ ਸੂਰੀਆਂ ਦਾ ਰਜ਼ਿਸਟਰ, ਸੇਲ ਰਜ਼ਿਸਟਰ, ਮੌਤਾਂ/ਪੋਸਟਮਾਰਟਮ ਰਜ਼ਿਸਟਰ ਆਦਿ) ਵਿੱਚ ਰੋਜ਼ਾਨਾ ਇੰਦਰਾਜ ਕਰਨਾ<br>7. ਸੂਰਾਂ ਨੂੰ ਦਾਣਾ ਪਾਓਂਣਾ<br>8. ਬਿਮਾਰ ਸੂਰਾਂ ਨੂੰ ਦਵਾਈ ਦੇਣਾ<br>9. ਸੂਰ ਘਰਾਂ ਦੀ ਸਫ਼ਾਈ ਕਰਨਾ<br>10. ਦੁੱਧ ਪਿਲਾਉਣ ਵਾਲੀਆਂ ਸੂਰੀਆਂ ਅਤੇ ਬੱਚਿਆਂ ਦੀ ਨਿਗਰਾਨੀ ਕਰਨਾ | |

ਸ਼ਾਮ ਦੇ 4:00 ਵਜੇ ਤੋ ਬਾਦ ਚੌਕੀਦਾਰ ਦੀ ਡਿਊਟੀ ਸ਼ੁਰੂ ਹੋ ਜਾਂਦੀ ਹੈ। ਚੌਕੀਦਾਰ ਮਿਹਨਤੀ ਅਤੇ ਇਮਾਨਦਾਰ ਹੋਣਾ ਚਾਹੀਦਾ ਹੈ। ਸਰਦੀਆਂ ਦੇ ਦਿਨਾਂ ਵਿੱਚ ਚੌਕੀਦਾਰ ਨੂੰ ਚਾਹੀਦਾ ਹੈ ਕਿ ਸੂਣ ਵਾਲੀਆਂ ਸੂਰੀਆਂ ਅਤੇ ਛੋਟੇ ਬੱਚੇ ਸੂਰ ਘਰਾਂ ਦੇ ਅੰਦਰ ਕਰ ਦੇਵੋ ਤਾਂ ਜੋ ਸਰਦੀ ਤੋ ਬਚਾਇਆ ਜਾ ਸਕੇ। ਸਮੇ ਸਿਰ ਸੂਰ ਘਰ ਵਿੱਚ ਰੋਸ਼ਨੀ ਜਗਾ ਦੇਵੋ।

ਗਰਮੀ ਆਂ ਵਿੱਚ ਸਵੇਰੇ 5:30-6:00 ਵਜੇ ਸਾਰੇ ਸੂਰਾਂ ਨੂੰ ਉਠਾ ਕੇ ਬਾਹਰ ਖੁੱਲ੍ਹੇ ਥਾਂ ਵਿੱਚ ਕੱਢੋ ਤਾਂ ਕਿ ਸੂਰ ਗੋਹਾ ਅਤੇ ਪਿਸ਼ਾਬ ਕਰ ਲੈਣ ਜੇਕਰ ਅਜਿਹਾ ਨਹੀ ਕਰੋਗੇ ਤਾਂ ਸੂਰ ਅੰਦਰ ਸੋਣ ਵਾਲੀ ਥਾਂ ਤੇ ਪਿਸ਼ਾਬ ਆਦਿ ਕਰ ਦੇਣਗੇ ਜੋ ਜਾਨਵਰਾਂ ਵਿਚ ਗੰਦੀ ਆਦਤ ਬਣ ਜਾਵੇਗੀ।

# ਪ੍ਰਦਰਸ਼ਨੀ ਲਈ ਸੂਰਾਂ ਦੀ ਤਿਆਰੀ

ਸਰਕਾਰ ਨੇ ਪਸ਼ੂ ਪਾਲਣ ਦੇ ਕਿੱਤੇ ਨੂੰ ਪ੍ਰਫੁਲਿਤ ਕਰਨ ਲਈ ਅਤੇ ਕਿਸਾਨ ਵੀਰਾਂ ਨੂੰ ਚੰਗੀ ਸੇਧ ਦੇਣ ਅਤੇ ਉਨ੍ਹਾਂ ਦੀ ਹੌਂਸਲਾ ਅਫਜਾਈ ਲਈ ਵੱਖੋ-ਵੱਖਰੇ ਜ਼ਿਲ੍ਹਿਆਂ ਵਿਚ ਪਸ਼ੂਆਂ ਦੀਆਂ ਅਨੇਕਾਂ ਸ਼੍ਰੇਣੀਆਂ ਦੇ ਮੁਕਾਬਲੇ ਕਰਵਾਉਣ ਦਾ ਉਪਰਾਲਾ ਕੀਤਾ ਹੈ । ਜਿਨ੍ਹਾਂ ਵਿਚ ਸੂਰ ਪਾਲਣ ਦੇ ਕਿੱਤੇ ਨੂੰ ਉਤਸ਼ਾਹਿਤ ਕਰਨ ਲਈ ਸਭ ਤੋਂ ਵਧੀਆ ਸਾਨ੍ਹ ਸੂਰ ਜਿਸਦੀ ਉਮਰ 8 ਮਹੀਨੇ ਤੋਂ ਵੱਧ ਹੋਵੇ ਅਤੇ ਇਕ ਸਾਲ ਤੋਂ ਵੱਧ ਉਮਰ ਦੀ ਬੱਚਿਆਂ ਵਾਲੀ ਸੂਰੀ ਦੀ ਚੋਣ ਕੀਤੀ ਜਾਂਦੀ ਹੈ। ਵਿਜੇਤਾ ਸੂਰ ਪਾਲਕਾਂ ਨੂੰ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਤੇ ਇਨਾਮ ਅਤੇ ਟਰਾਫੀ ਦਿੱਤੀ ਜਾਂਦੀ ਹੈ । ਇਨ੍ਹਾਂ ਮੁਕਾਬਲਿਆਂ ਵਿਚ ਸੂਰ ਪਾਲਕਾਂ ਨੂੰ ਸੂਰਾਂ ਦੀ ਆਵਾਜਾਈ ਲਈ ਕਿਰਾਇਆ, ਸੂਰਾਂ ਦੇ ਠਹਿਰਾਉਣ ਆਦਿ ਦਾ ਪ੍ਰਬੰਧ ਦੇ ਪਸ਼ੂ ਪਾਲਣ ਵਿਭਾਗ ਰਾਹੀਂ ਕੀਤਾ ਜਾਂਦਾ ਹੈ ।

ਇਨ੍ਹਾਂ ਪ੍ਰਦਰਸ਼ਨੀ ਮੇਲਿਆਂ ਤੋਂ ਇਲਾਵਾ ਪਸ਼ੂ ਪਾਲਣ ਵਿਭਾਗ ਨੇ ਉੱਤਰ ਜ਼ੋਨ ਪਸ਼ੂ ਚੈਂਪੀਅਨਸ਼ਿਪ ਵੀ ਅਰੰਭ ਕੀਤੀ ਹੈ ਜਿਹੜੀ ਕਿ ਹਰ ਸਾਲ ਮਾਘੀ ਦੇ ਮੇਲੇ ਦੇ ਅਵਸਰ ਤੇ ਮੁਕਤਸਰ ਵਿਖੇ ਲਗਾਈ ਜਾਂਦੀ ਹੈ। ਇਸ ਪਸ਼ੂ ਧੰਨ ਚੈਂਪੀਅਨਸ਼ਿਪ ਵਿਚ ਪੰਜਾਬ ਤੋਂ ਇਲਾਵਾ, ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ ਆਦਿ ਪ੍ਰਾਂਤਾਂ ਤੋਂ ਵੀ ਪਸ਼ੂ ਪਾਲਕ ਆਪਣੇ ਵਧੀਆ ਜਾਨਵਰ ਲੈਕੇ ਆਉਂਦੇ ਹਨ ।ਜਿਸ ਵਿਚ ਸਾਨ੍ਹ ਸੂਰਾਂ ਅਤੇ ਬੱਚਿਆਂ ਵਾਲੀਆਂ ਸੂਰੀਆਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਜੇਤੂਆਂ ਨੂੰ ਚੰਗੇ ਇਨਾਮ ਦਿੱਤੇ ਜਾਂਦੇ ਹਨ ।

## ਪ੍ਰਦਰਸ਼ਨੀ ਵਿੱਚ ਲਿਜਾਣ ਤੋ ਪਹਿਲਾਂ ਸੂਰਾਂ ਦੀ ਤਿਆਰੀ

ਪ੍ਰਦਰਸ਼ਨੀ ਵਿੱਚ ਲਿਜਾਏ ਜਾਣ ਵਾਲੇ ਸੂਰ ਬਹੁਤ ਸਾਫ਼ ਸੁਥਰੇ ਅਤੇ ਸਿਹਤਮੰਦ ਅਤੇ ਆਪਣੀ ਨਸਲ ਦੇ ਪੂਰੇ ਗੁਣਾਂ ਵਾਲੇ ਹੋਣੇ ਚਾਹੀਦੇ ਹਨ। ਪਰਦਰਸ਼ਨੀ ਵਾਲੇ ਸੂਰਾਂ ਦੀ ਚੋਣ ਸਾਲ ਦੇ ਸ਼ੁਰੂ ਵਿੱਚ ਹੀ ਕਰਨੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਪ੍ਰਦਰਸ਼ਨੀ ਵਾਸਤੇ ਤਿਆਰ ਕੀਤਾ ਜਾ ਸਕੇ। ਲਾਰਜ ਵਾਈਟ ਯਾਰਕਸ਼ਾਇਰ ਨਸਲ ਦਾ ਸੂਰ ਜਿਸ ਨੂੰ ਪ੍ਰਦਰਸ਼ਨੀ ਵਿੱਚ ਲਿਜਾਣਾ ਹੈ ਹੇਠ ਲਿਖੇ ਮੁਤਾਬਕ ਹੋਣਾ ਚਾਹੀਦਾ ਹੈ।

1) ਇਸ ਨਸਲ ਦਾ ਰੰਗ ਸਫੈਦ ਹਲਕਾ ਗੁਲਾਬੀ ਹੁੰਦਾ ਹੈ। ਕਈ ਵਾਰ ਇਸਦੇ ਮੱਥੇ ਤੇ ਕਾਲੇ ਧੱਬੇ ਹੁੰਦੇ ਹਨ।
2) ਸੂਰ ਲੰਬਾ ਤੇ ਮਾਸ ਨਾਲ ਗੱਠਿਆ ਹੋਣਾ ਚਾਹੀਦਾਹੈ।
3) ਚਮੜੀ ਚਮਕਦੀ ਸੁੰਦਰ ਅਤੇ ਉਸਤੇ ਝੁਰੜੀਆਂ ਨਾ ਹੋਣ।
4) ਸਾਨ੍ਹ ਸੂਰ ਦੀ ਪਿੱਠ ਉੱਚੀ ਹੋਣੀ ਚਾਹੀਦੀ ਹੈ।
5) ਪੁੜੇ (ਰੈਪ ਫਾਰਮੇਸ਼ਨ) ਸਿੱਧੇ ਜਾਂ ਡੂੰਘੇ ਨਹੀ ਹੋਣੇ ਚਾਹੀਦੇ।

6) ਗਰਦਨ ਮੋਢਿਆਂ ਨਾਲ ਗੱਠੀ ਹੋਈ ਅਤੇ ਇਕਸਾਰ ਹੋਣੀ ਚਾਹੀਦੀ ਹੈ।

7) ਸੂਰ ਦੇ ਕੰਨ ਸਿੱਧੇ ਖੜੇ ਹੋਣੇ ਚਾਹੀਦੇ ਹਨ।

8) ਪੂਛ ਕੁੰਡਲਦਾਰ ਹੋਣੀ ਚਾਹੀਦੀ ਹੈ। ਪਿਛਲੀਆਂ ਲੱਤਾਂ ਸਿੱਧੀਆਂ ਹੋਣ।

9) ਖੁਰ ਤੰਦਰੁਸਤ ਅਤੇ ਸਿੱਧੇ ਹੋਣੇ ਚਾਹੀਦੇ ਹਨ।

10) ਸੂਰ ਦੇ 14-16 ਰੂਡੀਮੈਟਰੀ ਥਣ ਹੋਣੇ ਚਾਹੀਦੇ ਹਨ।

11) ਸਾਨ੍ਹ ਸੂਰ ਦੇ ਪਤਾਲੂ ਪੂਰੀ ਤਰ੍ਹਾਂ ਵਿਕਸਿਤ ਹੋਣੇ ਚਾਹੀਦੇ ਹਨ।

## ਪ੍ਰਦਰਸ਼ਨੀ ਵਿਚ ਲਿਜਾਣ ਵਾਲੀ ਸੂਰੀ ਦੀ ਚੋਣ

1) ਰੰਗ ਸਫੈਦ ਹਲਕਾ ਗੁਲਾਬੀ

2) ਕੰਨ ਸਿੱਧੇ ਖੜੇ ਹੋਏ

3) ਪੂਛ ਕੁੰਡਲਦਾਰ

4) ਪਿੱਠ ਲੰਮੀ ਸਿੱਧੀ ਪੱਧਰੀ

5) ਸਰੀਰ ਮਾਸ ਨਾਲ ਗੱਠਿਆ ਹੋਇਆ

6) ਚਮੜੀ ਬਿਨ੍ਹਾਂ ਝੁਰੜੀਆਂ ਦੇ।

7) ਇਕ ਸੂਏ ਵਿੱਚ ਅੱਠ ਜਾਂ ਇਸਤੋ ਵਧੇਰੇ ਬੱਚੇ।

8) 8 ਮਹੀਨਿਆਂ ਦੀ ਉਮਰ ਵਿੱਚ 90 ਕਿਲੋਗਰਾਮ ਭਾਰ ਗ੍ਰਹਿਣ ਕਰਨ ਦੇ ਯੋਗ।

9) ਸੀਲ ਅਤੇ ਚੰਗਾ ਸੁਭਾਅ

10) ਵਧੀਆ ਫੂਲੇ ਹੋਏ 14-16 ਥਣ।

11) ਮਾਦਾ ਸੂਰ ਹਰ ਸਾਲ ਦੋ ਸੂਏ ਦੇਵੇ।

## ਮੇਲੇ ਵਿੱਚ ਲਿਜਾਣ ਵਾਲੇ ਪਸ਼ੂਆਂ ਦੀ ਸਿਹਤ ਸਬੰਧੀ ਕੁਝ ਧਿਆਨ ਰੱਖਣ ਯੋਗ ਗੱਲਾਂ

1) ਸੂਰਾਂ ਨੂੰ ਸੰਤੁਲਿਤ ਭੋਜਨ ਦੇਣਾ ਚਾਹੀਦਾ ਹੈ ਅਤੇ ਮੌਸਮੀ ਹਰਾ ਚਾਰਾ ਵੀ ਦਿਓ।

2) ਸੂਰਾਂ ਨੂੰ ਹਰ ਤਿੰਨ ਮਹੀਨਿਆਂ ਬਾਅਦ ਕਿਰਮ ਰਹਿਤ ਕਰਨਾ ਚਾਹੀਦਾ ਹੈ।

3) ਸਵਾਈਨ ਫੀਵਰ ਅਤੇ ਮੂੰਹ-ਖੁਰ ਦੇ ਟੀਕੇ ਲਗਾਓ।

4) ਲੋਹੇ ਦੀ ਘਾਟ ਤੋ ਆਇਰਨ ਦੇ ਟੀਕੇ ਲਗਾਓ।

5) ਚਮੜੀ ਦੀ ਖਾਰਸ਼ ਤੋ ਬਚਾਉਣ ਲਈ ਆਇਵਰਮੈਕਟੀਨ ਦੇ ਟੀਕ ਲਗਾਓ।

**ਸੂਰਾਂ ਦੀ ਚੌਣ ਕਰਨ ਲਈ ਸਕੋਰ ਕਾਰਡ**

ਸੂਰਾਂ ਅਤੇ ਸੂਰੀਆਂ ਨੂੰ ਵਧੀਆ ਕਰਾਰ ਦੇਣ ਲਈ ਉਨ੍ਹਾਂ ਦੀ ਚੋਣ ਲਈ ਸਰੀਰ ਦੇ ਹਰੇਕ ਹਿੱਸੇ ਨੂੰ ਅਲੱਗ-ਅਲੱਗ ਨੰਬਰ ਦਿੱਤੇ ਜਾਂਦੇ ਹਨ ।

**ਪ੍ਰਦਰਸ਼ਨੀ ਲਈ ਸੂਰਾਂ ਦੀ ਚੋਣ ਲਈ ਸਕੋਰ ਕਾਰਡ**

| **ਲੜੀ ਨੰਬਰ** | | **ਕੁੱਲ ਨੰਬਰ** |
|---|---|---|
| | ਆਮ ਦਿੱਖ (General Appearance) | |
| | ਭਰਪੂਰ ਮਾਸਪੇਸ਼ੀਆਂ, ਲੰਬਾ ਸਰੀਰ, ਪੁੜੇ ਅਤੇ ਪੱਟ ਸਰੀਰ ਤੋਂ ਵੱਧ ਚੌੜੇ, ਪਿੱਠ ਨਰੋਈ ਅਤੇ ਥੋੜੀ ਜਿਹੀ ਗੋਲਾਈ ਵਿੱਚ। ਉਮਰ ਅਨੁਸਾਰ ਚੰਗਾ ਅਤੇ ਨਰੋਆ ਸੁਡੋਲ ਸਰੀਰ ਨਜ਼ਰ ਆਵੇ | 25 |
| ਪਰਪੱਕਤਾ (Conformation) | | |
| 1. ਪਿਛਲਾ ਹਿੱਸਾ | ਪਿਛਲੀਆਂ ਲੱਤਾਂ : ਇੱਕ ਦੂਸਰੇ ਤੋਂ ਅਲੱਗ ਅਤੇ ਬਾਹਰ ਪਾਸੇ ਵੱਲ ਅਤੇ ਮਾਸ ਪੇਸ਼ੀਆਂ ਨਾਲ ਭਰਪੂਰ ਹੋਣ | 2 |
| | ਪੱਟ: ਚੰਗਾ ਪ੍ਰਫੁਲਿਤ ਅਤੇ ਗਠਵਾਂ ਅਤੇ ਦੇਖਣ ਵਿੱਚ ਨਰੋਆ | 9 |
| | ਪੁੜੇ: ਚੰਗੇ ਲੰਬੇ ਅਤੇ ਇਕਸਾਰ। ਪੂਛ ਉੱਚੀ | 6 |
| | ਪਿੱਠ: ਲੰਬੀ ਇਕਸਾਰ ਅਤੇ ਤਰਾਸ਼ੀ ਹੋਈ | 8 |
| 2. ਅਗਲਾ ਹਿੱਸਾ | ਪਿੱਠ: ਮਾਸ ਪੇਸ਼ੀਆਂ ਭਰਪੂਰ, ਲੰਬੀ ਇਕਸਾਰ ਅਤੇ ਤਰਾਸ਼ੀ ਹੋਈ ਅਤੇ ਪੂਰੀਆਂ ਪਸਲੀਆਂ | 7 |
| | ਮੋਢੇ: ਇਕਸਾਰ, ਮਾਸ ਪੇਸ਼ੀਆਂ ਭਰਪੂਰ, ਚਰਬੀ ਅਤੇ ਝੁਰੜੀਆਂ ਰਹਿਤ | 5 |
| | ਸਿਰ: ਤਰਾਸ਼ਿਆ ਹੋਇਆ | 2 |
| | ਗਰਦਨ: ਛੋਟੀ ਸਿਰ ਅਤੇ ਮੋਢਿਆਂ ਨਾਲ ਜੁੜੀ ਹੋਈ | 1 |
| 3. ਵਿਚਕਾਰਲਾ ਹਿੱਸਾ | ਨਰੋਆ, ਤਰਾਸ਼ਿਆ ਹੋਇਆ ਅਤੇ ਝੁਰੜੀਆਂ ਰਹਿਤ ਪੇਟ। | 5 |
| | **ਨਸਲਕਸ਼ੀ ਦੇ ਮਿਆਰ** | |
| 1. ਨਸਲ | ਯਾਰਕ ਸ਼ਾਇਰ ਨਸਲ ਦੇ ਸਾਰੇ ਗੁਣ | |
| 2. ਲੱਤਾਂ | ਇੱਕ ਪਾਸਿਓਂ, ਅੱਗੋਂ ਅਤੇ ਪਿਛੋਂ ਦੇਖਣ ਤੇ ਸਿਧੀਆਂ ਅਤੇ ਸਰੀਰ ਦੇ ਚਾਰਾਂ ਕੋਨਿਆਂ ਤੇ ਤਾਕਤ ਭਰਪੂਰ ਹੋਣ। ਪੈਰਾਂ ਦਾ ਮੁਹਰਲਾ ਹਿੱਸਾ ਸਿੱਧਾ ਹੋਵੇ । | 8 |
| 3. ਗੁਮਚੀਆਂ | ਛੋਟੀਆਂ, ਸਿਧੀਆਂ ਅਤੇ ਤਾਕਤ ਭਰਪੂਰ | 1 |
| 4. ਚਾਲ | ਚੁਸਤ, ਫੁਰਤੀਲੀ ਪਰ ਬੇਚੈਨੀ ਵਾਲੀ ਨਾ ਹੋਵੇ | 4 |
| 5. ਥਣ | ਪੇਟ ਦੇ ਦੋਹਾਂ ਪਾਸੇ ਘੱਟੋ ਘੱਟ ੭-੭ ਇਕਸਾਰ ਵਿੱਥ ਤੇ ਚੰਗੀ ਤਰ੍ਹਾਂ ਪ੍ਰਫੁਲਿਤ ਥਣ ਹੋਣ | 12 |
| 6. ਸਿਰ | ਅੱਖਾਂ ਤੋਂ ਚੌੜਾ ਅਤੇ ਤਰਾਸ਼ਿਆ ਹੋਵੇ | 3 |
| 7. ਕੰਨ | ਨਸਲ ਅਨੁਸਾਰ, ਯਾਰਕ ਸ਼ਾਇਰ ਵਿਚ ਛੋਟੇ ਅਤੇ ਸਿੱਧੇ ਅਤੇ ਖੜਵੇਂ | 2 |
| | **ਕੁੱਲ ਨੰਬਰ** | **100** |

**ਅਮਰੀਕਨ ਯਾਰਕ ਸ਼ਾਇਰ ਕਲੱਬ ਦੁਆਰਾ ਅਪਣਾਇਆ ਗਿਆ ਯਾਰਕ ਸ਼ਾਇਰ ਸੂਰਾਂ ਲਈ ਸਕੋਰ ਕਾਰਡ**

| ਲੜੀ ਨੰ: | ਸਰੀਰਕ ਹਿੱਸਾ | ਵਰਨਣ | ਨੰਬਰ |
|---|---|---|---|
| 1. | ਆਮ ਦਿੱਖ | ਲੰਬਾ, ਨਰੋਆ ਅਤੇ ਚੌੜਾਈ ਦੇ ਅਨੁਪਾਤ ਵਿੱਚ, ਪਿੱਠ ਥੋੜੀ ਜਿਹੀ ਗੋਲਾਈ ਵਿਚ, ਸਮਾਨ ਅਤੇ ਇਕਸਾਰ ਸਰੀਰ ਅਤੇ ਨਰੋਈਆਂ ਲੱਤਾਂ। | 5 |
| 2. | ਸਿਰ | ਦਰਮਿਆਨੇ ਅਕਾਰ ਦਾ, ਥੂਥਨ ਥੋੜੀ ਉਪਰ ਵੱਲ | 4 |
| 3. | ਮੱਥਾ ਅਤੇ ਪੋਲ | ਚੌੜਾ | 1 |
| 4. | ਅੱਖਾਂ | ਚਮਕਦਾਰ, ਦਰਮਿਆਨੀਆਂ ਅਤੇ ਸਾਫ਼ | 1 |
| 5. | ਜਬਾੜਾ | ਦਰਮਿਆਨਾ ਅਤੇ ਗਰਦਨ ਵੱਲ ਖਿਚਿਆ ਹੋਇਆ | 1 |
| 6. | ਨੱਕ | ਉੱਪਰ ਵੱਲ ਨੂੰ ਥੋੜਾ ਮੁੜਿਆ ਹੋਇਆ | 1 |
| 7. | ਕੰਨ | ਛੋਟੇ, ਸਿੱਧੇ ਖੜਵੇਂ ਅਤੇ ਥੋੜੇ ਜਿਹੇ ਅੱਗੇ ਵੱਧੇ ਹੋਏ | 1 |
| 8. | ਗਰਦਨ | ਦਰਮਿਆਨੇ ਅਕਾਰ ਦੀ ਮਾਸ ਪੇਸ਼ੀਆਂ ਭਰਪੂਰ | 3 |
| 9. | ਸਰੀਰਕ ਬਣਤਰ | ਲੰਬਾ ਸਰੀਰ, ਮੋਢਿਆਂ ਤੋਂ ਪਾਸਿਆਂ ਤੋਂ ਅਤੇ ਪੱਟ ਤੋਂ ਬਰਾਬਰ ਚੌੜਾਈ, ਪਿੱਠ ਥੌੜੀ ਜਿਹੀ ਗੋਲਾਈ ਵਾਲੀ ਅਤੇ ਪੇਟ ਦਾ ਥਲਵਾਂ ਹਿੱਸਾ ਬਿਲਕੁਲ ਸਿੱਧਾ | 7 |
| 10. | ਪਿੱਠ | ਦਰਮਿਆਨੀ ਚੌੜੀ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਇਕਸਾਰ, ਛੋਟੀਆਂ ਪਸਲੀਆਂ ਅਤੇ ਪੁੱਠ (Loin) ਤਾਕਤ ਭਰਪੂਰ | 10 |
| 11. | ਮੋਢੇ | ਚੌੜੇ | 6 |
| 12. | ਅਗਲੀਆਂ ਲੱਤਾਂ | ਦਰਮਿਆਨੇ ਅਕਾਰ ਵਾਲੀਆਂ ਚੌੜੀਆਂ ਪ੍ਰਫੁਲਿੱਤ | 2 |
| 13. | ਛਾਤੀ | ਚੌੜੀ ਅਤੇ ਪੇਟ ਦੇ ਹੇਠਲੇ ਹਿੱਸੇ ਦੇ ਸਮਾਨ | 3 |
| 14. | ਪਾਸੇ | ਮੋਢਿਆਂ ਤੋਂ ਪੱਟ ਤਕ ਸਿੱਧੇ ਇਕਸਾਰ ਅਤੇ ਨਰੋਏ | 8 |
| 15. | ਪਸਲੀਆਂ | ਪਸਲੀਆਂ ਪੂਰੀਆਂ ਗੋਲਾਈ ਵਿਚ ਅਤੇ ਨਰੋਈਆਂ | 5 |
| 16. | ਛਾਤੀ ਦਾ ਘੇਰਾ | ਬਰਾਬਰ ਅਤੇ ਵੱਡਾ | 8 |
| 17. | ਪਿਛਲਾ ਪਾਸਾ | ਲੰਬਾ ਨਰੋਆ ਅਤੇ ਪੂਛ ਕੋਲ ਥੱਲੇ ਨੂੰ ਡਿਗਵਾਂ | 5 |
| 18. | ਪੱਟ | ਪੱਟ ਚੰਗਾ ਮਾਸ ਪੇਸ਼ੀਆਂ ਨਾਲ ਪ੍ਰਫੁਲਿਤ, ਚੰਗਾ ਥੱਲੇ ਵੱਲ ਅਤੇ ਮੀਟ ਭਰਪੂਰ ਹੋਵੇ। | 10 |
| 19 | ਪੱਟ ਦਾ ਅੰਦਰਲਾ ਹਿੱਸਾ | ਪਿਛਲਾ ਪਾਸਾ ਥੋੜਾ ਜਿਹਾ ਗੋਲਾਈ ਵਾਲਾ | 1 |
| 20. | ਪੂਛ | ਦਰਮਿਆਨੀ ਅਤੇ ਥੋੜੀ ਜਿਹੀ ਕੁੰਡਲਦਾਰ | 1 |
| 21. | ਲੱਤਾਂ | ਦਰਮਿਆਨੇ ਅਕਾਰ ਦੀਆਂ, ਸਿਧੀਆਂ ਅਤੇ ਪਾਏਦਾਰ | 5 |
| 22. | ਵਾਲ | ਲੰਬੇ ਤੋਂ ਦਰਮਿਆਨੇ ਅਕਾਰ ਦੇ | 4 |
| 23. | ਚਮੜੀ | ਸਫੈਦ, ਇਕਸਾਰ, ਬਿਨਾਂ ਝੁਰੜੀਆਂ ਦੇ। | 2 |
| 24. | ਰੰਗ | ਚਿੱਟਾ, ਕਿੱਤੇ ਕਿੱਤੇ ਕਾਲੇ ਧੱਬੇ ਵੀ ਹੋ ਸਕਦੇ ਹਨ । | 1 |
| 25. | ਚਾਲ | ਚੁਸਤ ਅਤੇ ਫੁਰਤੀਲੀ ਜਿਸ ਵਿੱਚ ਬੇਚੈਨੀ ਨਾ ਹੋਵੇ | 5 |
| | | **ਕੁੱਲ ਨੰਬਰ** | **100** |

ਇਨ੍ਹਾਂ ਸਕੋਰ ਕਾਰਡਾਂ ਵਿੱਚ ਦਿੱਤੇ ਨੰਬਰਾਂ ਮੁਤਾਬਿਕ ਹੀ ਸੂਰਾਂ ਨੂੰ ਪ੍ਰਦਰਸ਼ਨੀ ਲਈ ਤਿਆਰ ਕਰਨਾ ਚਾਹੀਦਾ ਹੈ।

# ਸੂਰਾਂ ਲਈ ਘਰ

ਸੂਰ ਕੁਦਰਤੀ ਵਾਤਾਵਰਣ ਵਿੱਚ ਖੁੱਲੇ ਮੈਦਾਨਾਂ ਵਿੱਚ ਜਾਂ ਜੰਗਲਾਂ ਵਿੱਚ ਰਹਿਣ ਦੇ ਆਦੀ ਹਨ। ਸੂਰਾਂ ਦੇ ਘਰੋਗੀਕਰਣ (Domestcation) ਨਾਲ ਸੂਰਾਂ ਤੋਂ ਘੱਟ ਸਮੇਂ ਵਿੱਚ ਵਧੇਰੇ ਮੀਟ ਪ੍ਰਾਪਤ ਕਰਨ ਦੀ ਮੱਨੁਖੀ ਲਾਲਸਾ ਨਾਲ ਇਨ੍ਹਾਂ ਦਾ ਰਹਿਣ-ਸਹਿਣ ਵੀ ਚੰਗੀ ਤਰ੍ਹਾਂ ਕਰਨਾ ਪੈਂਦਾ ਹੈ। ਵਧੇਰੇ ਮੀਟ ਪੈਦਾ ਕਰਨ ਲਈ ਚੰਗੀ ਖ਼ੁਰਾਕ ਅਤੇ ਚੰਗੇ ਪ੍ਰਬੰਧ ਦੇ ਨਾਲ ਨਾਲ ਇਨ੍ਹਾਂ ਲਈ ਉੱਚਿਤ ਵਾੜੇ ਬਣਾਉਣੇ ਬਹੁਤ ਜ਼ਰੂਰੀ ਹਨ।

ਸੂਰਾਂ ਤੇ ਗਰਮੀ ਤੇ ਸਰਦੀ ਦਾ ਅਸਰ ਬਹੁਤ ਜਲਦੀ ਪੈਂਦਾ ਹੈ ਜਿਸਦਾ ਕਾਰਨ ਇਨ੍ਹਾਂ ਦੇ ਸਰੀਰ ਵਿੱਚ ਪਸੀਨੇ ਦੀਆਂ ਗ੍ਰੰਥੀਆਂ ਦਾ ਨਾ ਹੋਣਾ ਹੈ। ਇਸ ਲਈ ਚੰਗੇ ਘਰਾਂ ਵਿੱਚ ਇਹ ਸਵੱਸਥ ਰਹਿੰਦੇ ਹਨ, ਛੇਤੀ ਵੱਧਦੇ ਫੁੱਲਦੇ ਹਨ ਅਤੇ ਖ਼ੁਰਾਕ ਦੀ ਸਰੀਰ ਵਿੱਚ ਚੰਗੀ ਤੇ ਠੀਕ ਵਰਤੋਂ ਹੁੰਦੀ ਹੈ। ਜਿਸਦੇ ਫਲਸਰੂਪ ਸੂਰ ਘੱਟ ਖ਼ੁਰਾਕ ਖਾਕੇ ਵਧੇਰੇ ਭਾਰ ਵਧਾਉਂਦੇ ਹਨ। ਸੂਰਾਂ ਦੇ ਘਰ ਬਣਾਉਣ ਦੀਆਂ ਦੋ ਵਿਵਸਥਾਵਾਂ ਹਨ।

1. ਬਗੈਰ ਛੱਤ ਵਾਲੀ ਬਾਹਰ ਵਰਤੀ ਪ੍ਰਣਾਲੀ
2. ਅੰਤਰ ਵਰਤੀ ਪ੍ਰਣਾਲੀ

### 1. ਬਗੈਰ ਛੱਤ ਵਾਲੀ ਬਾਹਰ ਵਰਤੀ ਪ੍ਰਣਾਲੀ (Outdoor housing)

ਇਸ ਪ੍ਰਣਾਲੀ ਰਾਹੀਂ ਸੂਰਾਂ ਨੂੰ ਇੱਕ ਖੁੱਲੇ ਵਾੜੇ ਵਿੱਚ ਰੱਖਿਆ ਜਾਂਦਾ ਹੈ।ਇਸ ਵਿੱਚ ਛੋਟੇ-ਛੋਟੇ ਕਮਰੇ ਬਣਾ ਦਿੱਤੇ ਜਾਂਦੇ ਹਨ। ਜਿਥੇ ਸੂਰ ਤੇ ਸੂਰੀਆਂ ਅਰਾਮ ਕਰ ਸਕਦੇ ਹਨ। ਇਸ ਪ੍ਰਣਾਲੀ ਵਿੱਚ ਨਸਲਕਸ਼ੀ ਯੋਜਨਾਬੱਧ ਢੰਗ ਨਾਲ ਨਹੀਂ ਹੁੰਦੀ । ਸੂਰੀਆਂ ਵੀ ਚਲਦੇ ਫਿਰਦੇ ਹੀ ਸੂਰ ਵਾੜਿਆਂ ਵਿੱਚ ਸੂੰਦੀਆਂ ਹਨ। ਇਸ ਪ੍ਰਣਾਲੀ ਰਾਹੀਂ ਮਿਹਨਤ ਘੱਟ ਕਰਨੀ ਪੈਂਦੀ ਹੈ ਅਤੇ ਸਸਤੀ ਵੀ ਪੈਂਦੀ ਹੈ ਪਰੰਤੂ ਸੂਰਾਂ ਨੂੰ ਖ਼ੁਰਾਕ ਦੇਣੀ, ਪਾਣੀ ਪਿਲਾਉਣਾ ਕਾਫੀ ਮੁਸ਼ਕਲ ਹੁੰਦਾ ਹੈ। ਇਸਦੇ ਨਾਲ ਨਾਲ ਅਤਿ ਦੇ ਮੌਸਮ ਵਿੱਚ ਸੂਰਾਂ ਦੇ ਬਚਾਅ ਦੇ ਸਾਧਨ ਨਹੀਂ ਹੋ ਸਕਦੇ ਅਤੇ ਬਿਮਾਰੀਆਂ ਲੱਗਣ ਦੇ ਮੌਕੇ ਵੀ ਵੱਧ ਹੁੰਦੇ ਹਨ।ਜਲਵਾਯੂ ਦੇ ਬਹੁਤ ਗਰਮ ਜਾਂ ਠੰਡੇ ਹੋਣ ਨਾਲ ਸੂਰਾਂ ਦਾ ਸਰੀਰਕ ਵਿਕਾਸ ਕਾਫੀ ਘੱਟ ਹੋ ਜਾਂਦਾ ਹੈ।

### 2. ਅੰਦਰਵਰਤੀ ਪ੍ਰਣਾਲੀ (Indoor housing)

ਸੂਰ ਘਰਾਂ ਦੀ ਇਸ ਪ੍ਰਣਾਲੀ ਵਿੱਚ ਸੂਰਾਂ ਨੂੰ ਸਹੀ ਢੰਗ ਦੇ ਛੱਤੇ ਹੋਏ ਘਰਾਂ ਵਿੱਚ ਰੱਖਿਆ ਜਾਂਦਾ ਹੈ।ਜਿਸ ਨਾਲ ਸੂਰ ਖ਼ੁਰਾਕ ਨੂੰ ਵਧੇਰੇ ਤੌਰ ਤੇ ਖੁੱਲੀ ਪ੍ਰਣਾਲੀ ਦੇ ਮੁਕਾਬਲੇ ਮੀਟ ਵਿੱਚ ਵਧੇਰੇ ਬਦਲਦੇ ਹਨ।ਬੱਚਿਆਂ ਦੀ ਗਿਣਤੀ ਪ੍ਰਤੀ ਸੂਆ ਵੱਧ ਹੁੰਦੀ ਹੈ ਓਤੇ ਮੌਤ ਦਰ ਵੀ ਘੱਟ ਹੁੰਦੀ ਹੈ। ਸੂਰਾਂ ਨੂੰ ਖ਼ੁਰਾਕ ਦੇਣੀ ਤੇ ਪਾਣੀ ਦਾ ਪ੍ਰਬੰਧ ਕਰਨਾ ਵੀ ਕਾਫੀ ਸੌਖਾ ਹੁੰਦਾ ਹੈ। ਯੋਜਨਾਬੱਧ ਤਰੀਕੇ ਨਾਲ ਨਸਲਕਸ਼ੀ ਵੀ ਕੀਤੀ ਜਾ ਸਕਦੀ ਹੈ। ਸੂਰਾਂ ਦੇ ਗੋਹੇ ਨੂੰ ਇੱਕਠਿਆਂ ਕਰਕੇ ਖਾਦ ਦੇ ਰੂਪ ਵਿੱਚ ਸਹੀ ਢੰਗ ਨਾਲ ਵਰਤਿਆ ਜਾ ਸਕਦਾ ਹੈ।

## ਸੂਰ ਘਰ ਦੀਆਂ ਜ਼ਰੂਰਤਾਂ

ਸੂਰਾਂ ਤੇ ਵਾਤਾਵਰਨ ਦਾ ਅਸਰ ਅਕਸਰ ਦੇਖਣ ਵਿੱਚ ਆਉਂਦਾ ਹੈ। ਸੂਰ ਵਧੇਰੇ ਬਾਰਿਸ਼, ਸੋਕਾ,ਧੁੱਪ, ਗਰਮੀ ਤੇ ਸਰਦੀ ਬਰਦਾਸ਼ਤ ਨਹੀਂ ਕਰ ਸਕਦੇ। ਇਨ੍ਹਾਂ ਦੇ ਅਸਰ ਨਾਲ ਸੂਰਾਂ ਦੇ ਭਾਰ ਵੱਧਣ ਦੀ ਸਮਰਥਾ ਬਹੁਤ ਘੱਟ ਜਾਂਦੀ ਹੈ। ਇਸ ਲਈ ਸੂਰ ਘਰ ਦੇ ਅੰਦਰ ਵਾਤਾਵਰਣ ਦੀ ਵਿਵਸਥਾ ਠੀਕ ਹੋਣੀ ਚਾਹੀਦੀ ਹੈ। ਵਾਤਾਵਰਣ ਵਿੱਚ ਤਾਪਮਾਨ, ਨਮੀ ਤੇਹਵਾ ਦੀ ਚਾਲ/ਵੇਗ ਆਉਂਦੇ ਹਨ।

**ਤਾਪਮਾਨ (Temperature)**

ਸੂਰ ਗਰਮ ਖੂਨ ਵਾਲਾ ਜਾਨਵਰ ਹੈ ਅਤੇ ਇਸਦੇ ਸਰੀਰ ਦਾ ਤਾਪਮਾਨ 38.5$^0$ ਸੈਂਟੀਗਰੇਡ ਹੈ। ਇਕ ਨਿਰੋਗ ਸੂਰ ਆਪਣੇ ਸਰੀਰ ਦਾ ਤਾਪਮਾਨ ਬਖੁਬੀ ਬਣਾਕੇ ਰੱਖ ਸਕਦਾ ਹੈ। ਪਰ ਛੋਟੇ ਨਵਜੰਮੇ ਬੱਚੇ ਆਪਣਾ ਸਰੀਰਕ ਤਾਪਮਾਨ ਠੀਕ ਢੰਗ ਨਾਲ ਬਣਾਕੇ ਨਹੀਂ ਰੱਖ ਸਕਦੇ। ਸੂਰਾਂ ਦੇ ਠੀਕ ਵਿਕਾਸ ਲਈ ਵੱਖ-ਵੱਖ ਵਰਗ ਦੇ ਸੂਰਾਂ ਦੇ ਘਰਾਂ ਵਿੱਚ ਤਾਪਮਾਨ ਦੀ ਸੀਮਾ ਇਸ ਤਰ੍ਹਾਂ ਹੈ।

**ਸੂਰ ਘਰ ਵਿੱਚ ਤਾਪਮਾਨ**

| ਸੂਰਾਂ ਦੀ ਸ਼੍ਰੇਣੀ | ਤਾਪਮਾਨ | |
|---|---|---|
| | ਸੈਂਟੀਗਰੇਡ ($^0$C) | ਫਾਰਨਹੀਟ($^0$F) |
| ਨਸਲਕਸ਼ੀ ਵਾਲੀ ਸੂਰੀ | 12-18 | 55-65 |
| ਸੂਰੀ ਤੇ ਨਵਜੰਮੇ ਬੱਚੇ | 15-18 | 60-65 |
| ਪ੍ਰਸੂਤ ਘਰ (ਪਹਿਲੇ 48 ਘੰਟੇ) | 26-29 | 80-85 |
| 2 ਦਿਨ ਤੋਂ 21 ਦਿਨ ਤੱਕ | 21-24 | 70-75 |
| 3 ਹਫਤੇ ਤੋਂ 8 ਹਫਤੇ | 18-21 | 65-70 |
| ਵੱਧਣ ਫੁੱਲਣ ਤੇ ਮੋਟੇ ਹੋ ਰਹੇ ਸੂਰ | 14-24 | 40-75 |

ਜੇਕਰ ਸੂਰ ਘਰ ਦਾ ਤਾਪਮਾਨ ਵੱਧ ਜਾਵੇ ਤਾਂ ਸੂਰ ਘੱਟ ਖ਼ੁਰਾਕ ਖਾਂਦੇ ਹਨ ਜਦੋਂ ਕਿ ਸੂਰ ਵਾੜੇ ਦਾ ਤਾਪਮਾਨ ਘੱਟਣ ਨਾਲ ਸੂਰ ਵਧੇਰੇ ਖ਼ੁਰਾਕ ਖਾਂਦੇ ਹਨ ਅਤੇ ਇਨ੍ਹਾਂ ਦੋਹਾ ਹਾਲਤਾਂ ਵਿੱਚ ਸੂਰਾਂ ਦਾ ਭਾਰ ਵੀ ਘੱਟ ਵੱਧਦਾ ਹੈ। ਇਸ ਲਈ ਸੂਰ ਘਰ ਦਾ ਤਾਪਮਾਨ ਠੀਕ ਹੋਣਾ ਚਾਹੀਦਾ ਹੈ।

**ਨਮੀ (Humidity)**

ਸੂਰਾਂ ਵਿੱਚ ਪਸੀਨੇ ਦੀਆਂ ਗ੍ਰੰਥੀਆਂ ਨਹੀਂ ਹੁੰਦੀਆਂ ਜਿਸ ਕਰਕੇ ਇਹ ਜ਼ਿਆਦਾ ਨਮੀ ਨੂੰ ਵੀ ਬਰਦਾਸ਼ਤ ਕਰ ਸਕਦੇ ਹਨ। ਹਵਾ ਵਿੱਚ ਘੱਟ ਨਮੀ ਹੋਣ ਨਾਲ ਸੂਰਾਂ ਨੂੰ ਸਾਹ ਦੀਆਂ ਬਿਮਾਰੀਆਂ ਦੀ ਸ਼ਿਕਾਇਤ ਹੋ ਸਕਦੀ ਹੈ। ਦੂਸਰੇ ਪਾਸੇ ਜ਼ਿਆਦਾ ਨਮੀ ਦੇ ਨਾਲ ਜੇਕਰ ਵਾਤਾਵਰਣ ਦਾ ਤਾਪਮਾਨ ਵੀ ਵੱਧ ਹੋਵੇ ਅਤੇ ਹਵਾ ਦਾ ਵੇਗ ਵੀ ਘੱਟ ਹੋਵੇ ਤਾਂ ਸੂਰਾਂ ਤੇ ਗਰਮੀ ਦਾ ਪ੍ਰਕੋਪ ਵਧੇਰੇ ਹੁੰਦਾ ਹੈ। ਸੂਰਾਂ ਵਿੱਚ ਵਾਤਾਵਰਣ ਦੀ ਨਮੀ ਦੀ ਅਨੁਕੂਲਤਮ ਸੀਮਾ **60-80%** ਦੇ ਵਿਚਕਾਰ ਹੈ। ਇਸ ਤੋਂ ਵਧੇਰੇ ਨਮੀ ਸੂਰ ਘਰ ਨੂੰ ਵੀ ਨੁਕਸਾਨ ਪੁਚਾਉਂਦੀ ਹੈ।

**ਹਵਾ ਦਾ ਵੇਗ (Air velocity)**

ਸੂਰ ਘਰ ਵਿੱਚ ਤਾਪਮਾਨ ਨੂੰ ਸਮਾਨ ਬਣਾਉਣ ਜਾਂ ਸਥਾਈ ਰੱਖਣ ਵਿੱਚ ਹਵਾ ਦੇ ਵੇਗ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਸੂਰਾਂ ਦੇ ਵਾੜੇ ਵਿੱਚ ਹਵਾ ਦਾ ਵੇਗ ਪੱਖਿਆਂ ਦੀ ਵਰਤੋਂ ਨਾਲ ਬਰਕਰਾਰ ਕੀਤਾ ਜਾਂਦਾ ਹੈ। ਵਾੜੇ ਵਿੱਚੋਂ ਹਵਾ ਬਾਹਰ ਕੱਢਣ ਵਾਲੇ ਨਿਕਾਸੀ ਪੱਖਿਆਂ (Exhaust fans) ਦੀ ਵਰਤੋਂ ਨਾਲ ਸੂਰ ਘਰ ਵਿੱਚ ਨਮੀ ਗੰਦੀ ਹਵਾ ਅਤੇ ਤਾਪਮਾਨ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ। ਸੂਰ ਘਰ ਵਿੱਚ ਹਵਾ ਦਾ ਵੇਗ ਮੌਸਮ ਤੇ ਅਧਾਰਿਤ ਹੈ।

ਸੂਈ ਹੋਈ ਸੂਰੀ ਅਤੇ ਬੱਚਿਆਂ ਵਾਲੇ ਵਾੜੇ ਵਿੱਚ ਗਰਮੀਆਂ ਵਿੱਚ ਹਵਾ ਦਾ ਵੇਗ ੨੫੦ ਕਿਉਬਿਕ ਫੁੱਟ ਪ੍ਰਤੀ ਮਿੰਟ ਹੋਣਾ ਚਾਹੀਦਾ ਹੈ ਜਦੋਂ ਕਿ ਸਰਦੀਆਂ ਵਿੱਚ 25 ਕਿਉਬਿਕ ਫੁੱਟ ਪ੍ਰਤੀ ਮਿੰਟ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਹਵਾ ਦਾ ਵੇਗ ਵੱਧ ਰਹੇ ਅਤੇ ਮੋਟੇ ਹੋ ਰਹੇ ਸੂਰਾਂ ਵਿੱਚ **0.55-1.1** ਕਿਉਬਿਕ ਫੁੱਟ ਪ੍ਰਤੀ ਕਿਲੋ ਸਰੀਰਕ ਭਾਰ ਗਰਮੀਆਂ ਵਿੱਚ ਅਤੇ **0.11-0.22** ਕਿਉਬਿਕ ਫੁੱਟ ਪ੍ਰਤੀ ਕਿਲੋ ਸਰੀਰਕ ਭਾਰ ਸਰਦੀਆਂ ਵਿੱਚ ਹੋਣਾ

ਚਾਹੀਦਾ ਹੈ। ਜੇਕਰ ਸਰਦੀਆਂ ਵਿੱਚ ਹਵਾ ਦਾ ਵੇਗ ਵੱਧ ਜਾਵੇ ਤਾਂ ਸੂਰ ਵਧੇਰੇ ਸਰਦੀ ਮੰਨਦੇ ਹਨ ਅਤੇ ਉਨ੍ਹਾਂ ਦਾ ਭਾਰ ਵੀ ਘੱਟ ਵੱਧਦਾ ਹੈ ਅਤੇ ਖ਼ੁਰਾਕ ਵੀ ਵੱਧ ਖਾਂਦੇ ਹਨ।

**ਜਗ੍ਹਾ ਦੀ ਲੋੜ (Space requirements)**

ਸੂਰ ਘਰ ਵਿੱਚ ਸੂਰਾਂ ਲਈ ਠੀਕ ਢੰਗ ਨਾਲ ਉੱਠਣ-ਬੈਠਣ, ਤੁਰਨ ਫਿਰਨ ਅਤੇ ਸੌਣ ਲਈ ਠੀਕ ਜਗ੍ਹਾ ਦੀ ਵਧੀਆ ਸਹੂਲਤ ਹੋਣੀ ਚਾਹੀਦੀ ਹੈ ਜਿਸ ਨਾਲ ਸੂਰਾਂ ਦੀ ਸਿਹਤ ਚੰਗੀ ਹੋਵੇਗੀ ਅਤੇ ਉਹ ਠੀਕ ਢੰਗ ਨਾਲ ਵੱਧ ਫੁੱਲ ਸਕਣਗੇ। ਜੇਕਰ ਸੂਰਾਂ ਨੂੰ ਘੱਟ ਜਗ੍ਹਾ ਮਿਲੇਗੀ ਤਾਂ ਉਹ ਸਰੀਰਕ ਗਰਮੀ ਨੂੰ ਠੀਕ ਢੰਗ ਨਾਲ ਸਰੀਰ ਤੋਂ ਬਾਹਰ ਨਹੀਂ ਛੱਡ ਸਕਣਗੇ ਇਸਦੇ ਫਲਸਰੂਪ ਸੂਰ ਘੱਟ ਵੱਧਣ ਫੁੱਲਣਗੇ। ਦੂਸਰੇ ਪਾਸੇ ਵਧੇਰੇ ਜਗ੍ਹਾ ਕਾਰਨ ਉਨ੍ਹਾਂ ਦੀ ਸਰੀਰਕ ਊਰਜਾ ਤੁਰਨ ਫਿਰਨ ਨਾਲ ਅਜਾਈਂ ਜਾਵੇਗੀ ਅਤੇ ਉਹ ਵਧੇਰੇ ਖ਼ੁਰਾਕ ਖਾਣਗੇ ਅਤੇ ਉਨ੍ਹਾਂ ਦਾ ਸਰੀਰਕ ਭਾਰ ਵੀ ਘੱਟ ਵਧੇਗਾ।

**ਸੂਰਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਲਈ ਜਗ੍ਹਾ ਦੀ ਜ਼ਰੂਰਤ**

| ਪਸ਼ੂ ਦੀ ਕਿਸਮ | ਕੁੱਲ ਰਕਬਾ / ਸੂਰ | | | | ਪਸ਼ੂਆਂ ਦੀ ਗਿਣਤੀ / ਵਾੜਾ |
|---|---|---|---|---|---|
| | ਵਰਗ ਮੀਟਰ | | ਵਰਗ ਫੁਟ | | |
| | ਛੱਤੀ ਹੋਈ | ਖੁੱਲਾ | ਛੱਤੀ ਹੋਈ | ਖੁੱਲਾ | |
| **ਸਾਨ੍ਹ ਸੂਰ** | 6.25-7.50 | 8.8-12.0 | 67-81 | 95-129 | ਇਕੱਲਾ |
| **ਸੂਈ ਹੋਈ ਸੂਰੀ** | 7.50-9.00 | 8.8-12.0 | 81-97 | 95-129 | ਇਕੱਲੀ |
| **ਵੱਧਣ ਫੁਲਣ ਵਾਲੇ ਅਤੇ ਮੋਟੇ ਹੋਣ ਵਾਲੇ ਸੂਰ** | 0.96-1.80 | 8.8-12.0 | 10-19 | 95-129 | 20-30 |
| **ਫੰਡਰ ਤੇ ਜਵਾਨ ਸੂਰੀਆਂ** | 1.80-2.70 | 1.4-1.8 | 19-29 | 15-19 | 10 |

**ਦਾਣੇ ਅਤੇ ਪਾਣੀ ਦੀ ਜਗ੍ਹਾ**

ਸੂਰ ਦਾਨਾ ਖਾਣ ਵੇਲੇ ਇਕ ਦੂਸਰੇ ਨਾਲ ਲੜਦੇ ਝਗੜਦੇ ਹਨ ਤਾਂ ਜੋ ਉਹ ਵੱਧ ਤੋਂ ਵੱਧ ਖ਼ੁਰਾਕ ਖਾ ਸਕਣ। ਸੂਰਾਂ ਦੇ ਇਕਸਾਰ ਤੇ ਜਲਦੀ ਵਾਧੇ ਲਈ ਇਕ ਵਾੜੇ ਵਿੱਚ ਮੌਜੂਦ ਸੂਰਾਂ ਨੂੰ ਜੇਕਰ ਇੱਕੋ ਸਮੇਂ ਤੇ ਖ਼ੁਰਾਕ ਮੁਹੱਈਆ ਕਰਵਾਈ ਜਾਵੇ ਤਾਂ ਉਹ ਇੱਕ ਦੂਸਰੇ ਨਾਲ ਨਹੀਂ ਲੜਦੇ। ਇਸ ਲਈ ਇਹ ਜ਼ਰੂਰੀ ਹੈ ਕਿ ਸੂਰ ਵਾੜੇ ਵਿੱਚ ਹਰੇਕ ਸੂਰ ਨੂੰ ਦਾਣੇ ਲਈ ਉਚਿੱਤ ਜਗ੍ਹਾ ਮਿਲੇ ਤਾਂ ਜੋ ਉਹ ਆਪਣੀ ਖ਼ੁਰਾਕ ਦਾ ਹਿੱਸਾ ਠੀਕ ਢੰਗ

ਨਾਲ ਅਤੇ ਠੀਕ ਸਮੇਂ ਤੇ ਖਾ ਸਕੇ। ਵੱਖ ਵੱਖ ਸ਼੍ਰੇਣੀ ਦੇ ਸੂਰਾਂ ਦਾਣੇ ਤੇ ਪਾਣੀ ਦੀ ਉਚਿੱਤ ਜਗ੍ਹਾ ਹੇਠਾਂ ਦਿੱਤੇ ਅਨੁਸਾਰ ਹੋਣੀ ਚਾਹੀਦੀ ਹੈ।

**ਦਾਣੇ ਦੀਆਂ ਖੁਰਲੀਆਂ ਤੇ ਸੂਰਾਂ ਲਈ ਜਗ੍ਹਾ**

| ਸੂਰ ਦਾ ਭਾਰ (ਕਿਲੋ) | ਜਗ੍ਹਾ | |
|---|---|---|
| | **ਸੈਂਟੀਮੀਟਰ** | **ਫੁੱਟ** |
| 25 **ਕਿਲੋ ਤੱਕ** | **15** | **0.49** |
| 25-75 | **25** | **0.82** |
| 75 **ਤੋਂ ਵੱਧ** | **30** | **1.0** |

**ਜਗ੍ਹਾ ਦੀ ਚੋਣ (Selection of pig house site)**

ਸੂਰ ਘਰ ਲਈ ਚੁਣੀ ਗਈ ਜਗ੍ਹਾ ਸ਼ਹਿਰ ਦੇ ਨਜ਼ਦੀਕ ਸੜਕ ਦੇ ਉੱਤੇ ਜਾਂ ਨੇੜੇ ਹੋਵੇ ਜਿਥੇ ਕਿ ਇਨ੍ਹਾਂ ਦੇ ਮੀਟ ਦੀ ਕਾਫੀ ਮੰਗ ਹੋਵੇ। ਸੂਰ ਵਾੜਾ ਸ਼ਹਿਰ ਤੋਂ ਕਾਫੀ ਬਾਹਰ ਨਹੀਂ ਹੋਣਾ ਚਾਹੀਦਾ ਜਿਥੇ ਜੰਗਲੀ ਜਾਨਵਰ ਪੈਣ ਦਾ ਡਰ ਹੋਵੇ। ਸ਼ਹਿਰ ਦੇ ਨੇੜੇ ਹੋਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਦਾਣਾ ਲਿਆਉਣ ਤੇ ਸੂਰਾਂ ਨੂੰ ਮੰਡੀ ਵਿੱਚ ਲਿਜਾਣ ਲਈ ਸਮਾਂ ਵੀ ਘੱਟ ਲਗਦਾ ਹੈ ਤੇ ਖ਼ਰਚ ਵੀ ਘੱਟ ਆਉਂਦਾ ਹੈ। ਇਸ ਦੇ ਨਾਲ ਬਿਜਲੀ ਤੇ ਪਾਣੀ ਦੀਆਂ ਸਹੂਲਤਾਂ ਵੀ ਮਿਲ ਜਾਂਦੀਆਂ ਹਨ।

1. ਜਗ੍ਹਾ ਪੱਧਰ ਤੇ ਉੱਚੀ ਹੋਵੇ ਜਿਥੇ ਪਾਣੀ ਖੜਨ ਦੀ ਸੰਭਾਵਨਾ ਬਿਲਕੁਲ ਨਾ ਹੋਵੇ। ਰੇਤਲੀ ਤੇ ਮੈਰਾ ਜ਼ਮੀਨ ਕੁਦਰਤੀ ਨਿਕਾਸ ਲਈ ਚੰਗੇ ਹੁੰਦੇ ਹਨ।
2. ਸੂਰ ਘਰ ਸੇਮ ਵਾਲੀ ਥਾਂ ਤੇ ਨਹੀਂ ਹੋਣਾ ਚਾਹੀਦਾ। ਅਜਿਹੀ ਜਗ੍ਹਾ ਤੇ ਸਿੱਲ੍ਹ ਆਉਣ ਨਾਲ ਕਈ ਬਿਮਾਰੀਆਂ ਫੈਲਣ ਦਾ ਖਤਰਾ ਹੁੰਦਾ ਹੈ।

ਜਗ੍ਹਾ ਦੀ ਚੋਣ ਉਪਰੰਤ ਇਨ੍ਹਾਂ ਦੇ ਆਰਾਮ ਤੇ ਜਲਦੀ ਵੱਧਣ ਫੁੱਲਣ ਲਈ ਸੂਰ ਘਰ ਵਿੱਚ ਸੂਰਾਂ ਦੀਆਂ ਹੇਠ ਲਿਖੀਆਂ ਸਰੀਰਕ ਜ਼ਰੂਰਤਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

1. ਸੂਰ ਘਰ ਸੂਰਾਂ ਲਈ ਆਰਾਮਦੇਹ ਹੋਣਾ ਚਾਹੀਦਾ ਹੈ।

2. ਸੂਰ ਘਰ ਦੀ ਬਣਤਰ ਇਸ ਤਰ੍ਹਾਂ ਦੀ ਹੋਵੇ ਜਿਸ ਵਿੱਚ ਹਵਾ ਦੀ ਆਵਾਜਾਈ ਜ਼ਰੂਰਤ ਅਨੁਸਾਰ ਘਟਾਈ ਵਧਾਈ ਜਾ ਸਕੇ।
3. ਸੂਰ ਘਰ ਵਿੱਚ ਤਾਜ਼ੇ ਪਾਣੀ ਤੇ ਬਿਜਲੀ ਦਾ ਪ੍ਰਬੰਧ ਵੀ ਹੋਣਾ ਚਾਹੀਦਾ ਹੈ।
4. ਦੂਸਰੇ ਦੇਸ਼ਾਂ ਦੇ ਮੁਕਾਬਲੇ ਸਾਡੇ ਦੇਸ਼ ਵਿੱਚ ਸਰਦੀਆਂ ਵਿੱਚ ਕੜਾਕੇ ਦੀ ਸਰਦੀ ਅਤੇ ਗਰਮੀਆਂ ਵਿੱਚ ਸਖਤ ਗਰਮੀ ਪੈਂਦੀ ਹੈ। ਸੂਰ ਸਖਤ ਗਰਮੀ ਤੇ ਸਰਦੀ ਬਰਦਾਸ਼ਤ ਨਹੀਂ ਕਰ ਸਕਦੇ। ਇਸ ਲਈ ਇਹ ਜ਼ਰੂਰੀ ਹੈ ਕਿ ਸੂਰ ਘਰ ਦੇ ਆਲੇ ਦੁਆਲੇ ਠੰਡੀਆਂ ਤੇ ਤੇਜ਼ ਹਵਾਵਾਂ ਰੋਕਣ ਲਈ ਦਰਖ਼ਤ (ਵਿੰਡ ਬਰੇਕਰ) ਲਗਾਏ ਜਾਣ। ਸੂਰਾਂ ਦੇ ਸਰੀਰ ਤੇ ਪਸੀਨੇ ਦੇ ਮੁਸਾਮ ਨਾ ਹੋਣ ਕਾਰਣ ਸਰੀਰਕ ਤਾਪਮਾਨ ਜਲਦੀ ਜਲਦੀ ਨਹੀਂ ਘੱਟਦਾ। ਇਸ ਲਈ ਗਰਮੀਆਂ ਵਿੱਚ ਸੂਰ ਵਾੜੇ ਦਾ ਤਾਪਮਾਨ ਘਟਾਉਣ ਲਈ ਸੂਰ ਘਰ ਵਿੱਚ ਛਾਂ ਦਾਰ ਦਰਖ਼ਤ ਲਗਾਏ ਜਾਣ। ਇਹ ਦਰਖ਼ਤ ਇਸ ਤਰ੍ਹਾਂ ਦੇ ਹੋਣ ਜੋ ਗਰਮੀਆਂ ਨੂੰ ਠੰਢੀ ਛਾਂ ਦੇਣ ਤੇ ਸਰਦੀਆਂ ਵਿੱਚ ਇਨ੍ਹਾਂ ਦੇ ਪੱਤੇ ਝੜ ਜਾਣ  ਅਤੇ ਸੂਰ ਘਰ ਵਿੱਚ ਖੁੱਲੀ ਧੁੱਪ ਆ ਸਕੇ।ਜਿਵੇਂ ਸ਼ਹਿਤੂਤ, ਟਾਹਲੀ ਆਦਿ।
5. ਸੂਰ ਘਰ ਦੀ ਬਣਤਰ ਇਸ ਤਰ੍ਹਾਂ ਦੀ ਹੋਵੇ ਜੋ ਕਾਫੀ ਲੰਮੇ ਸਮੇਂ ਤੱਕ ਵਰਤਿਆ ਜਾ ਸਕੇ ਤੇ ਲੋੜ ਪੈਣ ਤੇ ਵਧਾਇਆ ਵੀ ਜਾ ਸਕੇ।
6. ਜੇਕਰ ਸੰਭਵ ਹੋ ਸਕੇ ਤਾਂ ਵਾੜੇ ਇਸ ਤਰ੍ਹਾਂ ਬਣਾਏ ਜਾਣ ਤਾਂ ਜੋ ਥੋੜੇ ਸਮੇਂ ਵਿੱਚ ਸਾਰੇ ਸੂਰਾਂ ਤੇ ਚੰਗੀ ਤਰ੍ਹਾਂ ਨਿਗ੍ਹਾ ਮਾਰੀ ਜਾ ਸਕੇ।
7. ਸੂਰ ਘਰ ਵਿੱਚ ਹੀ ਖ਼ੁਰਾਕ ਦਾ ਸਟੋਰ ਬਣਾਇਆ ਜਾਵੇ। ਇਸ ਤਰ੍ਹਾਂ ਕਰਨ ਨਾਲ ਸਮੇਂ ਦੀ ਬੱਚਤ ਤੇ ਸੌਖ ਰਹਿੰਦੀ ਹੈ।
8. ਸੂਰ ਵਾੜਿਆਂ ਵਿੱਚ ਖੜਵੀਆਂ ਇੱਟਾਂ ਦਾ ਫਰਸ਼ ਜਾਂ ਫਿਰ ਸੀਮਿੰਟ ਅਤੇ ਬੱਜਰੀ ਦਾ ਖੁਰਦਰਾ ਜਿਹਾ ਫਰਸ਼ ਲਗਵਾਉਣਾ ਬਿਹਤਰ ਰਹਿੰਦਾ ਹੈ। ਇਸ ਨਾਲ ਸੂਰ ਤਿਲਕਣ ਤੋਂ ਬੱਚ ਜਾਂਦੇ ਹਨ। ਇਸ ਤਰ੍ਹਾਂ ਦਾ ਫਰਸ਼ ਪਿਸ਼ਾਬ ਤੇ ਪਾਣੀ ਨੂੰ ਵੀ ਨਹੀਂ ਚੂਸਦਾ। ਸੂਰਾਂ ਦਾ ਮੂੰਹ ਕੁਦਰਤੀ ਤੌਰ ਤੇ ਸਖ਼ਤ ਹੋਣ ਕਾਰਨ ਬੱਜਰੀ ਦਾ ਅਤੇ ਖੜਵੀਆਂ ਇੱਟਾਂ ਦਾ ਫਰਸ਼ ਨਹੀਂ ਪੁਟਿਆ ਜਾ ਸਕਦਾ ਅਤੇ ਟੋਏ ਪੈਣ ਦਾ ਡਰ ਵੀ ਨਹੀਂ ਰਹਿੰਦਾ।

**ਸੂਰਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਲਈ ਘਰ**

ਸੂਰ ਪਾਲਣ ਦੇ ਧੰਦੇ ਤੋਂ ਜ਼ਿਆਦਾ ਕੁਸ਼ਲਤਾ ਨਾਲ ਅਤੇ ਵਧੇਰੇ ਉਤਪਾਦਨ ਲੈਣ ਲਈ ਸੂਰ ਵਾੜਿਆਂ ਨੂੰ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ।

1. ਦੁੱਧੋਂ ਸੁੱਕੀਆਂ ਫੰਡਰ ਅਤੇ ਗੱਭਣ ਸੂਰੀਆਂ
2. ਬੱਚਿਆਂ ਵਾਲੀਆਂ ਸੂਰੀਆਂ (ਪ੍ਰਸੂਤ ਖਾਨੇ)
3. ਔਸਰ ਬੱਚਿਆਂ ਦੇ ਖਾਨੇ
4. ਸਾਨ੍ਹ ਸੂਰ ਲਈ ਵਾੜਾ

**1. ਦੁੱਧੋਂ ਸੁੱਕੀਆਂ ਫੰਡਰ ਅਤੇ ਗੱਭਣ ਸੂਰੀਆਂ** (Dry and pregnant sows)

ਇਹ ਉਹ ਵਾੜਾ ਹੈ ਜਿਥੇ ਬੱਚਿਆਂ ਤੋਂ ਵੱਖ ਕੀਤੀਆਂ ਹੋਈਆਂ ਸੂਰੀਆਂ ਤੇ ਗੱਭਣ ਸੂਰੀਆਂ ਰੱਖੀਆਂ ਜਾਂਦੀਆਂ ਹਨ। ਦੁੱਧੋਂ ਸੁੱਕੀਆਂ ਤੇ ਗੱਭਣ ਸੂਰੀਆਂ ਲਈ 19-29 ਵਰਗ ਫੁੱਟ ਛੱਤੀ ਹੋਈ  ਜਗ੍ਹਾ ਦੀ ਲੋੜ ਹੁੰਦੀ ਹੈ। ਇਕ ਖਾਨੇ ਵਿੱਚ ਵੱਧ ਤੋਂ ਵੱਧ 10-12 ਸੂਰੀਆਂ ਹੀ ਰੱਖਣੀਆਂ ਚਾਹੀਦੀਆਂ ਹਨ, ਖਾਸਕਰ ਜਿਨ੍ਹਾਂ ਦੀ ਉਮਰ ਅਤੇ ਸੂਣ ਦਾ ਸਮਾਂ ਤਕਰੀਬਨ ਬਰਾਬਰ ਹੋਵੇ। ਆਮ ਤੌਰ ਤੇ ਗੱਭਣ ਸੂਰੀਆਂ ਨੂੰ ਦੁੱਧੋਂ ਸੁੱਕੀਆਂ ਸੂਰੀਆਂ ਦੇ ਨਾਲ ਦੋ ਮਹੀਨੇ ਦੇ ਸਮੇਂ ਤੱਕ ਹੀ ਰੱਖਿਆ ਜਾ ਸਕਦਾ ਹੈ। ਇਸ ਪਿਛੋਂ ਇਨ੍ਹਾਂ ਨੂੰ ਵੱਖਰਿਆਂ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਦੀ ਖ਼ੁਰਾਕ ਦੀ ਬਣਤਰ ਵਿੱਚ ਫ਼ਰਕ ਪੈ ਜਾਂਦਾ ਹੈ।

ਜੇਕਰ ਸੂਰੀਆਂ ਦੀ ਗਿਣਤੀ 10-12 ਤੋਂ ਵਧਾ ਦਿੱਤੀ ਜਾਵੇ ਤਾਂ ਖ਼ੁਰਾਕ ਤੇ ਪਾਣੀ ਵਾਲੀਆਂ ਖੁਰਲੀਆਂ ਤੇ ਭੀੜ ਹੋਣ ਕਾਰਨ ਇਹ ਆਪਸ ਵਿੱਚ ਲੜਦੀਆਂ ਰਹਿੰਦੀਆਂ ਹਨ। ਜਿਸ ਦੇ ਫਲਸਰੂਪ ਪੈਦਾ ਹੋਣ ਵਾਲੇ ਬੱਚੇ ਸੂਰੀ ਦੇ ਗਰਭ ਵਿੱਚ ਹੀ ਮਰ ਜਾਂਦੇ ਹਨ। ਗੱਭਣ ਸੂਰੀਆਂ ਦੀ ਕਸਰਤ ਲਈ ਖੁੱਲੀ ਵਲਗਣ ਦਾ ਹੋਣਾ ਬਹੁਤ ਜ਼ਰੂਰੀ ਹੈ। ਗਰਮੀਆਂ ਵਿੱਚ ਅਤਿ ਦੀ ਗਰਮੀ ਤੋਂ ਬੱਚਣ ਲਈ ਪਾਣੀ ਦਾ ਚੁਬੱਚਾ ਜਿਹੜਾ ਕਿ 6 ਫੁੱਟ ਲੰਬਾ, 4 ਫੁੱਟ ਚੌੜਾ ਅਤੇ 1 ਫੁੱਟ ਡੂੰਘਾ ਹੋਵੇ, ਬਣਾ ਦੇਣਾ ਚਾਹੀਦਾ ਹੈ। ਗੱਭਣ ਸੂਰੀਆਂ ਨੂੰ ਸੂਣ ਤੋਂ ਤਕਰੀਬਨ ਇੱਕ ਹਫਤਾ ਪਹਿਲਾਂ ਇਨ੍ਹਾਂ ਵਾੜਿਆਂ ਵਿੱਚੋਂ ਪ੍ਰਸੂਤਖਾਨੇ ਵਿੱਚ ਲੈ ਜਾਣਾ ਚਾਹੀਦਾ ਹੈ।

**2. ਬੱਚਿਆਂ ਵਾਲੀਆਂ ਸੂਰੀਆਂ (ਪ੍ਰਸੂਤ ਖਾਨਾ)**

ਸੂਰਾਂ ਦੇ ਵਾੜਿਆਂ ਵਿੱਚ ਸਭ ਤੋਂ ਮੱਹਤਵਪੂਰਣ ਵਾੜਾ ਅਤੇ ਸਭ ਤੋਂ ਜ਼ਰੂਰੀ ਵਾੜਾ ਪ੍ਰਸੂਤਖਾਨਾ ਹੁੰਦਾ ਹੈ, ਜਿਸ ਵਿੱਚ ਬੱਚਿਆਂ ਦਾ ਜਨਮ ਹੁੰਦਾ ਹੈ। ਨਵ ਜੰਮੇ ਬੱਚਿਆਂ ਦਾ ਸਰੀਰਕ ਤਾਪਮਾਨ ਬਾਹਰ ਦੇ ਤਾਪਮਾਨ (ਖਾਸ ਕਰਕੇ ਸਰਦੀਆਂ ਵਿੱਚ) ਤੋਂ ਕਾਫੀ ਜ਼ਿਆਦਾ ਹੁੰਦਾ ਹੈ। ਇਸ ਲਈ ਪ੍ਰਸੂਤਖਾਨਾ ਨਿੱਘਾ, ਖੁਸ਼ਕ ਤੇ ਆਰਾਮਦੇਹ ਹੋਣਾ ਚਾਹੀਦਾ ਹੈ ਤਾਂ ਜੋ ਨਵ ਜੰਮੇ ਬੱਚੇ ਠੰਢ ਤੇ ਸਿੱਲ ਕਾਰਨ ਨਾ ਮਰ ਜਾਣ। ਘੱਟੋ ਘੱਟ 8X10 ਫੁੱਟ ਛੱਤਿਆ ਹੋਇਆ ਪ੍ਰਸੂਤਖਾਨਾ, ਜਿਸ ਨਾਲ 16X8 ਫੁੱਟ ਖੁੱਲਾ ਵਿਹੜਾ ਹੋਵੇ, ਸੂਰੀ ਅਤੇ ਉਸਦੇ ਬੱਚਿਆਂ ਲਈ ਕਾਫੀ ਹੁੰਦਾ ਹੈ।

3. **ਗਾਰਡ ਰੇਲਜ਼**

ਆਮ ਤੌਰ ਤੇ ਵੇਖਣ ਵਿੱਚ ਆਉਂਦਾ ਹੈ ਕਿ ਬੱਚੇ ਦੁੱਧ ਚੁੰਘਣ ਵੇਲੇ ਕੰਧ ਦੇ ਨਾਲ ਇੱਕ ਦੂਜੇ ਨਾਲ ਜੁੜ ਕੇ ਬੈਠਦੇ ਹਨ।ਜਦੋਂ ਸੂਰੀ ਪਾਸਾ ਪਲਟਦੀ ਹੈ ਜਾਂ ਕੰਧ ਨਾਲ ਲੱਗ ਕੇ ਲੇਟਦੀ ਹੈ ਤਾਂ ਬੱਚੇ ਸੂਰੀ ਥੱਲੇ ਆਕੇ ਮਰ ਜਾਂਦੇ ਹਨ।ਅਜਿਹੀ ਅਣਆਈ ਮੌਤ ਤੋਂ ਬੱਚਿਆਂ ਨੂੰ ਬਚਾਉਣ ਲਈ ਕੰਧ ਦੇ ਨਾਲ ਫਰਸ਼ ਤੋਂ 1 ਫੁੱਟ ਉੱਪਰ ਤੇ ਕੰਧ ਤੋਂ ਇੱਕ ਫੁੱਟ ਦੇ ਫਾਸਲੇ ਤੇ ਪਾਈਪ ਫਿੱਟ ਕਰਨੀ ਬਹੁਤ ਜ਼ਰੂਰੀ ਹੈ। ਇਸ ਪਾਈਪ ਦਾ ਆਕਾਰ ਇੱਕ ਇੰਚ ਮੋਟਾ ਹੋਣਾ ਚਾਹੀਦਾ ਹੈ। ਇਨ੍ਹਾਂ ਨੂੰ ਗਾਰਡ ਰੇਲਜ਼ ਆਖਦੇ ਹਨ।



ਪ੍ਰਸੂਤ ਖਾਨੇ ਵਿੱਚ ਕਰੀਪ ਦੀ ਜਗ੍ਹਾ ਉਤੇ ਗਾਰਡ ਰੇਲਜ਼

4. **ਕਰੀਪ ਘੁਰਨਾ**

ਬੱਚਿਆਂ ਨੂੰ ਨਿੱਘੀ ਅਤੇ ਖੁਸ਼ਕ ਥਾਂ ਤੇ ਰੱਖਣ ਤੋਂ ਇਲਾਵਾ ਇਨ੍ਹਾਂ ਨੂੰ ਪੌਸ਼ਟਿਕ ਅਤੇ ਜਲਦੀ ਉਸਾਰਨ ਵਾਲੀ ਖ਼ੁਰਾਕ ਦੇਣੀ ਬਹੁਤ ਜ਼ਰੂਰੀ ਹੈ। ਕਿਉਂਕਿ ਸੂਰੀ ਦਾ ਦੁੱਧ ਤਿੰਨ ਹਫਤਿਆਂ ਬਾਅਦ ਘੱਟਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਕਰਨ ਵਾਸਤੇ ਬੱਚਿਆਂ ਲਈ ਪ੍ਰਸੂਤ ਖਾਨੇ ਦੇ ਇਕ ਪਾਸੇ ਵਾਲੀ ਕੰਧ ਦੇ ਨਾਲ 5 X 2.5 ਫੁੱਟ ਦਾ ਇਕ ਘੁਰਨਾ ਬਣਾ ਦੇਣਾ ਚਾਹੀਦਾ ਹੈ।ਇਹ ਘੁਰਨਾ 10-15 ਵਰਗ ਫੁੱਟ ਖੇਤਰਫਲ ਦਾ ਹੋਣਾ ਜ਼ਰੂਰੀ ਹੈ ਅਤੇ ਇਸ ਦੇ ਵਿੱਚ ਹੀ ਦਾਣੇ ਰਖਣ ਵਾਸਤੇ ਥਾਂ ਬਣਾਉਣੀ ਚਾਹੀਦੀ ਹੈ। ਇਹਨਾਂ ਘੁਰਨਿਆਂ ਵਿੱਚ ਖ਼ੁਰਾਕ ਹਮੇਸ਼ਾ ਹੀ ਪਈ ਰਹਿਣ ਦੇਣੀ ਚਾਹੀਦੀ ਹੈ। ਇਸ ਘੁਰਨੇ ਦਾ ਦਰਵਾਜਾ 15 X 20 ਸੈਂਟੀਮੀਟਰ ਦਾ ਬਣਾਇਆ ਜਾਣਾ ਚਾਹੀਦਾ ਹੈ ਜਿਸ ਵਿੱਚੋਂ ਕੇਵਲ ਬੱਚੇ ਹੀ ਅੰਦਰ ਬਾਹਰ ਆ ਜਾ ਸਕਣ।

**ਬੱਚਿਆਂ ਹਵਾਵਾਂ ਤੋਂ ਬਚਾਉਣਾ**

ਬੱਚਿਆਂ ਨੂੰ ਸਿੱਧੀਆਂ ਠੰਡੀਆਂ ਹਵਾਵਾਂ ਅਤੇ ਗਰਮ ਲੂਅ ਤੋਂ ਬਚਾਉਣ ਲਈ ਵਿਹੜੇ ਵਿੱਚ ਖੁੱਲਣ ਵਾਲੇ ਦਰਵਾਜੇ ਦੇ ਸਾਹਮਣੇ ਇਕ ਦੀਵਾਰ ਉਸਾਰੋ ਤਾਂ ਜੋ ਸਿੱਧੀ ਹਵਾ ਅੰਦਰ ਨਾ ਆ ਸਕੇ। ਇਹ ਦੀਵਾਰ ਦਰਵਾਜੇ ਤੋਂ ਇੱਕ-ਡੇਢ ਫੁੱਟ ਦੀ ਦੂਰੀ ਤੇ ਵਿਹੜੇ ਵਿੱਚ ਬਣਾਉਣੀ ਚਾਹੀਦੀ ਹੈ। ਇਸ ਦੀਵਾਰ ਦੀ ਉਚਾਈ ਦਰਵਾਜੇ ਦੀ ਉਚਾਈ ਦੇ ਬਰਾਬਰ ਹੋਣੀ ਚਾਹੀਦੀ ਹੈ।

**ਔਸਰ ਬੱਚਿਆਂ ਦੇ ਖਾਨੇ**

ਦੁੱਧੋਂ ਛੁਡਾਏ ਬੱਚਿਆਂ ਨੂੰ 6 ਵਰਗ ਫੁੱਟ ਪ੍ਰਤੀ ਸੂਰ, ਮੋਟੇ ਹੋਣ ਵਾਲੇ ਬੱਚਿਆਂ ਨੂੰ 8 ਵਰਗ ਫੁੱਟ ਪ੍ਰਤੀ ਬੱਚਾ ਥਾਂ ਦੀ ਜ਼ਰੂਰਤ ਹੈ। ਅਜਿਹੇ ਵਾੜਿਆਂ ਵਿੱਚ ਵੱਧ ਤੋਂ ਵੱਧ 20 ਛੋਟੇ ਬੱਚੇ ਇੱਕਠੇ ਰਖੇ ਜਾ ਸਕਦੇ ਹਨ। ਇਸ ਤਰ੍ਹਾਂ ਮੋਟੇ ਹੋਣ ਵਾਲੇ ਸੂਰਾਂ ਦੀ ਗਿਣਤੀ 15 ਤੋਂ ਵੱਧ ਨਹੀਂ ਹੋਣੀ ਚਾਹੀਦੀ ਹੈ। ਇਹ ਵਾੜੇ ਬੱਚਿਆਂ ਦੀ ਗਿਣਤੀ ਦੇ ਮੁਤਾਬਿਕ ਹੀ ਬਣਾਏ ਜਾਣੇ ਚਾਹੀਦੇ ਹਨ । ਸਿਆਲ ਦੀ ਰੁੱਤ ਵਿੱਚ ਹਰੇਕ ਖਾਨੇ ਵਿੱਚ ਬੱਚਿਆਂ ਦੀ ਗਿਣਤੀ 1-2 ਸੂਰ ਤਕ ਵਧਾਈ ਜਾ ਸਕਦੀ ਹੈ। ਜੇਕਰ ਸੂਰਾਂ ਦੀ ਗਿਣਤੀ ਲੋੜ ਤੋਂ ਜ਼ਿਆਦਾ ਹੋਵੇ ਤਾਂ ਇਨ੍ਹਾਂ ਦੇ ਵੱਧਣ ਫੁੱਲਣ ਤੇ ਭੈੜਾ ਅਸਰ ਪੈਂਦਾ ਹੈ।

**ਸਾਨ੍ਹ ਸੂਰ ਲਈ ਵਾੜਾ (Boar pen)**

ਸਾਨ੍ਹ ਸੂਰਾਂ ਨੂੰ ਨਸਲਕਸ਼ੀ ਦਾ ਪੂਰਾ ਰਿਕਾਰਡ ਰੱਖਣ ਲਈ ਵੱਖ-ਵੱਖ ਖਾਨਿਆਂ ਵਿੱਚ ਅਲੱਗ ਅਲੱਗ ਰੱਖਿਆ ਜਾਂਦਾ ਹੈ। ਇਕ ਸਾਨ੍ਹ ਸੂਰ ਲਈ 50 ਵਰਗ ਫੁੱਟ ਛੱਤੀ ਹੋਈ ਥਾਂ ਤੇ 100 ਵਰਗ ਫੁੱਟ ਖੁੱਲੀ ਵਲਗਣ ਹੋਣੀ ਚਾਹੀਦੀ ਹੈ ਜਿਸ ਵਿੱਚ ਉਹ ਖੁੱਲੀ ਕਸਰਤ ਕਰ ਸਕੇ।

**ਸੂਰ ਵਾੜਿਆਂ ਦੀ ਬਣਤਰ**

1. **ਫਰਸ਼**: ਸੂਰ ਘਰਾਂ ਵਿੱਚ ਫਰਸ਼ ਸਖ਼ਤ ਹੋਣਾ ਚਾਹੀਦਾ ਹੈ, ਜੋ ਕਿ ਜਲਦੀ ਸਾਫ ਹੋ ਸਕੇ। ਸੀਮਿੰਟ ਤੇ ਬਜਰੀ ਦਾ ਬਣਿਆ ਹੋਇਆ ਫਰਸ਼ ਬਹੁਤ ਚੰਗਾ ਹੁੰਦਾ ਹੈ। ਜੇਕਰ ਇੱਟਾਂ ਦਾ ਫਰਸ਼ ਬਣਵਾਉਣਾ ਹੋਵੇ ਤਾਂ ਹਮੇਸ਼ਾ ਖੜਵੀਆਂ ਇੱਟਾਂ ਦਾ ਫਰਸ਼ ਬਣਾਓ ਤਾਂ ਜੋ ਸੂਰ ਮੂੰਹ ਮਾਰ ਕੇ ਇੱਟਾਂ ਨਾ ਪੁੱਟ ਸਕਣ। ਸੂਰ ਘਰਾਂ ਵਿੱਚੋਂ ਪਾਣੀ ਨੂੰ ਜਲਦੀ ਕੱਢਣ ਲਈ ਫਰਸ਼ ਦੀ ਢਲਾਣ ਹਰ 72 ਇੰਚ ਲੰਬਾਈ ਪਿੱਛੇ ਇੱਕ ਇੰਚ ਰੱਖਣੀ ਚਾਹੀਦੀ ਹੈ ।
2. **ਛੱਤਾਂ**:ਆਮ ਤੌਰ ਤੇ ਛੱਤਾਂ ਟਾਈਲ ਦੀਆਂ ਇੱਟਾਂ ਜਾਂ ਐਸਬੈਸਟਸ ਦੀਆਂ ਚਾਦਰਾਂ ਪਾ ਕੇ ਬਣਾਈਆਂ ਜਾਂਦੀਆਂ ਹਨ, ਜੋ ਕਿ ਕਾਫੀ ਮਹਿੰਗੀਆਂ ਪੈਂਦੀਆਂ ਹਨ। ਇਸ ਦੇ ਮੁਕਾਬਲੇ ਵਿੱਚ ਕਾਨਿਆਂ ਤੇ ਫੂਸ ਦੀ ਛੱਤ ਬਹੁਤ ਸਸਤੀ ਪੈਂਦੀ ਹੈ। ਇਸ ਤਰ੍ਹਾਂ ਦੀ ਛੱਤ ਗਰਮੀਆਂ ਵਿੱਚ ਠੰਡੀ ਤੇ ਸਰਦੀਆਂ ਵਿੱਚ ਗਰਮ ਰਹਿੰਦੀ ਹੈ।
3. **ਕੰਧਾਂ**:ਸੂਰ ਘਰ ਵਿੱਚ ਦੀਆਂ ਬਾਹਰਲੀਆਂ ਕੰਧਾਂ 4 ਤੋਂ 5 ਫੁੱਟ ਉੱਚੀਆਂ ਹੁੰਦੀਆਂ ਹਨ। ਸੂਰ ਘਰ ਵਿਚਲੇ ਖਾਨਿਆਂ ਨੂੰ ਅਲੱਗ ਕਰਨ ਲਈ 4 ਫੁੱਟ ਉੱਚੀਆਂ ਦੀਵਾਰਾਂ ਖੜੀਆਂ ਕੀਤੀਆਂ ਜਾ ਸਕਦੀਆਂ ਹਨ। ਕੰਧਾਂ ਦਾ ਇਕਸਾਰ ਹੋਣਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਇਹ ਆਪਣੇ ਨਥੂਨੇ (Snout) ਨਾਲ ਕੰਧਾਂ ਨੂੰ ਪੁੱਟ ਸਕਦੇ ਹਨ।
4. **ਦਰਵਾਜੇ**:ਸੂਰਾਂ ਦਾ ਮੂੰਹ ਕੁਦਰਤੀ ਤੌਰ ਤੇ ਸਖਤ ਤੇ ਜ਼ੋਰਦਾਰ ਹੋਣ ਕਾਰਣ ਇਹ ਮਿੱਟੀ ਜਾਂ ਫਰਸ਼ ਪੁੱਟਦੇ ਰਹਿੰਦੇ ਹਨ। ਦਰਵਾਜਿਆਂ ਨੂੰ ਸੂਰਾਂ ਦੇ ਜ਼ੋਰ ਲਗਾ ਕੇ ਪੁੱਟਣ ਤੋਂ ਬਚਾਉਣ ਲਈ ਦਰਵਾਜੇ ਮਜ਼ਬੂਤ ਤੇ ਫਰਸ਼ ਦੇ ਬਿਲਕੁਲ ਨਾਲ ਹੋਣੇ ਚਾਹੀਦੇ ਹਨ। ਤਾਂ ਜੋ ਇਹ ਦਰਵਾਜਏ ਦੇ ਥੱਲੇ ਆਪਣਾ ਨਥੂਨਾ ਨਾ ਫਸਾ ਸਕਣ। ਦਰਵਾਜਿਆਂ ਦੀ ਚੌੜਾਈ ਢਾਈ ਤੋਂ ਤਿੰਨ ਫੁੱਟ ਹੋਣੀ ਚਾਹੀਦੀ ਹੈ ਅਤੇ ਇਹ ਲੋਹੇ ਦੀਆਂ ਚਾਦਰਾਂ ਦੇ ਹੋਣੇ ਚਾਹੀਦੇ ਹਨ।

5. **ਪਾਣੀ ਤੇ ਦਾਣੇ ਦੀ ਜਗ੍ਹਾ**:ਹਰੇਕ ਸੂਰ ਵਾੜੇ ਵਿੱਚ ਦੀਵਾਰ ਦੇ ਨਾਲ ਨਾਲ (1 ਫੁੱਟ ਜਗ੍ਹਾ ਪ੍ਰਤੀ ਸੂਰ) ਖੁਰਲੀਆਂ ਬਣਾਉਣੀਆਂ ਚਾਹੀਦੀਆਂ ਹਨ। ਜਿਨ੍ਹਾਂ ਦੀ ਡੂੰਘਾਈ 6 ਇੰਚ ਹੋਵੇ। ਜੇਕਰ ਖੁਰਲੀਆਂ ਦੀ ਥਾਂ ਘੱਟ ਹੋਵੇਗੀ ਤਾਂ ਸੂਰ ਆਪਸ ਵਿੱਚ ਲੜਦੇ ਰਹਿਣਗੇ ਅਤੇ ਸੂਰਾਂ ਦੇ ਭਾਰ ਵਿੱਚ ਇਕਸਾਰ ਵਾਧਾ ਨਹੀਂ ਹੋਵੇਗਾ। ਇਸ ਦੇ ਨਾਲ ਨਾਲ ਸੂਰ ਵਾੜੇ ਵਿੱਚ ਪਾਣੀ ਵਾਲੀਆਂ ਖੁਰਲੀਆਂ ਵੀ ਬਣਾਉਣੀਆਂ ਚਾਹੀਦੀਆਂ ਹਨ ਜੋ ਕਿ ਹਰ ਇਕ ਫੁਟ ਤੇ ਵੰਡੀ ਹੋਵੇ।

ਇਨ੍ਹਾਂ ਸਭ ਤੋਂ ਇਲਾਵਾ ਸੂਰ ਘਰ ਵਿੱਚ ਤਾਜ਼ੀ ਹਵਾ ਤੇ ਪ੍ਰਕਾਸ਼ ਆਉਣ ਤੇ ਗੰਦੀ ਅਤੇ ਗਰਮ ਹਵਾ ਨੂੰ ਬਾਹਰ ਕੱਢਣ ਲਈ ਖਿੜਕੀਆਂ ਅਤੇ ਰੋਸ਼ਨਦਾਨ ਹੋਣੇ ਵੀ ਬਹੁਤ ਜ਼ਰੂਰੀ ਹਨ।

# ਸੂਰ ਘਰ ਬਣਾਉਣ ਦੀ ਵਿਉਂਤਬੰਦੀ

ਸੂਰ ਘਰ ਵਿੱਚ ਸੂਰਾਂ ਲਈ ਸਹੀ ਅਤੇ ਠੀਕ ਜਗ੍ਹਾ ਹੋਣ ਨਾਲ ਸੂਰਾਂ ਦੀ ਵਧੇਰੇ ਭੀੜ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ। ਸੂਰ ਘਰ ਬਣਇਉਣ ਤੋਂ ਪਹਿਲਾਂ ਇਹ ਪਤਾ ਹੋਣਾ ਚਾਹੀਦਾ ਹੈ ਕਿ ਸੂਰ ਫਾਰਮ ਕੇਵਲ ਨਸਲਕਸ਼ੀ ਵਾਸਤੇ ਵਰਤਿਆ ਜਾਣਾ ਹੈ ਜਾਂ ਫਿਰ ਬੱਚਿਆਂ ਨੂੰ ਪਾਲ ਕੇ ਵੇਚਣ ਲਈ ਉਸਾਰਿਆ ਜਾਣਾ ਹੈ। ਦੂਸਰਾ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਸੂਰ ਫਾਰਮ ਕਿੰਨੀਆਂ ਸੂਰੀਆਂ ਦਾ ਹੋਣਾ ਚਾਹੀਦਾ ਹੈ ਤਾਂ ਜੋ ਉਹਨਾਂ ਤੋਂ ਹੋਣ ਵਾਲੇ ਬੱਚਿਆਂ ਲਈ, ਸਾਨ੍ਹ ਸੂਰ ਲਈ ਘਰ ਦਾ ਪ੍ਰਬੰਧ ਕੀਤਾ ਜਾ ਸਕੇ। ਇਸ ਲਈ ਇਹ ਜ਼ਰੂਰੀ ਹੈ।

**ਪੂਰਵ ਅਨੁਮਾਨ:**

| ਲੜੀ ਨੰ. | | | |
|---|---|---|---|
| 1 | ਨਸਲਕਸ਼ੀ ਲਈ ਸੂਰੀਆਂ ਦੀ ਗਿਣਤੀ | | 5, 10, 15, 20, …… |
| 2 | ਸੂਏ/ਸਾਲ/ਸੂਰੀ | | 2 |
| 3 | ਔਸਤਨ ਬੱਚੇ / ਸੂਆ | | 10 |
| 4 | ਦੁੱਧੋਂ ਛੁਡਾਉਣ ਦਾ ਸਮਾਂ (ਹਫਤੇ) | | 8 |
| 5 | ਔਸਤਨ ਭਾਰ ਵਾਧਾ/ਦਿਨ (ਗ੍ਰਾਮ) | | 400 |
| 6 | ਸੂਰਾਂ ਦੀ ਗਿਣਤੀ/ ਖਾਨਾ | ਫੰਡਰ ਸੂਰੀਆਂ | 10 |
| | | ਵੱਧਣ ਫੁੱਲਣ ਵਾਲੇ | 20 |
| | | ਮੋਟੇ ਹੋਣ ਵਾਲੇ | 15 |
| | | ਸਾਨ੍ਹ ਸੂਰ | 1 |

ਮੋਟੇ ਹੋਣ ਵਾਲੇ ਸੂਰਾਂ ਦੇ ਖਾਨੇ ਵੱਧਣ ਫੁੱਲਣ ਵਾਲੇ ਸੂਰਾਂ ਲਈ ਵੀ ਵਰਤੇ ਜਾ ਸਕਦੇ ਹਨ। ਇਸ ਲਈ ਵੱਧਣ ਫੁੱਲਣ ਵਾਲੇ ਸੂਰਾਂ ਲਈ ਵੱਖਰੇ ਵਾੜੇ ਬਣਾਉਣ ਦੀ ਲੋੜ ਨਹੀਂ।

ਸੂਰੀਆਂ ਦੇ ਇੱਜੜ ਲਈ ਕੁਲ ਵਾੜਿਆਂ ਦੀ ਗਿਣਤੀ ਦਾ ਅਨੁਮਾਨ

| ਲੜੀ ਨੰ. | | 5 ਸੂਰੀਆਂ | 10 ਸੂਰੀਆਂ |
|---|---|---|---|
| 1. | ਪ੍ਰਸੂਤ ਖਾਨੇ | | |
| | ਸੂਰੀ ਦਾ ਪ੍ਰਸੂਤ ਖਾਨੇ ਵਿੱਚ ਕੁਲ ਸਮਾਂ | | |
| | ਸੂਣ ਤੋਂ ਪਹਿਲਾਂ | 1 ਹਫਤਾ | 1 ਹਫਤਾ |
| | ਸੂਣ ਤੋਂ ਬਾਅਦ | 8 ਹਫਤੇ | 8 ਹਫਤੇ |
| | ਸਾਫ ਸਫਾਈ ਦਾ ਸਮਾਂ | 1 ਹਫਤਾ | 1 ਹਫਤਾ |
| | ਪ੍ਰਸੂਤ ਖਾਨੇ ਦੀ ਵਰਤੋਂ ਦਾ ਕੁਲ ਸਮਾਂ/ ਸੂਆ | 10 ਹਫਤੇ | 10 ਹਫਤੇ |
| | ਇਕ ਪ੍ਰਸੂਤ ਖਾਨੇ ਦੀ ਕੁਲ ਵਰਤੋਂ/ ਸਾਲ | 52÷10= 5.2 = 5 ਵਾਰੀ | |
| | ਕੁਲ ਸੂਏ/ਸਾਲ | 5 X 2=10 | 10 X 2 = 20 |
| | ਲੋੜੀਂਦੇ ਪ੍ਰਸੂਤ ਖਾਨੇ | **10÷5 = 2** | **20÷5 = 4** |
| 2. | ਫੰਡਰ ਤੇ ਜਵਾਨ ਸੂਰੀਆਂ ਦੇ ਖਾਨੇ | | |
| | ਪ੍ਰਸੂਤ ਖਾਨੇ ਵਿਚ ਬਿਤਾਇਆ ਸਮਾਂ /ਸੂਰੀ/ਸਾਲ | 2 X9 =18 ਹਫਤੇ | 2 X9 =18 ਹਫਤੇ |
| | ਫੰਡਰ ਸੂਰੀਆਂ ਦੇ ਵਾੜੇ ਵਿੱਚ ਬਤਾਇਆ ਸਮਾਂ /ਸੂਰੀ/ਸਾਲ | 52-18= 34 ਹਫਤੇ | 52-18= 34 ਹਫਤੇ |
| | ਫੰਡਰ ਸੂਰੀਆਂ ਲਈ ਕੁਲ ਵਾੜੇ = ਵਾੜੇ ਵਿਚ ਸਮਾਂ X ਕੁਲ ਸੂਰੀਆਂ / (ਸੂਰੀਆਂ/ਵਾੜਾ) X ਸਾਲ ਦੇ ਹਫਤੇ | [34x5] ÷[10x 52] = 0.327= 1 | [34x10] ÷[10x 52] = 0.65 = 1 |
| 3. | ਵੱਧਣ ਫੁੱਲਣ ਵਾਲੇ ਸੂਰ | | |
| | ਵੱਧਣ ਫੁੱਲਣ ਵਾਲੇ ਵਾੜੇ ਵਿੱਚ ਜਾਣ ਸਮੇਂ ਸੂਰਾਂ ਦਾ ਔਸਤਨ ਭਾਰ | **10 ਕਿਲੋ** | **10 ਕਿਲੋ** |
| | ਕੁਲ ਭਾਰ ਵਾਧਾ | **45-10 = 35 ਕਿਲੋ** | **45-10 = 35 ਕਿਲੋ** |
| | ਮੋਟੇ ਹੋਣ ਵਾਲੇ ਵਾੜੇ ਵਿੱਚ ਜਾਣ ਸਮੇਂ ਸੂਰਾਂ ਦਾ ਔਸਤਨ ਭਾਰ | **45 ਕਿਲੋ** | **45 ਕਿਲੋ** |
| | | | |
| | ਕੁਲ ਸਮਾਂ = ਕੁੱਲ ਭਾਰ ਵਾਧਾ ÷ ਰੋਜ਼ਾਨਾ ਭਾਰ ਵਾਧਾ | 35 ÷ 0.40 = 88 ਦਿਨ = 3 ਮਹੀਨੇ ਤਕਰੀਬਨ | 35 ÷ 0.40 = 88 ਦਿਨ = 3 ਮਹੀਨੇ ਤਕਰੀਬਨ |
| | ਔਸਤਨ ਸੂਏ / ਮਹੀਨਾ | 10÷12= 0.833=1 | 20÷12= 1.7=2 |
| | ਹਰ ਮਹੀਨੇ ਮਿਲਣ ਵਾਲੇ ਬੱਚੇ | **0.833 X 10 = 8.3** | **17 X 10 = 17** |
| | ਔਸਤ ਤੋਂ ਵੱਧ ਬੱਚੇ (10%) | 0.83=1 | 1.7=2 |
| | ਕੁਲ ਬੱਚੇ/ਮਹੀਨਾ | **8+1 = 9** | **17+2 = 19** |
| | ਲੋੜੀਂਦੇ ਵਾੜੇ = ਵਾੜੇ ਵਿੱਚ ਔਸਤਨ ਸਮਾਂ (ਮਹੀਨੇ) X (ਬੱਚਿਆਂ ਦੀ ਗਿਣਤੀ) ÷ ( ਬੱਚੇ/ਵਾੜਾ) | **3 X 9**÷3 =**1.35** ਤਕਰੀਬਨ **2** | **3 X 19** ÷3= **2.85** ਤਕਰੀਬਨ **3** |
| 4. | ਮੋਟੇ ਹੋਣ ਵਾਲੇ ਸੂਰ | | |
| | ਵਾੜੇ ਵਿੱਚ ਔਸਤਨ ਸਮਾਂ/ ਸੂਰ = ਕੁਲ | **[80-45]** ÷0.4 = **87.5** ਦਿਨ = **3** ਮਹੀਨੇ | **[80-45]** ÷0.4 = **87.5** ਦਿਨ = **3** ਮਹੀਨੇ |

| | | | |
|---|---|---|---|
| | ਵਾਧਾ ÷ ਵਾਧਾ/ਦਿਨ | ਤਕਰੀਬਨ | ਤਕਰੀਬਨ |
| | ਕੁਲ ਵਾੜਿਆਂ ਦੀ ਗਿਣਤੀ= ਵਾੜੇ ਵਿੱਚ ਔਸਤਨ ਸਮਾਂ (ਮਹੀਨੇ) X ਬੱਚਿਆਂ ਦੀ ਗਿਣਤੀ ÷ ( ਬੱਚੇ/ਵਾੜਾ) | **3 X 9** ÷15 = **1.8 =ਤਕਰੀਬਨ 2** | **3 X 19** ÷15 = **3.8 =ਤਕਰੀਬਨ 4** |
| 5 | ਬਿਮਾਰ ਜਾਨਵਰਾਂ ਲਈ ਵਾੜਾ | 1 | 1 |
| 6 | ਖ਼ੁਰਾਕ ਲਈ ਸਟੋਰ | 1 | 1 |
| 7 | ਦਫਤਰ | 1 | 1 |

## ਪ ਅਤੇ10 ਸੂਰੀਆਂ ਦੇ ਫਾਰਮ ਤੇ ਵੱਖ-ਵੱਖ ਸ਼੍ਰੇਣੀਆਂ ਦੇ ਵਾੜਿਆਂ ਦੀ ਗਿਣਤੀ

| ਲੜੀ ਨੰ. | ਸੂਰਾਂ ਦੀ ਕਿਸਮ | ਫਾਰਮ ਤੇ ਨਸਲਕਸ਼ੀ ਵਾਲੀਆਂ ਸੂਰੀਆਂ | | ਟਿੱਪਣੀ |
|---|---|---|---|---|
| | | 5 | 10 | |
| | | ਵਾੜਿਆਂ ਦੀ ਗਿਣਤੀ | | |
| 1 | ਪ੍ਰਸੂਤੀ ਖਾਨੇ | 2 | 4 | ਇਕ ਖਾਨਾ ਇਕ ਸੂਰੀ ਅਤੇ ਉਸਦੇ ਬੱਚਿਆਂ ਲਈ |
| 2 | ਫੰਡਰ ਸੂਰੀਆਂ ਲਈ | 1 | 1 | **10 ਸੂਰੀਆਂ/ ਖਾਨਾ** |
| 3 | ਵੱਧਣ ਫੂਲਣ ਵਾਲੇ ਅਤੇ ਮੋਟੇ ਹੋਣ ਵਾਲੇ ਸੂਰ | 2 | 4 | **20 ਵੱਧਣ ਵਾਲੇ ਜਾਂ** 15 **ਮੋਟੇ ਸੂਰ/ ਵਾੜਾ** |
| 4 | ਸਾਨ੍ਹ ਸੂਰ | 1 | 1 | **1 ਸਾਨ੍ਹ ਸੂਰ** |
| 5 | ਬਿਮਾਰ ਸੂਰਾਂ ਲਈ ਵਾੜਾ | 1 | 1 | ਕੇਵਲ ਬਿਮਾਰ ਸੂਰਾਂ ਲਈ |
| 6 | ਖ਼ੁਰਾਕ ਦਾ ਸਟੋਰ | 1 | 1 | ਘੱਟੋ ਘੱਟ **15** ਦਿਨ ਦਾ ਖ਼ੁਰਾਕ ਭੰਡਾਰ |
| 7. | ਦਫਤਰ | 1 | 1 | ਦਫਤਰੀ ਵਰਤੋਂ ਤੇ ਰਿਕਾਰਡ ਰੱਖਣ ਵਾਸਤੇ ਅਤੇ ਹੋਰ ਸਾਜੋ ਸਮਾਨ ਲਈ |



8
8
8
8
8
8
8
8
1
2
1
1
2
1
4
4
5
6
2
2
9
3
3
3
3
7
8
8
8
8
1.ਪ੍ਰਸੂਤ ਘਰ 6’x8’
2 ਕਰੀਪ 15’
3 ਵੱਧਣ ਫੁੱਲਣ ਵਾਲੇ 15x8’
4 ਫੰਡਰ ਸੂਰੀਆਂ 12x8’
5 ਸਾਨ੍ਹ ਸੂਰ 6x8’
6. ਸਟੋਰ 12x8’
7 ਦਫਤਰ 12x8’
8 ਵਿਹੜਾ
9 ਰਸਤਾ 4-5’
ਦਰਵਾਜੇ


ਸੂਰ ਘਰ ਦੀ ਵਿਓਂਤਬੰਦੀ

# ਸੂਰਾਂ ਦੀਆਂ ਬਿਮਾਰੀਆਂ ਦੀ ਰੋਕਥਾਮ

ਪਸ਼ੂ ਪਾਲਣ ਦੇ ਧੰਦੇ ਨੂੰ ਵਧੇਰੇ ਲਾਭਕਾਰੀ ਬਣਾਉਣਾ ਸਿਰਫ ਖੁਰਾਕ ਤੇ ਚੰਗੇ ਪ੍ਰਬੰਧ ਉੱਤੇ ਨਿਰਭਰ ਨਹੀਂ ਹੁੰਦਾ, ਸਗੋਂ ਉਨ੍ਹਾਂ ਦੀ ਬਿਮਾਰੀਆਂ ਤੇ ਪਰਜੀਵਾਂ ਪ੍ਰਤੀ ਦੇਖਭਾਲ ਤੇ ਵੀ ਕਾਫੀ ਮੁਨੱਸਰ ਕਰਦਾ ਹੈ। ਆਮ ਤੌਰ ਤੇ ਪਸ਼ੂ ਪਾਲਕ ਪਸ਼ੂਆਂ ਦੀ ਸਿਹਤ ਵੱਲ ਸਮੇਂ ਸਿਰ ਧਿਆਨ ਨਹੀਂ ਦਿੰਦੇ। ਜਿਸ ਕਰਕੇ ਉਹ ਚੰਗੇ ਤੇ ਸਿਹਤਮੰਦ ਸੂਰ ਪ੍ਰਾਪਤ ਨਹੀਂ ਕਰ ਸਕਦੇ। ਇਸ ਦਾ ਕਾਰਨ  ਉਹਨਾਂ ਨੂੰ ਸੂਰਾਂ ਦੀਆਂ ਬਿਮਾਰੀਆਂ ਦੇ ਲੱਛਣਾਂ ਦਾ ਨਾ ਪਤਾ ਹੋਣਾ ਹੈ।ਹੇਠਾਂ ਕੁਝ ਕੁ ਚਿੰਨ ਦਿੱਤੇ ਗਏ ਹਨ ਜਿਸਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਸ਼ੂ ਸਿਹਤਮੰਦ ਨਹੀਂ ਹੈ ਅਤੇ ਉਹ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਗਏ ਹਨ।

ਸੂਰਾਂ ਦਾ ਸੁਸਤ, ਚਿਹਰਾ ਉਦਾਸ, ਦਾਣਾ ਆਦਿ ਘੱਟ ਖਾਣਾ ਜਾਂ ਬੰਦ ਕਰ ਦੇਣਾ, ਸੁਸਤ ਅਤੇ ਉਤਰੀਆਂ ਹੋਈਆਂ ਅੱਖਾਂ ਭਾਵ ਅੱਖਾਂ ਦਾ ਅੰਦਰ ਵੱਲ ਧੱਸੇ ਹੋਣਾ, ਢਿਲਕੇ ਹੋਏ ਕੰਨ, ਅੱਖਾਂ, ਨਾਸਾਂ ਅਤੇ ਮੂੰਹ ਵਿਚੋਂ ਪਾਣੀ ਵਗਣਾ, ਸਾਹ ਔਖੇ ਲੈਣਾ, ਨਬਜ਼ ਤੇ ਸਾਹ ਤੇਜ਼, ਸਰੀਰਕ ਤਾਪਮਾਨ ਵਿਚ ਵਾਧਾ, ਪੈਰ ਨੇੜੇ ਨੇੜੇ ਹੋਣਾ, ਲਟਕਿਆ ਹੋਇਆ ਸਿਰ, ਚਮੜੀ ਦੇ ਉਪਰਲੇ ਵਾਲ ਖੁਰਦਰੇ ਆਦਿ।

ਜਦੋਂ ਵੀ ਕਿਸੇ ਸੂਰ ਵਿਚ ਅਜਿਹੀ ਅਸਾਧਾਰਨ ਨਿਸ਼ਾਨੀ ਦਿਸੇ ਤਾਂ ਉਸਨੂੰ ਤੁਰੰਤ ਦੂਸਰੇ ਸੂਰਾਂ ਤੋਂ ਅਲੱਗ ਕਰ ਦੇਣਾ ਚਾਹੀਦਾ ਹੈ ਅਤੇ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਵਿਚ ਢਿੱਲ ਨਹੀਂ ਕਰਨੀ ਚਾਹੀਦੀ।

ਇਨ੍ਹਾਂ ਚਿੰਨਾਂ ਦੇ ਵਿਪਰੀਤ ਅੱਖਾਂ ਚਮਕੀਲੀਆਂ, ਵਾਲ ਮੁਲਾਇਮ, ਚਮੜੀ ਦਾ ਰੰਗ ਫਿੱਕਾ ਗੁਲਾਬੀ ਤੇ ਕੁੰਢਲਦਾਰ ਪੂੰਛ ਤੰਦਰੁਸਤੀ ਦੀਆਂ ਨਿਸ਼ਾਨੀਆਂ ਹਨ।

ਪਸ਼ੂ ਦੀ ਸਿਹਤ ਸੰਬੰਧੀ ਇਲਾਜ ਨਾਲੋਂ ਪਰਹੇਜ਼ ਵਾਲੀ ਕਹਾਵਤ ਸਦਾ ਯਾਦ ਰੱਖਣੀ ਚਾਹੀਦੀ ਹੈ। ਸਮੇਂ ਸਿਰ ਉੱਚਿਤ ਇਲਾਜ ਅਤੇ ਸਾਵਧਾਨੀਆਂ ਨਾ ਵਰਤਣ ਕਾਰਨ ਬਹੁਤ ਸਾਰੇ ਪਸ਼ੂ ਮਰ ਜਾਂਦੇ ਹਨ। ਪਸ਼ੂਆਂ ਦਾ ਇਲਾਜ ਕਈ ਵਾਰੀ ਇਸ ਕਰਕੇ ਨਹੀਂ ਕੀਤਾ ਜਾਂਦਾ ਕਿ ਇਲਾਜ ਦੀ ਕੀਮਤ ਪਸ਼ੂ ਦੀ ਕੀਮਤ ਤੋਂ ਜ਼ਿਆਦਾ ਹੁੰਦੀ ਹੈ। ਇਸ ਲਈ ਇਸ ਤਰ੍ਹਾਂ ਦੇ ਉਪਾਅ ਕਰਨੇ ਬਹੁਤ ਜ਼ਰੂਰੀ ਹੋ ਜਾਂਦੇ ਹਨ ਜਿਨ੍ਹਾਂ ਨਾਲ ਪਸ਼ੂਆਂ ਨੂੰ ਬਿਮਾਰੀਆਂ ਤੋਂ ਪਰ੍ਹੇ ਰੱਖਿਆ ਜਾ ਸਕੇ। ਹੇਠਾਂ ਕੁਝ ਧਿਆਨ ਦੇਣ ਯੋਗ ਗੱਲਾਂ ਵਰਣਨ ਕੀਤੀਆਂ ਗਈਆਂ ਹਨ ਜਿਨ੍ਹਾਂ ਨਾਲ ਬਿਮਾਰੀਆਂ ਤੋਂ ਬਚਾਅ ਕੀਤਾ ਜਾ ਸਕਦਾ ਹੈ।

1. ਸੂਰਾਂ ਨੂੰ ਸੰਤੁਲਿਤ ਖੁਰਾਕ ਦੇ ਨਾਲ ਨਾਲ ਸਾਫ ਸੁਥਰੇ ਘਰਾਂ ਵਿਚ ਰੱਖੋ, ਜਿਥੇ ਸਾਫ ਤੇ ਤਾਜੇ ਪਾਣੀ, ਹਵਾ ਤੇ ਰੌਸ਼ਨੀ ਦਾ ਪ੍ਰਬੰਧ ਹੋਵੇ।
2. ਰੋਗੀ ਸੂਰਾਂ ਨੂੰ ਸਿਹਤਮੰਦ ਸੂਰਾਂ ਤੋਂ ਅਲੱਗ ਵੱਖਰੇ ਖਾਨੇ ਵਿਚ ਰੱਖਿਆ ਜਾਵੇ ਤੇ ਉਨ੍ਹਾਂ ਦਾ ਉੱਚਿਤ ਇਲਾਜ ਕਰਵਾਓ।
3. ਰੋਗੀ ਤੇ ਨਿਰੋਗੀ ਸੂਰਾਂ ਦੀ ਵੱਖ ਵੱਖ ਦੇਖਭਾਲ ਕਰੋ।ਜੇਕਰ ਇਹ ਸੰਭਵ ਨਾ ਹੋਵੇ ਤਾਂ ਸਿਹਤਮੰਦ ਸੂਰਾਂ ਦੇ ਮਗਰੋਂ ਰੋਗੀ ਸੂਰਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ।
4. ਜੇ ਸੰਭਵ ਹੋਵੇ ਤਾਂ ਮਰੇ ਹੋਏ ਸੂਰਾਂ ਦਾ ਪੋਸਟ ਮਾਰਟਮ ਜ਼ਰੂਰ ਕਰਵਾਓ। ਜਿਸ ਨਾਲ ਇਹ ਪਤਾ ਲੱਗ ਜਾਂਦਾ ਹੈ ਕਿ ਸੂਰ ਫਾਰਮ ਤੇ ਕਿਹੜੀ ਬਿਮਾਰੀ ਫੈਲੀ ਹੈ ਤਾਂ ਜੋ ਬਿਮਾਰੀ ਦੀ ਰੋਕਥਾਮ ਲਈ ਉੱਚਿਤ ਪ੍ਰਬੰਧ ਜਾਂ ਉਪਰਾਲੇ ਕੀਤੇ ਜਾ ਸਕਣ। ਮਰੇ ਹੋਏ ਸੂਰ ਨੂੰ **6** ਫੁੱਟ ਡੂੰਘਾ ਟੋਆ ਪੁੱਟ ਕੇ ਵਿਚ ਸੁੱਕਾ ਚੂਨਾ ਛਿੜਕ ਕੇ ਦਬਾ ਦਿਓ।
5. ਰੋਗੀ ਸੂਰਾਂ ਦੇ ਖਾਨਿਆਂ ਨੂੰ ਕੀਟਾਣੂੰ ਰਹਿਤ ਕਰਨ ਲਈ ਕਾਸਟਿਕ ਸੋਡੇ ਦੇ 2% ਘੋਲ ਨਾਲ ਛੱਤ ਤੇ ਫਰਸ਼ ਸਾਫ ਕਰੋ ਅਤੇ ਫਿਰ ਸਫੈਦੀ ਕਰੋ। ਇੰਜ ਕਰਨ ਨਾਲ ਬਿਮਾਰੀਆਂ ਦੇ ਕੀਟਾਣੂੰ ਅਤੇ ਅੰਡੇ ਨਸ਼ਟ ਹੋ ਜਾਂਦੇ ਹਨ।
6. ਰੋਜ਼ਾਨਾ ਸੂਰ ਘਰ ਦੀ ਸਫਾਈ ਫਰਨੈਲ ਪਾ ਕੇ ਕਰਨੀ ਚਾਹੀਦੀ ਹੈ।
7. ਜਾਨਵਾਰਾਂ ਦੀ ਖਰੀਦੋ ਫਰੌਖਤ ਉਨ੍ਹਾਂ ਦਿਨਾਂ ਵਿਚ ਬਿਲਕੁਲ ਨਹੀਂ ਕਰਨੀ ਚਾਹੀਦੀ ਜਦੋਂ ਇਨ੍ਹਾਂ ਵਿਚ ਕਿਸੇ ਕਿਸਮ ਦੀ ਛੂਤ ਦੀ ਬਿਮਾਰੀ ਫੈਲੀ ਹੋਵੇ।ਇਸਦੇ ਨਾਲ ਦੂਸਰੇ ਸੂਰ ਪਾਲਕਾਂ ਦੀ ਆਵਾਜਾਈ ਵੀ ਬੰਦ ਕਰ ਦਿਓ।
8. ਬਾਹਰੋਂ ਖਰੀਦੇ ਸੂਰਾਂ ਨੂੰ ਦੂਜੇ ਸੂਰਾਂ ਵਿਚ ਮਿਲਾਉਣ ਤੋਂ ਪਹਿਲਾਂ ਤਿੰਨ ਚਾਰ ਹਫਤੇ ਲਈ ਵੱਖਰਾ ਰੱਖੋ।
9. ਸੂਰ ਹੈਜ਼ੇ ਦੀ ਰੋਕਥਾਮ ਲਈ ਉਨ੍ਹਾਂ ਨੂੰ **6-8** ਹਫਤੇ ਦੀ ਉਮਰ ਦੇ ਜਾਂ ਫਿਰ ਦੁੱਧ ਛੁਡਾਉਣ ਉਪਰੰਤ ਸੂਰ ਹੈਜ਼ੇ ਦਾ ਟੀਕਾ ਲਗਵਾਓ ਤੇ ਫਿਰ ਹਰ ਸਾਲ ਇਹ ਟੀਕਾ ਸੂਰਾਂ ਨੂੰ ਲਗਾਉਣਾ ਚਾਹੀਦਾ ਹੈ। ਬਰਸਾਤਾਂ ਦੀ ਰੁੱਤ ਤੋਂ ਪਹਿਲਾਂ ਤੇ ਬਾਅਦ ਵਿਚ ਕਿਰਮ ਨਾਸ਼ਕ ਦੁਆਈਆਂ ਦਿਓ।
10. ਸੂਰਾਂ ਨੂੰ ਮਲ੍ਹੱਪ ਰਹਿਤ ਕਰਨ ਲਈ ਬਰਸਾਤਾਂ ਦੀ ਰੁੱਤ ਤੋਂ ਪਹਿਲਾਂ ਤੇ ਬਾਅਦ ਵਿਚ ਕਿਰਮ ਨਾਸ਼ਕ ਦੁਆਈਆਂ ਦਿਓ।

11. ਸੂਰੀਆਂ ਦੇ ਸੂਣ ਤੋਂ ਤੁਰੰਤ ਬਾਅਦ ਉਨ੍ਹਾਂ ਦੀ ਜੇਰ ਚੁੱਕ ਲਉ ਅਤੇ ਉਸ ਵਿਚਲੇ ਥੈਲੇ ਗਿਣ ਕੇ ਦਬਾ ਦਿਓ ਤਾਂ ਜੋ ਸੂਰੀ ਦੇ ਇਸਨੂੰ ਖਾ ਜਾਣ ਦੀ ਹਾਲਤ ਵਿਚ ਜਾਂ ਜੇਰ ਦੇ ਅੰਦਰ ਹੀ ਅੜੇ ਰਹਿਣ ਦੀ ਹਾਲਤ ਵਿਚ ਕੋਈ ਬਿਮਾਰੀ ਨਾ ਹੋਵੇ।

12. ਜਨਮ ਤੋਂ ਬਾਅਦ ਬੱਚਿਆਂ ਦਾ ਨਾੜੂਆ ਕੱਟ ਕੇ ਟਿੰਕਚਰ ਆਪ ਆਇਓਡੀਨ ਲਗਾ ਦਿਓ।

13. ਦੋ ਚਾਰ ਦਿਨ ਦੇ ਸੂਰਾਂ ਨੂੰ ਆਇਰਨ ਦੀਆਂ ਗੋਲੀਆਂ ਜਾਂ ਟੀਕੇ ਲਗਵਾਓ ਤਾਂ ਜੋ ਉਹਨਾਂ ਨੂੰ ਖ਼ੂਨ ਦੀ ਕਮੀ ਨਾ ਹੋ ਸਕੇ।

14. ਜੇਕਰ ਛੂਤ ਦਾ ਰੋਗ ਫੈਲ ਜਾਵੇ ਤਾਂ ਤੁਰੰਤ ਨਜ਼ਦੀਕ ਦੇ ਪਸ਼ੂ ਚਕਿਤਸਕ ਨੂੰ ਸੂਚਨਾ ਦਿਓ ਅਤੇ ਰੋਕਥਾਮ ਦਾ ਇਲਾਜ ਕਰੋ।

ਹੇਠਾਂ ਕੁਝ ਕੁ ਪ੍ਰਮੁੱਖ ਬਿਮਾਰੀਆਂ ਦਾ ਵੇਰਵਾ ਦਿੱਤਾ ਜਾਂਦਾ ਹੈ ਜਿਸ ਨਾਲ ਪਸ਼ੂ ਚਿਕਤਸਕ ਦੇ ਪਹੁੰਚਣ ਤੋਂ ਪਹਿਲਾਂ ਇਹਨਾਂ ਨੂੰ ਮੁੱਢਲੀ ਸਹਾਇਤਾ ਦਿਤੀ ਜਾ ਸਕੇ।

**ਵਿਸ਼ਾਣੂੰ (Virus)ਵਾਲੀਆਂ ਬਿਮਾਰੀਆਂ:-**

ਸੂਰ ਹੈਜ਼ਾ(Swine fever): ਇਸ ਰੋਗ ਨੂੰ ਸੂਰਾਂ ਦਾ ਬੁਖ਼ਾਰ (ਸਵਾਈਨ ਫੀਵਰ) ਵੀ ਆਖਦੇ ਹਨ। ਇਹ ਰੋਗ ਵਿਸ਼ਾਣੂੰ ਕਾਰਨ ਸੂਰਾਂ ਦੇ ਮਲ ਮੂਤਰ, ਮੂੰਹ, ਅੱਖਾਂ ਤੇ ਨਾਸਾਂ ਵਿਚੋਂ ਵਗਦੇ ਪਾਣੀ ਜਿਹੇ ਨਾਲ ਦੂਸਰੇ ਸੂਰਾਂ ਨੂੰ ਵੀ ਹੋ ਜਾਂਦਾ ਹੈ। ਜੇਕਰ ਇਹ ਰੋਗ ਹੋ ਜਾਵੇ ਤਾਂ **90-95%** ਸੂਰ ਮਰ ਜਾਂਦੇ ਹਨ।

**ਮੁੱਖ ਚਿੰਨ੍ਹ:**

ਇਸ ਰੋਗ ਦੇ ਮੁੱਖ ਚਿੰਨਾਂ ਵਿਚੋਂ

(1) ਤੇਜ਼ ਬੁਖਾਰ **$105\text{-}106^0$** ਫਾਰਨਹੀਟ।

(2) ਚਮੜੀ ਤੇ ਖੁਨ ਵਰਗੇ ਲਾਲ ਲਾਲ ਦਾਗ

(3) ਭੁੱਖ ਮਰ ਜਾਣੀ।

(4) ਸੂਰ ਸੁਸਤ ਹੋ ਜਾਂਦੇ ਹਨ।

(5) ਅੱਖਾਂ ਵਿਚੋਂ ਸੰਘਣਾ ਤੇ ਚਿਪਕਵਾਂ ਚਿੱਟਾ ਪੀਲਾ ਪਾਣੀ (ਗਿੱਦ) ਵੱਗਦਾ ਹੈ, ਜਿਹੜਾ ਅੱਖਾਂ ਦੀ ਪਲਕਾਂ ਨਾਲ ਚਿਪਕ ਜਾਂਦਾ ਹੈ।

(6) ਸੂਰ ਇੱਕ ਖੂੰਜੇ ਢੇਰੀ ਲਾ ਕੇ ਬੈਠ ਜਾਂਦੇ ਹਨ।

(7) ਕਮਜੋਰੀ ਹੋਣ ਕਾਰਨ ਚਾਲ ਲੜਖੜਾਉਂਦੀ ਹੈ।

(8) ਸੂਰ ਪਹਿਲਾਂ ਨਾਲੋਂ ਜ਼ਿਆਦਾ ਪਾਣੀ ਪੀਂਦੇ ਹਨ।

(9) ਇਸ ਬਿਮਾਰੀ ਦੇ ਸ਼ੁਰੂ ਵਿਚ ਸੂਰਾਂ ਨੂੰ ਕਬਜ਼ ਹੋ ਜਾਂਦੀ ਹੈ ਅਤੇ ਪਿਛੋਂ ਖੂਨੀ ਮਰੋੜ ਲੱਗ ਜਾਂਦੇ ਹਨ।

(10) ਕਈ ਹਲਾਤਾਂ ਵਿਚ ਉਲਟੀਆਂ ਆਉਣ ਲੱਗ ਜਾਂਦੀਆਂ ਹਨ।

(11) ਜੇਕਰ ਗੱਭਣ ਸੂਰੀ ਇਸ ਤੋਂ ਪ੍ਰਭਾਵਿਤ ਹੋਵੇ ਤਾਂ ਸੂਰੀ ਬੱਚੇ ਸੁੱਟ ਦਿੰਦੀ ਹੈ ਨਹੀਂ ਤਾਂ ਬੱਚੇ ਵੀ ਇਸਦੇ ਸ਼ਿਕਾਰ ਹੋ ਜਾਂਦੇ ਹਨ।

ਇਸ ਬਿਮਾਰੀ ਦੇ ਹਮਲੇ ਦੇ 7-12 ਦਿਨਾਂ ਵਿਚ ਸੂਰਾਂ ਦੀ ਮੌਤ ਹੋ ਜਾਂਦੀ ਹੈ।

**ਇਲਾਜ ਤੇ ਰੋਕਥਾਮ:**

ਇਹ ਲਾ-ਇਲਾਜ ਬਿਮਾਰੀ ਹੈ। ਇਸ ਦੇ ਰੋਗ ਦੇ ਬਚਾਓ ਲਈ ਪਹਿਲਾਂ ਹੀ ਸੂਰਾਂ ਨੂੰ ਲੇਪੇਨਾਈਜ਼ਡ ਸਵਾਈਨ ਫੀਵਰ ਵੈਕਸੀਨ ਦਾ ਟੀਕਾ ਲਗਾਇਆ ਜਾਵੇ।ਦੂਸਰੇ ਸੂਰਾਂ ਦੇ ਬਚਾਓ ਲਈ ਤੰਦਰੁਸਤ ਸੂਰਾਂ ਨੂੰ ਬਿਮਾਰ ਸੂਰਾਂ ਤੋਂ ਜਲਦੀ ਵੱਖ ਕਰ ਦੇਣਾ ਚਾਹੀਦਾ ਹੈ। ਮਰੇ ਹੋਏ ਸੂਰਾਂ ਨੂੰ ਚੰਗੀ ਤਰ੍ਹਾਂ ਦਬਾ ਦੇਣਾ ਚਾਹੀਦਾ ਹੈ ਜਾਂ ਫਿਰ ਸਾੜ ਦੇਣਾ ਚਾਹੀਦਾ ਹੈ।

**ਮੂੰਹ ਖੁਰ ਦਾ ਰੋਗ :**

ਸੂਰ ਹੈਜ਼ੇ ਵਾਂਗ ਇਹ ਰੋਗ ਵੀ ਵਿਸ਼ਾਣੂੰ ਰਾਹੀਂ ਹੁੰਦਾ ਹੈ। ਇਹ ਲਾਗ ਦੀ ਬਿਮਾਰੀ ਹੋਣ ਕਾਰਨ ਦੂਸਰੇ ਪਸ਼ੂਆਂ ਤੋਂ ਸੂਰਾਂ ਵਿਚ ਫੈਲ ਜਾਂਦੀ ਹੈ।

**ਮੁੱਖ ਚਿੰਨ:**

1. ਤੇਜ਼ ਬੁਖਾਰ ਹੋਣਾ।
2. ਭੁੱਖ ਘੱਟ ਲੱਗਣ ਕਾਰਨ ਸੂਰ ਦਿਨੋ ਦਿਨ ਕਮਜੋਰ ਹੋ ਜਾਂਦੇ ਹਨ।
3. ਸੂਰ ਲੰਗੜਾ ਕੇ ਚਲਣਗੇ।

4. ਮੂੰਹ ਵਿਚੋਂ ਰਾਲਾਂ ਡਿਗਣੀਆਂ।
5. ਪੈਰਾਂ, ਮੂੰਹ ਅਤੇ ਪੇਟ ਤੇ ਛਾਲੇ ਪੈ ਜਾਂਦੇ ਹਨ ਅਤੇ ਬਾਅਦ ਵਿਚ ਪਾਣੀ ਨਾਲ ਭਰ ਜਾਂਦੇ ਹਨ ਜਿਨ੍ਹਾਂ ਦਾ ਰੰਗ ਪੀਲਾ ਚਿੱਟਾ ਹੋ ਜਾਂਦਾ ਹੈ। ਜੋ ਬਾਅਦ ਵਿਚ ਫੱਟ ਜਾਂਦੇ ਹਨ। ਜਿਨ੍ਹਾਂ ਦਾ ਰੰਗ ਕੱਚਾ ਲਾਲ ਜਿਹਾ ਹੋ ਜਾਂਦਾ ਹੈ।

ਇਸ ਬਿਮਾਰੀ ਕਾਰਨ ਵੱਡੇ ਸੂਰਾਂ ਵਿਚ ਮੌਤ ਛੋਟੇ ਸੂਰਾਂ ਦੇ ਮੁਕਾਬਲੇ ਕਾਫੀ ਘੱਟ ਹੁੰਦੀ ਹੈ। ਪਰ ਉਹ ਕਮਜੋਰ ਹੋ ਜਾਂਦੇ ਹਨ। ਛੋਟੇ ਸੂਰਾਂ ਵਿਚ ਮੌਤ ਦੀ ਦਰ 50 ਫੀ ਸਦੀ ਤੱਕ ਹੋ ਸਕਦੀ ਹੈ। ਇਸ ਰੋਗ ਨਾਲ ਖੁਰ ਝੜ ਜਾਂਦੇ ਹਨ।

**ਇਲਾਜ ਤੇ ਰੋਕਥਾਮ:**

1. ਜਦੋਂ ਇਸ ਰੋਗ ਦਾ ਇਲਾਕੇ ਵਿਚ ਫੈਲਣ ਦਾ ਪਤਾ ਲੱਗੇ ਤਾਂ ਸੂਰ ਫਾਰਮ ਤੇ ਦਰਸ਼ਕਾਂ ਦਾ ਆਣਾ ਜਾਣਾ ਬੰਦ ਕਰ ਦਿਓ।
2. ਸੂਰਾਂ ਦੀ ਆਵਾਜਾਈ ਬੰਦ ਕਰ ਦਿਓ।
3. ਸੂਰ ਫਾਰਮ ਦੇ ਦਰਵਾਜੇ ਤੇ 3-4 ਇੰਚ ਡੂੰਘਾ ਚੁਬੱਚਾ ਬਣਾਕੇ ਇਸ ਵਿਚ ਫਰਨੈਲ ਦਾ ਹਲਕਾ ਘੋਲ ਜਾਂ ਫਿਰ ਸੁੱਕਾ ਚੂਨਾ ਰੱਖ ਦਿਓ। ਜਿਸ ਨਾਲ ਪੈਰ ਧੋਕੇ ਜਾਂ ਪੈਰ ਕਲੀ ਉੱਪਰ ਰੱਖ ਕੇ ਅੰਦਰ ਜਾਵੇ ਤਾਂ ਜੋ ਪੈਰਾਂ ਜਾਂ ਜੁੱਤੀਆਂ ਨਾਲ ਲੱਗੇ ਜਰਾਸੀਮ ਮਰ ਜਾਣ।
4. ਇਸ ਬਿਮਾਰੀ ਦਾ ਕੋਈ ਇਲਾਜ ਨਹੀਂ।ਇਸ ਲਈ ਤੰਦਰੁਸਤ ਸੂਰਾਂ ਨੂੰ ਬਿਮਾਰ ਸੂਰਾਂ ਤੋਂ ਜਲਦੀ ਵੱਖ ਕਰ ਦੇਣਾ ਚਾਹੀਦਾ ਹੈ।
5. ਖੁਰਾਕ ਵੱਖਰੀ ਦਿੱਤੀ ਜਾਵੇ ਤੇ ਕਲੋਰੀਨ ਮਿਲਿਆ ਪਾਣੀ ਪੀਣ ਵਾਸਤੇ ਦਿੱਤਾ ਜਾਵੇ।
6. ਪੈਰਾਂ ਦੇ ਜ਼ਖਮਾਂ ਤੇ ਖੁਸ਼ਕ ਕੀਟਾਣੂੰ ਨਾਸ਼ਕ ਪਾਊਡਰ (ਸਲਫਾਨੋਮਾਈਡ) ਨਾਲ ਪੱਟੀ ਕਰਨੀ ਚਾਹੀਦੀ ਹੈ।
7. ਮੂੰਹ ਲਾਲ ਦਵਾਈ ਦੇ ਹਲਕੇ ਘੋਲ ਨਾਲ ਧੋਤਾ ਜਾਵੇ।
8. ਜ਼ਿਆਦਾ ਸੂਰ ਬਿਮਾਰ ਹੋਣ ਦੀ ਹਾਲਤ ਵਿਚ 10 ਫੁੱਟ ਲੰਬੇ, 6 ਇੰਚ ਡੂੰਘੇ ਅਤੇ ਡੇਢ ਤੋਂ ਦੋ ਫੁੱਟ ਚੌੜੀ ਖਾਈ ਬਣਾ ਕੇ ਹੇਠਾਂ ਲਿਖੀਆਂ ਦਵਾਈਆਂ ਦਾ ਘੋਲ ਪਾਓ।

| | |
|---|---|
| ਫਿਨਾਈਲ | 2% |
| ਨੀਲਾ ਥੋਥਾ (ਕਾਪਰ ਸਲਫੇਟ) | 0.5% |
| ਫਾਰਮੈਲੀਨ | 0.5% |

ਇਸ ਘੋਲ ਵਿਚੋਂ ਬਿਮਾਰ ਸੂਰਾਂ ਨੂੰ ਲੰਘਾਉਣਾ ਉੱਚਿਤ ਹੁੰਦਾ ਹੈ।

**ਨਮੂਨੀਆ:**

ਇਹ ਵੀ ਵਿਸ਼ਾਣੂੰ ਰੋਗ ਹੈ।

1 ਸੂਰ ਨੂੰ ਛਿੱਕਾਂ ਆਉਣੀਆਂ

2. ਸੁੱਕੀ ਖੰਘ ਆਉਣੀ

3. ਸਾਹ ਲੈਣ ਦੀ ਰਫਤਾਰ ਤੇਜ਼ ਹੋ ਜਾਣੀ

4. ਪੂਰੀ ਖੁਰਾਕ ਖਾਣ ਦੇ ਬਾਵਜੂਦ ਸੂਰਾਂ ਦਾ ਵੱਧਣਾ ਫੂਲਣਾ ਰੁਕ ਜਾਂਦਾ ਹੈ।

**ਇਲਾਜ:-**

ਸਲਫਾ ਦਵਾਈਆਂ ਅਤੇ ਬਰਾਡ ਸਪੈਕਟਰਸ ਐਂਟੀਬਾਇਟਿਕਸ ਦੀ ਵਰਤੋਂ ਬਿਮਾਰੀ ਦੇ ਸਮੇਂ ਨੂੰ ਘਟਾਉਂਦੀ ਹੈ ਇਸਦੇ ਜ਼ੋਰ ਨੂੰ ਘੱਟ ਕਰਦੀ ਹੈ।ਇਸ ਰੋਗ ਤੇ ਕਾਬੂ ਪਾਉਣ ਲਈ ਨਮੀ ਰਹਿਤ ਸੁੱਕਾ ਅਤੇ ਮਿੱਟੀ ਘੱਟੇ ਤੋਂ ਰਹਿਤ ਸੂਰ ਘਰ ਹੋਣਾ ਬਹੁਤ ਸਹਾਈ ਹੁੰਦਾ ਹੈ।

ਇਨ੍ਹਾਂ ਰੋਗਾਂ ਤੋਂ ਇਲਾਵਾ ਸੂਰਾਂ ਨੂੰ ਮਾਤਾ ਨਿਕਲਣਾ, ਸੂਰਾਂ ਦਾ ਹਲਕ ਜਾਣਾ, ਟੀ.ਜੀ.ਈ ਟਰਾਂਸਮਿਸੀਬਲ ਗੈਸਟਰੋ ਐਨਟਰਾਈਟਿਸ ਆਦਿ ਹਨ। ਆਮ ਤੌਰ ਤੇ ਸੂਰ ਇਨ੍ਹਾਂ ਬਿਮਾਰੀਆਂ ਦੀ ਪਕੜ ਵਿਚ ਘੱਟ ਆਉਂਦੇ ਹਨ।ਵਿਸ਼ਾਣੂੰ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਇਲਾਵਾ ਸੂਰਾਂ ਵਿਚ ਬੈਕਟੀਰੀਆ ਤੋਂ ਵੀ ਬਿਮਾਰੀਆਂ ਪੈਦਾ ਹੁੰਦੀਆਂ ਹਨ।

**ਸੂਰੀਆਂ ਦਾ ਤੂਅ ਜਾਣਾ (ਗਰਭਪਾਤ):**

ਇਹ ਰੋਗ ਬਰੂਸੇਲਾ ਬੈਕਟੀਰੀਆ ਦੀ ਵਜਾ ਨਾਲ ਸੂਰੀਆਂ ਵਿਚ ਹੁੰਦਾ ਹੈ, ਜੋ ਕਿ ਬਿਮਾਰ ਸੂਰ ਤੋਂ ਜਦੋਂ ਸੂਰੀ ਲਗਵਾਈ ਜਾਂਦੀ ਹੈ ਤਾਂ ਹੋ ਜਾਂਦਾ ਹੈ। ਇਸ ਤੋਂ ਇਲਾਵਾ ਸਵਾਈਨ ਫੀਵਰ, ਵਿਟਾਮਿਨ ਏ ਦੀ ਕਮੀ ਜਾਂ ਸਰੀਰਕ ਸੱਟ ਵੀ ਇਸ ਰੋਗ ਦੇ ਕਾਰਨ ਹੋ ਸਕਦੇ ਹਨ। ਇਸ ਰੋਗ ਵਿਚ ਸੂਰੀ ਵਕਤ ਤੋਂ ਪਹਿਲਾਂ ਹੀ ਬੱਚੇ ਸੁੱਟ ਦਿੰਦੀ ਹੈ, ਜੋ ਕਿ ਮਰੇ ਹੋਏ ਹੁੰਦੇ ਹਨ। ਜੇ ਇਹ ਬੱਚੇ ਜਿਉਂਦੇ ਵੀ ਹੋਣ ਤਾਂ ਉਹ ਕਮਜੋਰ ਹੋਣ ਕਾਰਨ ਮਰ ਜਾਂਦੇ ਹਨ। ਇਸ ਨਾਲ ਸੂਰੀਆਂ ਬੱਚੇ ਪੈਦਾ ਕਰਨ ਦੇ ਕਾਬਲ ਨਹੀਂ ਰਹਿੰਦੀਆਂ।

ਸਾਨ੍ਹ ਸੂਰ ਦੇ ਪਤਾਲੂ ਸੁੱਜ ਜਾਂਦੇ ਹਨ। ਜਦੋਂ ਬਿਮਾਰ ਸੂਰੀ ਤੰਦਰੁਸਤ ਸੂਰ ਤੋਂ ਗੱਭਣ ਕਰਵਾਈ ਜਾਂਦੀ ਹੈ ਤਾਂ ਇਹ ਰੋਗ ਸੂਰ ਨੂੰ ਵੀ ਹੋ ਜਾਂਦਾ ਹੈ ਅਤੇ ਸੂਰ ਤੋਂ ਬਾਕੀ ਸੂਰੀਆਂ ਨੂੰ ਵੀ ਹੋ ਜਾਂਦਾ ਹੈ।

**ਇਲਾਜ:**

ਇਸ ਰੋਗ ਦਾ ਕੋਈ ਵੀ ਇਲਾਜ ਨਹੀਂ ਹੈ ਸਗੋਂ ਬਿਮਾਰ ਸੂਰ ਤੇ ਸੂਰੀਆਂ ਨੂੰ ਮੀਟ ਵਾਸਤੇ ਝਟਕਾ ਦੇਣਾ ਚਾਹੀਦਾ ਹੈ ਤਾਂ ਜੋ ਹੋਰ ਸੂਰੀਆਂ ਨੂੰ ਇਹ ਬਿਮਾਰੀ ਨਾ ਹੋਵੇ। ਕਿਸੇ ਨਿਪੁੰਨ ਜਾਂ ਪਸ਼ੂ ਚਿਕਤਸਕ ਤੋਂ ਸੀਰਮ ਟੈਸਟ ਕਰਵਾ ਲੈਣਾ ਚਾਹੀਦਾ ਹੈ।

ਨਵੇਂ ਖਰੀਦੇ ਹੋਏ ਸੂਰਾਂ ਨੂੰ ਬਾਕੀ ਸੂਰਾਂ ਵਿਚ ਮਿਲਾਉਣ ਤੋਂ ਪਹਿਲਾਂ ਵੱਖਰਿਆਂ ਰੱਖਣਾ ਚਾਹੀਦਾ ਹੈ। ਇਹ ਬਿਮਾਰੀ ਪਸ਼ੂਆਂ ਤੋਂ ਮਨੁੱਖਾਂ ਨੂੰ ਵੀ ਹੋ ਜਾਂਦੀ ਹੈ ਇਸ ਲਈ ਸੂਰੀ ਦੇ ਸੁੱਟੇ ਹੋਏ ਬੱਚੇ, ਜੇਰ ਆਦਿ ਨੂੰ ਦਸਤਾਨੇ ਪਾਕੇ ਹੀ ਚੁੱਕਿਆ ਜਾਵੇ।

**ਗਲਘੋਟੂ:**

ਇਸ ਰੋਗ ਦਾ ਮੁੱਖ ਕਾਰਨ ਮੌਸਮ ਦੀ ਇਕ ਦਮ ਤਬਦੀਲੀ ਹੈ। ਇਸ ਬਿਮਾਰੀ ਦੇ ਫੈਲਣ ਦਾ ਕਾਰਨ ਇੰਨ੍ਹਾਂ ਦਾ ਗੰਦੀ ਜਗ੍ਹਾ ਤੇ ਰਹਿਣਾ ਵੀ ਹੈ।

ਇਸ ਬਿਮਾਰੀ ਦੇ ਮੁੱਖ ਚਿੰਨਾਂ ਵਿਚ

1. ਤੇਜ਼ ਬੁਖਾਰ

2. ਅੱਖਾਂ ਵਿਚੋਂ ਪਾਣੀ ਵਗਣਾ

3. ਭੁੱਖ ਬਿਲਕੁਲ ਮਰ ਜਾਣੀ

4. ਖੰਘ ਆਉਣੀ

5. ਗਲੇ ਦੇ ਆਲੇ ਦੁਆਲੇ ਸੋਜ ਹੋ ਜਾਣ ਕਾਰਨ ਸਾਹ ਘੁੱਟਿਆ ਜਾਣਾ ਅਤੇ ਫਿਰ ਅਚਾਨਕ ਮੌਤ ਹੋਣਾ

6. ਬਾਰ ਬਾਰ ਥੋੜੀ ਥੋੜੀ ਮਾਤਰਾ ਵਿਚ ਪਾਣੀ ਪੀਣਾ

7. ਸੂਰਾਂ ਦੀ ਚਾਲ ਲੜਖੜਾਉਂਦੀ ਹੈ, ਸ਼ਾਮਲ ਹਨ।

**ਇਲਾਜ ਤੇ ਰੋਕਥਾਮ:**

1. ਬਿਮਾਰ ਜਾਨਵਰਾਂ ਨੂੰ ਸਿਹਤਮੰਦ ਜਾਨਵਰਾਂ ਤੋਂ ਅੱਲਗ ਕਰ ਦਿਓ।
2. ਬਿਮਾਰ ਪਸ਼ੂਆਂ ਨੂੰ 25-30 ਮਿਲੀਲੀਟਰ ਐਚ. ਐਸ. ਸੀਰਮ ਦੇ ਟੀਕੇ ਲਗਵਾਓ।

3. ਸਲਫਾ ਦਵਾਈਆਂ (ਸਲਫਾ ਮਿਜ਼ਾਬੀਨ) ਜਾਂ ਪੈਨਸਲੀਨ ਆਦਿ ਦੀ ਵਰਤੋਂ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ। ਬਿਮਾਰੀ ਦੇ ਅੱਗੋਂ ਵਾਧੇ ਨੂੰ ਰੋਕਣ ਲਈ ਮਰੇ ਹੋਏ ਸੂਰਾਂ ਨੂੰ ਕਾਫੀ ਡੂੰਘਾ ਦਬਾ ਦੇਣਾ ਚਾਹੀਦਾ ਹੈ।

**ਭੇਡ ਤਾਪ:**

ਇਹ ਰੋਗ ਬੈਸੀਲਸ ਬੈਕਟੀਰੀਆ ਦੁਆਰਾ ਹੁੰਦਾ ਹੈ। ਇਹ ਰੋਗ ਇੱਕੇ ਦੁੱਕੇ ਸੂਰਾਂ ਵਿਚ ਪਾਇਆ ਜਾਂਦਾ ਹੈ। ਇਸ ਬਿਮਾਰੀ ਦੇ ਮੁੱਖ

**ਚਿੰਨ:**

1. ਤੰਦਰੁਸਤ ਦਿੱਖਣ ਵਾਲੇ ਸੂਰ ਥੋੜੇ ਸਮੇਂ ਵਿਚ ਮਰ ਜਾਂਦੇ ਹਨ।
2. ਮਰੇ ਹੋਏ ਸੂਰ ਦੇ ਸਰੀਰ ਵਿਚੋਂ ਛੇਤੀ ਹੀ ਬਦਬੂ ਆਉਣ ਲੱਗ ਪੈਂਦੀ ਹੈ।
3. ਲੋਥ ਪਿਲਪਿਲੀ ਹੋ ਜਾਂਦੀ ਹੈ।
4. ਇਸ ਬਿਮਾਰੀ ਨਾਲ ਮਰਨ ਵਾਲੇ ਜਾਨਵਰਾਂ ਦੇ ਮੂੰਹ, ਨੱਕ ਅਤੇ ਮੱਲ ਦੁਆਰ ਵਾਲੀ ਥਾਂ ਤੋਂ ਕਾਲੇ ਰੰਗ ਦਾ ਗਾੜਾ ਜਿਹਾ ਖੂਨ ਨਿਕਲਦਾ ਹੈ।

**ਰੋਕਥਾਮ ਤੇ ਬਚਾਓ:**

ਇਸ ਰੋਗ ਦਾ ਇਲਾਜ ਸੰਭਵ ਨਹੀਂ, ਕਿਉਂਕਿ ਰੋਗ ਦੀ ਸ਼ਨਾਖਤ ਹੋਣ ਤੋਂ ਪਹਿਲਾਂ ਹੀ ਪਸ਼ੂ ਮਰ ਜਾਂਦੇ ਹਨ।

1. ਇਸ ਰੋਗ ਦੇ ਕੀਟਾਣੂੰ ਦਸ ਸਾਲ ਤੱਕ ਜਿਉਂਦੇ ਰਹਿੰਦੇ ਹਨ। ਇਸ ਲਈ ਰੋਗ ਦੇ ਅੱਗੋਂ ਵੱਧਣ ਤੋਂ ਰੋਕਣ ਲਈ ਮਰੇ ਹੋਏ ਪਸ਼ੂ ਨੂੰ ਉਸੇ ਥਾਂ ਤੇ ਹੀ ਸਾੜ ਦਿੱਤਾ ਜਾਣਾ ਚਾਹੀਦਾ ਹੈ।
2. ਮਰੇ ਹੋਏ ਜਾਨਵਰਾਂ ਨੂੰ ਚੂਨਾਂ ਪਾ ਕੇ ਡੂੰਘਾ ਟੋਆ ਪੁੱਟ ਕੇ ਦੱਬ ਦੇਣਾ ਚਾਹੀਦਾ ਹੈ।
3. ਮਰੇ ਹੋਏ ਸੂਰਾਂ ਨੂੰ ਦੂਜੀ ਜਗ੍ਹਾ ਲਿਜਾਣ ਤੋਂ ਪਹਿਲਾਂ ਲੋਥ ਦੇ ਸਾਰੇ ਸੁਰਾਖ ਰੂੰ ਨਾਲ ਬੰਦ ਕਰਨੇ ਬਹੁਤ ਜ਼ਰੂਰੀ ਹਨ।
4. ਸੂਰ ਵਾੜੇ ਨੂੰ ਕਾਸਟਿਕ ਸੋਡੇ ਦੇ ਘੋਲ ਨਾਲ ਚੰਗੀ ਤਰ੍ਹਾਂ ਸਾਫ ਕਰ ਦੇਣਾ ਚਾਹੀਦਾ ਹੈ।

**ਸਵਾਈਨ ਪੈਰਾਟਾਈਫਾਈਡ:**

ਇਸ ਰੋਗ ਦੀ ਜੜ੍ਹ ਸਾਲਮੋਨੈਲਾ ਬੈਕਟੀਰੀਆ ਹੁੰਦਾ ਹੈ। ਇਹ ਰੋਗ ਛੋਟੇ ਬੱਚਿਆਂ ਨੂੰ ਖੁਰਾਕ ਪੂਰੀ ਨਾ ਮਿਲਣ ਕਾਰਨ ਜਾਂ ਸੂਰ ਘਰ ਦੀ ਸਫਾਈ ਨਾ ਹੋਣ ਕਾਰਨ ਵੀ ਹੋ ਸਕਦਾ ਹੈ।

**ਚਿੰਨ:**

1. ਬੱਚੇ ਸੁਸਤ ਨਜ਼ਰ ਆਉਂਦੇ ਹਨ।
2. ਸੂਰਾਂ ਨੂੰ ਬੁਖਾਰ ਹੋ ਜਾਂਦਾ ਹੈ।
3. ਭੁੱਖ ਨਾ ਲੱਗਣੀ।
4. ਕਬਜ਼ ਹੋ ਜਾਂਦੀ ਹੈ ਤੇ ਬਾਅਦ ਵਿਚ ਪੀਲੇ ਰੰਗ ਦੀਆਂ ਬਦਬੂਦਾਰ ਟੱਟੀਆਂ ਲੱਗ ਜਾਂਦੀਆਂ ਹਨ। ਜਿਸ ਵਿਚ ਗੈਸ ਦੇ ਬੁਲਬੁਲੇ ਉੱਠਦੇ ਹਨ।

**ਇਲਾਜ ਤੇ ਰੋਕਥਾਮ:**

ਇਸਦਾ ਇਲਾਜ ਬਰਾਡ ਸਪੈਕਟਰਸ ਐਂਟੀਬਾਇਟਿਕਸ ਦੇ ਕੇ ਜਾਂ ਸਲਫਾ ਦਵਾਈਆਂ ਦੇ ਨਾਲ ਕੀਤਾ ਜਾ ਸਕਦਾ ਹੈ। ਇੰਜ 75% ਸੂਰ ਇਸ ਰੋਗ ਤੋਂ ਮੁਕਤ ਹੋ ਜਾਂਦੇ ਹਨ।ਰੋਕਥਾਮ ਲਈ ਚੰਗੀ ਤੇ ਪੌਸ਼ਟਿਕ ਖੁਰਾਕ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ।

**ਪਰਜੀਵਾਂ ਤੋਂ ਬਿਮਾਰੀਆਂ:-**

ਦੂਜੀਆਂ ਬਿਮਾਰੀਆਂ ਤੋਂ ਇਲਾਵਾ ਸੂਰਾਂ ਦੇ ਭਾਰ ਵੱਧਣ ਦੀ ਰਫਤਾਰ ਵਿਚ ਕਮੀ ਦਾ ਕਾਰਨ ਚਿਚੜ ਤੇ ਪਰਜੀਵ ਹੋ ਸਕਦੇ ਹਨ।ਇਹ ਸਰੀਰ ਦੇ ਅੰਦਰ ਹੋਣ ਜਾਂ ਬਾਹਰ, ਸੂਰਾਂ ਦਾ ਖੂਨ ਚੂਸਦੇ ਰਹਿੰਦੇ ਹਨ ਅਤੇ ਆਪਣਾ ਨਿਰਬਾਹ ਕਰਦੇ ਹਨ। ਜਿਸ ਕਾਰਨ ਜਾਨਵਰਾਂ ਵਿਚ ਖੂਨ ਦੀ ਕਮੀ ਕਾਰਨ ਕਮਜ਼ੋਰੀ ਹੋਣਾ ਲਾਜ਼ਮੀ ਗੱਲ ਹੈ। ਮਾੜਾ ਢੱਗਾ ਛੱਤੀ ਰੋਗ ਵਾਲੀ ਕਹਾਵਤ ਅਨੁਸਾਰ ਕਮਜੋਰ ਜਾਨਵਰ ਹੋਰ ਬਿਮਾਰੀਆਂ ਦਾ ਸ਼ਿਕਾਰ ਬੜੀ ਜਲਦੀ ਹੋ ਜਾਂਦੇ ਹਨ।

**ਸਰੀਰ ਦੇ ਬਾਹਰਲੇ ਕੀੜੇ:**

**ਚਰਮ ਰੋਗ ਜਾਂ ਖੁਜਲੀ:**

ਚਰਮ ਰੋਗਾਂ ਵਿਚੋਂ ਖੁਜਲੀ ਆਮ ਹੀ ਸੂਰਾਂ ਵਿਚ ਪਾਈ ਜਾਂਦੀ ਹੈ। ਇਸ ਦਾ ਕਾਰਨ ਜਾਨਵਰ ਨੂੰ ਗੰਦਗੀ ਵਾਲੀ ਥਾਂ ਤੇ ਰੱਖਣਾ ਹੈ। ਖੁਜਲੀ ਮੇਂਜ ਮਾਈਟ ਦੇ ਕਾਰਨ ਹੁੰਦੀ ਹੈ। ਇਹ ਛੋਟੇ ਛੋਟੇ ਜੀਵ ਚਮੜੀ ਤੇ ਸੂਰਾਂ ਦਾ ਖੂਨ ਚੂਸਦੇ ਹਨ ਜਿਸ ਕਾਰਨ ਖਾਰਸ਼ ਹੁੰਦੀ ਹੈ।

**ਚਿੰਨ:-**

ਇਸ ਬਿਮਾਰੀ ਵਿਚ ਸੂਰ ਆਪਣੇ ਸਰੀਰ ਨੂੰ ਖੁਰਚਦੇ ਰਹਿੰਦੇ ਹਨ ਅਤੇ ਸਖਤ ਚੀਜ਼ ਨਾਲ ਰਗੜਦੇ ਰਹਿੰਦੇ ਹਨ। ਇਹੀ ਕਾਰਨ ਹੈ ਕਿ ਉਹਨਾਂ ਦੇ ਸਰੀਰ ਤੋਂ ਬਾਲ ਝੜ ਜਾਂਦੇ ਹਨ। ਸਰੀਰ ਉੱਤ ਪੇਪੜੀ ਜਿਹੀ ਬੱਝ ਜਾਂਦੀ ਹੈ। ਕਈ ਵਾਰ ਜ਼ਿਆਦਾ ਰਗੜਨ ਨਾਲ ਜ਼ਖਮ ਵੀ ਹੋ ਜਾਂਦੇ ਹਨ। ਇਹ ਰੋਗ ਆਮ ਤੌਰ ਤੇ ਜੜਾਂ ਤੇ ਕੰਨਾਂ ਦੇ ਸਿਰਿਆਂ ਤੱਕ ਹੀ ਸੀਮਤ ਰਹਿੰਦਾ ਹੈ।

**ਇਲਾਜ:**

ਮੁਕੰਮਲ ਅਰਾਮ ਲਈ ਸਰ੍ਹੋਂ ਦੇ ਤੇਲ ਵਿਚ ਗੰਧਕ ਮਿਲਾ ਕੇ ਜਾਂ ਫਿਰ ਐਸਕਾਬਾਇਲ ਇਮਲਸ਼ਨ ਸਰੀਰ ਉੱਤੇ ਚੰਗੀ ਤਰ੍ਹਾਂ ਲਗਾਓ।ਦਵਾਈ ਲਗਾਉਣ ਤੋਂ ਪਹਿਲਾਂ ਜਾਨਵਰਾਂ ਨੂੰ ਚੰਗੀ ਤਰ੍ਹਾਂ ਨਵਾਓ ਅਤੇ ਦਵਾਈ ਲਗਾਉਣ ਤੋਂ ਦੂਜੇ ਦਿਨ ਜਾਨਵਰਾਂ ਨੂੰ ਨਵਾਓ।

**ਚਮ ਜੂੰਆਂ ਤੇ ਚਿਚੜ:**

ਚਮ ਜੂੰਆਂ ਅਤੇ ਚਿਚੜ ਜਾਨਵਰਾਂ ਦੇ ਸਰੀਰ ਤੋਂ ਲਹੂ ਚੂਸਕੇ ਆਪਣਾ ਗੁਜ਼ਾਰਾ ਕਰਦੇ ਹਨ। ਇਹ ਜਾਨਵਰਾਂ ਦੀ ਚਮੜੀ ਖਰਾਬ ਕਰਦੀਆਂ ਹਨ ਤੇ ਦੂਜੇ ਜਾਨਵਰਾਂ ਨੂੰ ਵੀ ਬਿਮਾਰੀ ਫੈਲਾਉਂਦੀਆਂ ਹਨ।ਸੂਰਾਂ ਵਿਚ ਸਾਰਕੋਪਟੀਸ ਨਾਮਕ ਚੰਮ ਜੂੰਆਂ ਆਮ ਪਾਈਆਂ ਜਾਂਦੀਆਂ ਹਨ। ਇਹ ਚਮੜੀ ਦੇ ਥੱਲੇ ਰਹਿੰਦੀਆਂ ਹਨ। ਪ੍ਰਭਾਵਿਤ ਸੂਰਾਂ ਦੀ ਚਮੜੀ ਖੁਸ਼ਕ, ਮੋਟੀ ਸਿਕਰੀ ਅਤੇ ਲਾਲ ਦਾਣਿਆਂ ਨਾਲ ਭਰ ਜਾਂਦੀ ਹੈ। ਇਸ ਨਾਲ ਸਰੀਰ ਤੇ ਬਹੁਤ ਖਾਰਸ਼ ਹੁੰਦੀ ਹੈ।

**ਇਲਾਜ:**

ਇਸ ਜਹਿਮਤ ਤੋਂ ਬੱਚਣ ਲਈ ਸੂਰ-ਘਰ ਨੂੰ ਸਾਫ ਸੁਥਰਾ ਰੱਖਣਾ ਚਾਹੀਦਾ ਹੈ। ਗਲੈਕਸੀਨ ਤੇ ਨੈਗੁਵਾਨ ਦੀ ਵਰਤੋਂ ਕੀਤੀ ਜਾ ਸਕਦੀ ਹੈ। ਡੀ.ਡੀ.ਟੀ ਜਾਂ ਬੀ.ਐਚ.ਸੀ. ਧੂੜੇ ਦਾ ਇਕ ਹਿੱਸਾ ਸੁਆਹ ਦੇ ਛੇ ਹਿੱਸਿਆਂ ਵਿਚ ਮਿਲਾ ਕੇ ਮਲਣ ਨਾਲ ਵੀ ਇਸਦਾ ਖਾਤਮਾ ਕੀਤਾ ਜਾ ਸਕਦਾ ਹੈ। ਸੂਰ ਘਰ ਵਿਚ ਡੀ.ਡੀ. ਟੀ. ਦਾ ਘੋਲ ਦਾ ਛਿੜਕਾ ਵੀ ਕੀਤਾ ਜਾ ਸਕਦਾ ਹੈ। ਬਾਹਰੀ ਪਰਜੀਵੀਆਂ ਦੀ ਰੋਕਥਾਮ ਲਈ ਸੁਮੀਥੀਆਨ, ਅਮਿਟਰਾਜ, ਆਈਵਰ ਮੈਕਟਿਨ ਗੋਰਾ ਮੈਕਟਿਨ ਆਦਿ ਵਰਤੋਂ ਪਸ਼ੂ ਚਿਕਤਸਿਕ ਦੀ ਸਲਾਹ ਨਾਲ ਕਰਨੀ ਚਾਹੀਦੀ ਹੈ।

**ਸਰੀਰ ਦੇ ਅੰਦਰੂਨੀ ਪਰਜੀਵੀ:**

ਸੂਰਾਂ ਦੇ ਸਰੀਰ ਵਿਚ ਇਹ ਕੀੜੇ ਖੁਰਾਕ ਰਾਹੀਂ ਚਲੇ ਜਾਂਦੇ ਹਨ। ਜਦੋਂ ਸੂਰ ਖੁਰਾਕ ਖਾਂਦੇ ਹਨ ਤਾਂ ਇੰਨਾਂ ਦੇ ਮੂੰਹ ਵਿਚ ਚਲੇ ਜਾਂਦੇ ਹਨ ਜਾਂ ਫਿਰ ਗੰਦਾ ਪਾਣੀ ਪੀਣ ਨਾਲ ਵੀ ਅੰਦਰ ਚਲੇ ਜਾਂਦੇ ਹਨ। ਇਹ ਜਾਨਵਰ ਦੀ ਹਜ਼ਮ ਹੋਈ ਖੁਰਾਕ ਖਾਂਦੇ ਹਨ ਅਤੇ ਬਾਅਦ ਵਿਚ ਖੂਨ ਵਿਚੋਂ ਹੁੰਦੇ ਜਿਗਰ ਫੇਫੜੇ ਤੇ ਦਿਮਾਗ ਵਿਚ ਚਲੇ ਜਾਦੇ ਹਨ। ਸਮੇਂ ਸਿਰ ਪਹਿਚਾਣ ਨਾ ਹੋਣ ਕਾਰਨ ਜਾਨਵਰਾਂ ਦੀ ਮੌਤ ਹੋ ਜਾਂਦੀ ਹੈ।

**ਐਸਕਰੀਮ (ਮਲੱਪ):-**

ਚੰਗੇ ਅਤੇ ਸਾਫ ਸੁਥਰੇ ਘਰਾਂ ਵਿਚ ਨਾ ਰੱਖੇ ਗਏ ਸੂਰਾਂ ਦੇ ਪੇਟ ਵਿਚ ਮਲੱਪ ਪੈ ਜਾਂਦੇ ਹਨ। ਇਹ ਸਫੇਦ ਰੰਗ ਦਾ ਗੋਲ ਜਿਹਾ ਕੀੜਾ ਹੁੰਦਾ ਹੈ। ਇਹ ਸੂਰਾਂ ਦੀ ਛੋਟੀ ਅੰਤੜੀ ਵਿਚ ਮਿਲਦਾ ਹੈ ਕਈ ਵਾਰੀ ਇਹ ਮਿਹਦੇ ਵਿਚ ਵੀ ਮਿਲਦਾ ਹੈ।

ਮਲੱਪ ਪੇਟ ਵਿਚ ਹੋਣ ਕਾਰਨ ਇਹ ਸੂਰਾਂ ਦੀ ਖੁਰਾਕ ਦਾ ਕਾਫੀ ਹਿੱਸਾ ਖਾ ਜਾਂਦੇ ਹਨ। ਜਾਨਵਰਾਂ ਦੀ ਭੁੱਖ ਘੱਟ ਜਾਂਦੀ ਹੈ ਅਤੇ ਉਹ ਕਮਜ਼ੋਰ ਹੋ ਜਾਂਦੇ ਹਨ। ਖੁਰਾਕ ਦੀ ਕਮੀ ਕਾਰਨ ਭਾਰ ਵੀ ਘੱਟ ਜਾਂਦਾ ਹੈ। ਇਸਦੀ ਪਛਾਣ ਇਨ੍ਹਾਂ ਦੇ ਅੰਡਿਆਂ ਤੋਂ ਕੀਤੀ ਜਾ ਸਕਦੀ ਹੈ ਜੋ ਕਿ ਸੂਰਾਂ ਦੇ ਗੋਹੇ ਵਿਚ ਬਾਹਰ ਨਿਕਲਦੇ ਹਨ। ਇਕ ਮਾਦਾ ਮਲੱਪ ਇਕ ਦਿਨ ਵਿਚ ਦੋ ਲੱਖ ਤੱਕ ਅੰਡੇ ਦਿੰਦੀ ਹੈ ਜੋ ਕਿ ਮਿਟੀ ਵਿਚ ਕਈ ਸਾਲਾਂ ਵਿਚ ਜਿਉਂਦੇ ਰਹਿ ਸਕਦੇ ਹਨ। ਇਹ ਅੰਡੇ ਦਸ ਦਿਨਾਂ ਵਿਚ ਬਿਮਾਰੀ ਵਧਾਉਣ ਜੋਗੇ ਹੋ ਜਾਂਦੇ ਹਨ।

**ਇਲਾਜ:**

ਪਿਪਰਾਜੀਨ 2 ਗਰਾਮ, ਸੂਰਾਂ ਦੇ 10 ਕਿਲੋ ਭਾਰ ਪ੍ਰਤੀ ਸੂਰ ਦੇ ਹਿਸਾਬ ਨਾਲ ਦੇਣੀ ਚਾਹੀਦੀ ਹੈ ਜਾਂ ਫਿਰ ਪਿਪਰਾਜੀਨ ਐਡੀਪੇਟ 2 ਗਰਾਮ ਪ੍ਰਤੀ ਕਿਲੋ ਸਰੀਰ ਦੇ ਵਜ਼ਨ ਅਨੁਸਾਰ ਦਿਤੀ ਜਾ ਸਕਦੀ ਹੈ। ਐਲਬੈਂਡਾਜੋਲ ਆਦਿ ਵੀ ਵਰਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਸੂਰ ਘਰ ਨੂੰ ਸਾਫ ਰੱਖੋ ਤੇ ਪੀਣ ਵਾਸਤੇ ਤਾਜੇ ਪਾਣੀ ਦੇ ਨਾਲ ਸਾਫ ਖੁਰਾਕ ਦਿਓ।

ਕਿਰਮ ਰਹਿਤ ਕਰਨ ਲਈ ਪਿਪਰਾਜੀਨ ਬਰਸਾਤਾਂ ਤੋਂ ਪਹਿਲਾਂ ਤੇ ਤੁਰੰਤ ਬਾਅਦ ਵਿਚ ਦਿਓ।

ਪਰਜੀਵੀਆਂ ਤੋਂ ਸੂਰਾਂ ਨੂੰ ਬਚਾਉਣ ਲਈ ਸੂਰ ਵਾੜੇ ਸਾਫ ਰੱਖਣੇ ਚਾਹੀਦੇ ਹਨ, ਪਾਣੀ ਦਾ ਸਹੀ ਨਿਕਾਸ ਹੋਣਾ ਚਾਹੀਦਾ ਹੈ। ਪ੍ਰਭਾਵਿਤ ਫਾਰਮਾਂ ਤੇ ਮਲ ਮੂਤਰ ਨੂੰ ਇੱਕਠਾ ਕਰਕੇ ਡੂੰਘੇ ਟੋਏ ਵਿਚ ਦਬਾਉਣਾ ਚਾਹੀਦਾ ਹੈ। ਬਿਮਾਰ ਸੂਰਾਂ ਨੂੰ

ਦੂਸਰੇ ਸੂਰਾਂ ਤੋਂ ਅੱਲਗ ਰੱਖੋ। ਸਮੇਂ ਸਮੇਂ ਸਿਰ ਸੂਰ ਵਾੜਿਆਂ ਨੂੰ ਕੀਟ ਨਾਸ਼ਕ ਘੋਲ ਨਾਲ ਚੰਗੀ ਤਰ੍ਹਾਂ ਸਾਫ ਕਰਨਾ ਚਾਹੀਦਾ ਹੈ।

**ਖੁਰਾਕ ਦੀ ਕਮੀ ਕਾਰਨ ਹੋਰ ਬਿਮਾਰੀਆਂ:**

**ਅਨੀਮੀਆਂ ਤੇ ਇਸਦਾ ਬਚਾਓ:**

ਖੁਰਾਕ ਵਿਚ ਲੋਹੇ ਅਤੇ ਤਾਂਬੇ ਦੀ ਘਾਟ ਕਾਰਨ ਇਹ ਰੋਗ ਛੋਟੇ ਬੱਚਿਆਂ ਨੂੰ ਹੋ ਜਾਂਦਾ ਹੈ, ਜਿਸ ਵੇਲੇ ਉਹ ਕੇਵਲ ਦੁੱਧ ਤੇ ਹੀ ਪਲ ਰਹੇ ਹੁੰਦੇ ਹਨ ।ਕਿਉਂਕਿ ਸੂਰੀ ਦੇ ਦੁੱਧ ਵਿਚ ਲੋਹੇ ਦੀ ਐਨੀ ਮਾਤਰਾ ਨਹੀਂ ਹੁੰਦੀ, ਜਿੰਨੀ ਕਿ ਬੱਚਿਆਂ ਦੇ ਖੂਨ ਬਣਨ ਵਾਸਤੇ ਲੋੜੀਂਦੀ ਹੁੰਦੀ ਹੈ।

**ਚਿੰਨ**

1. ਬੱਚਿਆਂ ਦੀ ਭੁੱਖ ਮਰ ਜਾਂਦੀ ਹੈ।
2. ਮੋਕ ਲੱਗ ਜਾਂਦੀ ਹੈ।
3. ਚਮੜੀ ਦਾ ਰੰਗ ਪੀਲਾ ਪੈ ਜਾਂਦਾ ਹੈ।
4. ਭਾਰ ਵੀ ਘੱਟ ਵੱਧਦਾ ਹੈ।
5. ਸਾਹ ਔਖੇ ਲੈਣੇ।

**ਰੋਕਥਾਮ ਤੇ ਬਚਾਓ**

ਹਰੇ ਪੱਠੇ ਦੇਣ ਨਾਲ ਵੀ ਲੋਹੇ ਤੇ ਤਾਂਬੇ ਦੀ ਕਮੀ ਨਹੀਂ ਰਹਿੰਦੀ ।

**ਪੈਰਾਕੇਰਾਟੋਸਿਸ :**

ਇਹ ਰੋਗ ਵੀ ਖੁਜਲੀ ਵਾਂਗ ਹੀ ਹੁੰਦਾ ਹੈ। ਪਰ ਇਸਦਾ ਕਾਰਨ ਕੋਈ ਪਰਜੀਵੀ ਨਹੀਂ ਸਗੋਂ ਖੁਰਾਕ ਵਿਚ ਜਿਸਤ (Zinc) ਦੀ ਕਮੀ ਹੁੰਦੀ ਹੈ।

**ਚਿੰਨ :**

1. ਚਮੜੀ ਦਾ ਰੰਗ ਪਹਿਲਾਂ ਲਾਲ ਹੋ ਜਾਂਦਾ ਹੈ ਅਤੇ ਉੱਤੇ ਦਾਣੇ ਜਿਹੇ ਹੋ ਜਾਂਦੇ ਹਨ।
2. ਚਮੜੀ ਬੜੀ ਸਖਤ ਹੋ ਜਾਂਦੀ ਹੈ ਅਤੇ ਇਕ ਪੇਪੜੀ ਜਿਹੀ ਬਣ ਜਾਂਦੀ ਹੈ।

**ਇਲਾਜ :**

ਖੁਰਾਕ ਵਿਚ ਜਿੰਕ ਦਾ ਕੋਈ ਵੀ ਲੂਣ ਮਿਲਾ ਕੇ ਇਸ ਦੀ ਕਮੀ ਨੂੰ ਦੂਰ ਕੀਤਾ ਜਾ ਸਕਦਾ ਹੈ।

ਇਨ੍ਹਾਂ ਰੋਗਾਂ ਤੋਂ ਛੁੱਟ ਜੇਰ ਅੜਨੀ ਤੇ ਦੁੱਧ ਨਾ ਉਤਰਨਾ ਆਦਿ ਆਮ ਦੇਖਣ ਨੂੰ ਮਿਲਦੇ ਹਨ।

**ਜੇਰ ਅੜਨੀ :-**

ਸੂਰੀ ਸੂਣ ਦੇ ਦੋ ਘੰਟੇ ਦੇ ਵਿਚ ਵਿਚ ਜੇਰ ਸੁੱਟ ਦਿੰਦੀ ਹੈ। ਜਦੋਂ ਸੂਰੀ ਜੇਰ ਸੁੱਟ ਦੇਵੇ ਤਾਂ ਉਸ ਵਿਚਲੇ ਥੈਲੇ ਗਿਣ ਕੇ ਦਬਾ ਦੇਣੇ ਚਾਹੀਦੇ ਹਨ।ਇਨ੍ਹਾਂ ਦੀ ਗਿਣਤੀ ਸੂਰੀ ਦੇ ਬੱਚਿਆਂ ਦੀ ਗਿਣਤੀ ਦੇ ਬਰਾਬਰ ਹੁੰਦੀ ਹੈ।ਜੇਰ ਅੜ ਜਾਣ ਦੀ ਹਾਲਤ ਵਿਚ ਸੂਰੀ ਖੁਰਾਕ ਖਾਣਾ ਬੰਦ ਕਰ ਦਿੰਦੀ ਹੈ। ਕਈ ਵਾਰ ਤਾਂ ਉਸਨੂੰ ਬੁਖਾਰ ਵੀ ਹੋ ਜਾਂਦਾ ਹੈ। ਜੇਕਰ ਜੇਰ ਜ਼ਿਆਦਾ ਦੇਰ ਅੰਦਰ ਰਹਿ ਜਾਵੇ ਤਾਂ ਉਹ ਗਲਣੀ ਸੜਨੀ ਸ਼ੁਰੂ ਹੋ ਜਾਂਦੀ ਹੈ ਜਿਸ ਕਾਰਨ ਬੱਚੇਦਾਨੀ ਵਿਚੋਂ ਕੱਚ ਲਹੂ ਜਿਹਾ ਬਾਹਰ ਆਉਣ ਲੱਗ ਪੈਂਦਾ ਹੈ ਅਤੇ ਪਿਛੋਂ ਮੁਸ਼ਕ ਆਉਂਦੀ ਹੈ।

**ਇਲਾਜ :-**

ਜੇਰ ਅੜਨ ਦੀ ਹਾਲਤ ਵਿਚ ਸੂਰੀ ਨੂੰ ਪੋਸਟੀਰੀਅਰ ਪਿਚੂਅਟਰੀ ਦਾ ਟੀਕਾ ਲਗਾਉਣਾ ਚਾਹੀਦਾ ਹੈ। ਜਿਸਦੇ ਪ੍ਰਭਾਵ ਅਧੀਨ ਸੂਰੀ ਜੇਰ ਸੁੱਟ ਦਿੰਦੀ ਹੈ। ਜੇਕਰ ਫਿਰ ਵੀ ਜੇਰ ਨਾ ਸੁੱਟੇ ਤਾਂ ਨਜ਼ਦੀਕੀ ਪਸ਼ੂ ਚਿਕਤਸਕ ਦੀ ਸਹਾਇਤਾ ਲੈਣੀ ਚਾਹੀਦੀ ਹੈ।

**ਦੁੱਧ ਨਾ ਉਤਰਨਾ :-**

ਕਈ ਵਾਰੀ ਸੂਰੀ ਦੇ ਸੂਣ ਉਪਰੰਤ ਥਣਾਂ ਵਿਚ ਦੁੱਧ ਨਹੀਂ ਉੱਤਰਦਾ ਜੋ ਕਿ ਸੂਰੀ ਨੂੰ ਖੁਰਾਕ ਦੀ ਕਮੀ ਜਾਂ ਹਾਰਮੋਨਲ ਅਦਲਾ ਬਦਲੀ ਕਾਰਨ ਹੁੰਦਾ ਹੈ। ਦੁੱਧ ਨਾ ਉਤਰਨ ਦੇ ਸਿੱਟੇ ਵੱਜੋ ਬੱਚੇ ਖੁਰਾਕ ਦੀ ਕਮੀ ਕਾਰਨ ਭੁੱਖੇ ਮਰਨੇ ਸ਼ੁਰੂ ਹੋ ਜਾਂਦੇ ਹਨ। ਦੁੱਧ ਨਾ ਉਤਰਨ ਦੇ ਹੋਰ ਵੀ ਕਾਰਨ ਹੋ ਸਕਦੇ ਹਨ, ਜਿਵੇਂ ਕਿ ਮੋਟਾਪਾ, ਬਹੁਤੀ ਠੰਢ, ਗਰਮੀ ਦਾ ਮੌਸਮ, ਹਵਾ ਦੀ ਆਵਾਜਾਈ ਦਾ ਪ੍ਰਬੰਧ ਨਾ ਹੋਣਾ, ਜੇਰ ਨਾ ਸੁੱਟਣਾ ਆਦਿ ਹੁੰਦੇ ਹਨ।

**ਇਲਾਜ :-**

ਇਸ ਹਾਲਤ ਵਿਚ ਸੂਰੀ ਨੂੰ ਪੋਸਟੀਰੀਅਰ ਪਿਚੂਅਟਰੀ ਦਾ ਟੀਕਾ ਲਗਾਉਣਾ ਨਾਲ ਦੁੱਧ ਉੱਤਰ ਆਉਂਦਾ ਹੈ।

# ਸੂਰਾਂ ਦਾ ਮੰਡੀਕਰਣ

ਕਿਸੇ ਵੀ ਪਦਾਰਥ ਜਾਂ ਪਸ਼ੂ ਦਾ ਉਤਪਾਦਨ ਠੀਕ ਹੋਣ ਦੇ ਨਾਲ ਨਾਲ ਉਸ ਨੂੰ ਵਰਤਣ ਵਾਲੇ ਤੱਕ ਪਹੁੰਚਾ ਕੇ ਵਧੇਰੇ ਮੁਨਾਫਾ ਖੱਟਿਆ ਜਾ ਸਕਦਾ ਹੈ ਕਿਉਂਕਿ ਇਹ ਇੱਕ ਘੱਟ ਮੁੱਲ ਦੀ ਜਾਂ ਠੀਕ ਚੀਜ਼ ਨੂੰ ਵਾਜਬ ਭਾਅ ਤੇ ਵੇਚਕੇ ਵਧੇਰੇ ਪੈਸੇ ਕਮਾਉਣ ਦਾ ਜ਼ਰੀਆ ਹੈ।

ਸੂਰ ਉਤਾਪਦਨ ਉਥੋਂ ਦੇ ਲੋਕਾਂ/ਵਸਨੀਕਾਂ ਦੀ ਜ਼ਰੂਰਤ ਮੁਤਾਬਿਕ ਕੀਤਾ ਜਾਂਦਾ ਹੈ। ਸੂਰਾਂ ਦੇ ਮੀਟ ਦੀ ਜ਼ਰੂਰਤ ਮੌਸਮ ਅਤੇ ਖਾਣ ਵਾਲਿਆਂ ਦੀ ਪਸੰਦ ਤੇ ਮੁਨੱਸਰ ਕਰਦੀ ਹੈ। ਪੰਜਾਬ ਵਿੱਚ ਸੂਰ ਦੇ ਮੀਟ ਦੀ ਮੰਗ ਗਰਮੀਆਂ ਨਾਲੋਂ ਸਰਦੀਆਂ ਵਿਚ ਜ਼ਿਆਦਾ ਹੁੰਦੀ ਹੈ । ਕਿਉਂਕਿ ਸਰਦੀਆਂ ਦੇ ਮੌਸਮ ਵਿਚ ਵਧੇਰੇ ਊਰਜਾ ਦੀ ਜ਼ਰੂਰਤ ਹੁੰਦੀ ਹੈ ਅਤੇ ਸੂਰ ਦੇ ਮੀਟ ਵਿਚ ਵਧੇਰੇ ਚਰਬੀ ਹੋਣ ਕਰਕੇ ਊਰਜਾ ਵੀ ਬਹੁਤ ਜ਼ਿਆਦਾ ਹੁੰਦੀ ਹੈ। ਸੂਰਾਂ ਦੇ ਸਰੀਰ ਵਿਚ ਚਰਬੀ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਖੁਰਾਕ ਅਤੇ ਸੂਰ ਦੇ ਭਾਰ ਤੇ ਮੁਨੱਸਰ ਕਰਦੀ ਹੈ । ਸੂਰ ਜਿੰਨਾ ਵੱਡਾ ਹੋਵੇਗਾ ਉਸਦੇ ਸਰੀਰ ਵਿੱਚ ਓਨੀ ਹੀ ਵਧੇਰੇ ਚਰਬੀ ਹੋਵੇਗੀ। ੧੩੫ ਕਿਲੋ ਦੇ ਸੂਰ ਵਿੱਚ ੯੦ ਕਿਲੋ ਭਾਰ ਦੇ ਸੂਰ ਨਾਲੋਂ ਦੁੱਗਣੀ ਚਰਬੀ ਜਮ੍ਹਾਂ ਹੋ ਜਾਂਦੀ ਹੈ। ਛੋਟੇ ਭਾਰ ਵਾਲੇ ਸੂਰਾਂ ਵਿਚ ਸਰੀਰਕ ਭਾਰ ਵਾਧਾ ਮੋਟੇ ਸੂਰਾਂ ਦੇ ਮੁਕਾਬਲੇ ਤੇ ਸਸਤਾ ਪੈਂਦਾ ਹੈ। ਮੋਟੇ ਸੂਰ ਛੋਟੇ ਸੂਰਾਂ ਦੇ ਮੁਕਾਬਲੇ ਇੱਕ ਕਿਲੋ ਭਾਰ ਵਧਾਉਣ ਲਈ ਵਧੇਰੇ ਖੁਰਾਕ ਖਾਂਦੇ ਹਨ।

**ਮੰਡੀ ਦੀ ਚੋਣ**

ਸੂਰਾਂ ਤੋਂ ਵੱਧ ਲਾਭ ਲੈਣ ਲਈ ਇਕ ਚੰਗੀ ਮੰਡੀ ਅਹਿਮ ਰੋਲ ਅਦਾ ਕਰਦੀ ਹੈ । ਇਸ ਲਈ ਸੂਰਾਂ ਨੂੰ ਵੇਚਣ ਦੇ ਸਮੇਂ ਅਤੇ ਵਧੇਰੇ ਮੁਨਾਫਾ ਲੈਣ ਲਈ ਹੇਠ ਲਿਖੀਆਂ ਗੱਲਾਂ ਵੱਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

1. ਮੰਡੀ ਦੀ ਦੂਰੀ: ਕੋਸ਼ਿਸ਼ ਕਰੋ ਕਿ ਮੰਡੀ ਨੇੜੇ ਹੋਵੇ ਅਤੇ ਤਾਂ ਜੋ ਢੋਆ ਢੁਆਈ ਦਾ ਖਰਚ ਘੱਟ ਹੋਵੇ।
2. ਢੋਆ ਢੁਆਈ ਦੀਆਂ ਮੁਸ਼ਕਲਾਂ ਵੀ ਨਾ ਹੋਣ।
3. ਢੋਆ ਢੁਆਈ ਦੌਰਾਨ ਸੂਰਾਂ ਦਾ ਭਾਰ ਘਟ ਜਾਂਦਾ ਹੈ।
4. ਸੂਰਾਂ ਨੂੰ ਵੇਚਣ ਲਈ ਸ਼੍ਰੇਣੀ ਬੱਧ ਕਰਨਾ ਚਾਹੀਦਾ ਹੈ।

5. ਸੂਰਾਂ ਦੀ ਆੜਤ ਅਤੇ ਮੰਡੀਕਰਣ ਦੌਰਾਨ ਸੂਰਾਂ ਨੂੰ ਕਾਬੂ ਕਰਨ ਦੀ ਕੀਮਤ ਪਤਾ ਲਗਾ ਲੈਣੀ ਚਾਹੀਦੀ ਹੈ।
6. ਮੰਡੀ ਵਿਚ ਦੂਸਰਿਆਂ ਤੇ ਨਿਰਭਰ ਹੋਣਾ ਪੈਂਦਾ ਹੈ।
7. ਮੰਡੀ ਵਿਚ ਵੱਖ-ਵੱਖ ਕਿਸਮ ਦੇ ਸੂਰਾਂ ਦੇ ਭਾਅ ਪਹਿਲਾਂ ਪਤਾ ਕਰ ਲੈਣੇ ਚਾਹੀਦੇ ਹਨ।

**ਮੰਡੀ ਕਰਣ ਵੇਲੇ ਸੂਰਾਂ ਦੀ ਸੰਭਾਲ**

1. ਵਾਹਨ ਦੀ ਸਫ਼ਾਈ: ਜਿਸ ਵਾਹਨ (ਟਰੱਕ ਜਾਂ ਟਰਾਲੀ) ਵਿਚ ਸੂਰਾਂ ਪਾਕੇ ਲੈਕੇ ਲਿਜਾਇਆ ਜਾਣਾ ਹੋਵੇ ਉਸ ਨੂੰ ਚੰਗੀ ਤਰ੍ਹਾਂ ਸਾਫ਼ ਕਰ ਲੈਣਾ ਚਾਹੀਦਾ ਹੈ।
2. ਢੋਆ ਢੁਆਈ ਤੋਂ ਪਹਿਲਾਂ ਸੂਰਾਂ ਨੂੰ ਬਹੁਤ ਜ਼ਿਆਦਾ ਦਾਣਾ ਨਾ ਪਾਓ ।
3. ਟਰੱਕ ਜਾਂ ਟਰਾਲੀ ਵਿੱਚ ਗਰਮੀਆਂ ਦੇ ਮੌਸਮ ਵਿੱਚ ਥੱਲੇ ਇਕ ਇੰਚ ਤੱਕ ਰੇਤ ਵਿਛਾ ਕੇ ਉਸਨੂੰ ਗਿੱਲਾ ਕਰ ਲੈਣਾ ਚਾਹੀਦਾ ਹੈ ਜਦੋਂ ਕਿ ਸਰਦੀਆਂ ਵਿੱਚ ਸੁੱਕੀ ਪਰਾਲੀ ਵਿਛਾਉਣੀ ਚਾਹੀਦੀ ਹੈ। ਤਾਂ ਜੋ ਉਨ੍ਹਾਂ ਨੂੰ ਠੰਡ ਤੋਂ ਬਚਾਇਆ ਜਾ ਸਕਦਾ ਹੈ।
4. ਜਿਸ ਟਰੱਕ ਵਿਚ ਵੱਖ-ਵੱਖ ਸ਼੍ਰੇਣੀਆਂ ਦੇ ਸੂਰਾਂ ਨੂੰ ਇਕੱਠਿਆਂ ਲੈ ਕੇ ਜਾਣਾ ਹੋਵੇ ਉਸ ਵਿਚ ਅਲੱਗ-ਅਲੱਗ ਖਾਨੇ ਬਣਾਕੇ ਵੱਖੋ-ਵੱਖਰੀ ਕਿਸਮ ਦੇ ਸੂਰਾਂ ਨੂੰ ਇਕ ਦੂਜੇ ਤੋਂ ਜ਼ਰੂਰ ਵੱਖ ਕਰ ਲੈਣਾ ਚਾਹੀਦਾ ਹੈ ਨਹੀਂ ਤਾਂ ਛੋਟੇ ਸੂਰ ਵੱਡੇ ਸੂਰਾਂ ਦੇ ਥੱਲੇ ਕੁਚਲੇ ਜਾ ਸਕਦੇ ਹਨ ।
5. ਟਰੱਕ ਜਾਂ ਟਰਾਲੀ ਵਿੱਚ ਲੱਗੀਆਂ ਮੇਖਾਂ ਜਾਂ ਕੋਈ ਹੋਰ ਉਭਾਰ ਵਾਲੀ ਤਿੱਖੀ ਚੀਜ਼ ਜਿਸ ਨਾਲ ਸੂਰਾਂ ਨੂੰ ਜ਼ਖਮ ਹੋ ਸਕਦੇ ਹਨ ਕੱਢ ਦੇਣੀਆਂ ਚਾਹੀਦੀਆਂ ਹਨ।
6. ਸੂਰਾਂ ਨੂੰ ਧਿਆਨ ਅਤੇ ਅਰਾਮ ਨਾਲ ਕਾਬੂ ਕਰਨਾ ਚਾਹੀਦਾ ਹੈ।
7. ਟਰੱਕ ਵਿਚ ਬਹੁਤ ਜ਼ਿਆਦਾ ਅਤੇ ਬਹੁਤ ਘੱਟ ਸੂਰ ਵੀ ਨਹੀਂ ਲੱਦਣੇ ਚਾਹੀਦੇ। ਟਰੱਕ ਦੀ ਲੰਬਾਈ ਅਤੇ ਸੂਰਾਂ ਦੇ ਭਾਰ ਦੇ ਮੁਤਾਬਿਕ ਹੀ ਸੂਰ ਟਰੱਕ ਵਿੱਚ ਲੱਦਣੇ ਚਾਹੀਦੇ ਹਨ ।

**ਭਾਰ ਅਤੇ ਟਰੱਕ ਦੀ ਲੰਬਾਈ ਅਨੁਸਾਰ ਸੂਰਾਂ ਦੀ ਗਿਣਤੀ**

| 8. ਸੂਰਾਂ ਦਾ ਭਾਰ (ਕਿਲੋ) | 9. ਟਰੱਕ ਦੀ ਲੰਬਾਈ ਫੁੱਟ | | | |
|---|---|---|---|---|
| | **10. 13** | **11. 16** | **12. 20** | **13. 24** |
| 14. 45 | 15. 43 | 16. 58 | 17. 70 | 18. 86 |
| 19. 135 | 20. 20 | 21. 26 | 22. 32 | 23. 39 |

8. ਜੇਕਰ ਟਰੱਕ ਵਿਚ ਕਈ ਤਰ੍ਹਾਂ ਦੇ ਜਾਨਵਰ ਇਕੱਠੇ ਲੱਦਣੇ ਹੋਣ ਤਾਂ ਸੂਰਾਂ ਨੂੰ ਉਨ੍ਹਾਂ ਜਾਨਵਰਾਂ ਤੋਂ ਅਲੱਗ ਕੀਤਾ ਜਾਣਾ ਚਾਹੀਦਾ ਹੈ ।
9. ਗਰਮੀਆਂ ਦੇ ਮੌਸਮ ਵਿਚ ਗਰਮੀ ਤੋਂ ਬਚਾਉਣ ਲਈ ਸੂਰਾਂ ਨੂੰ ਰਾਤ ਵੇਲੇ ਹੀ ਲਿਜਾਇਆ ਜਾਵੇ। ਇਸਦੇ ਉਲਟ ਸਰਦੀਆਂ ਵਿਚ ਸਰਦੀ ਤੋਂ ਬਚਾਉਣ ਲਈ ਦਿਨ ਦੇ ਸਮੇਂ ਹੀ ਢੋਆ ਢੁਆਈ ਕਰਨੀ ਚਾਹੀਦੀ ਹੈ। ਯਾਦ ਰਹੇ ਕਿ ਟਰੱਕ ਨੂੰ ਗਰਮੀ ਅਤੇ ਸਰਦੀ ਦੋਹਾਂ ਮੌਸਮਾਂ ਵਿਚ ਉਪਰੋਂ ਤਰਪਾਲ ਨਾਲ ਢੱਕ ਲੈਣਾ ਚਾਹੀਦਾ ਹੈ।
10. ਢੋਆ ਢੁਆਈ ਦੇ ਦੌਰਾਨ ਵਾਹਨ ਦੀ ਗਤੀ ਹੌਲੀ ਹੌਲੀ ਵਧਾਓ ਅਤੇ ਹੌਲੀ ਹੌਲੀ ਹੀ ਇਸਦੀ ਗਤੀ ਘਟਾਓ ਅਤੇ ਇਕ ਦਮ ਬਰੇਕਾਂ ਲਗਾ ਕੇ ਖੜ੍ਹਾ ਨਾ ਕਰੋ ।

**ਮੰਡੀ ਵਿੱਚ ਪਹੁੰਚਣ ਤੇ ਸੂਰਾਂ ਦੀ ਸੰਭਾਲ**

ਸੂਰਾਂ ਨੂੰ ਮੰਡੀ ਵਿੱਚ ਲਿਜਾਣ ਲਈ ਵਾਹਨ ਤੇ ਲੱਦਣ ਤੋਂ ਪਹਿਲਾਂ ਸੂਰਾਂ ਨੂੰ ਤੋਲ ਲੈਣਾ ਚਾਹੀਦਾ ਹੈ। ਦੇਖਣ ਵਿਚ ਆਉਂਦਾ ਹੈ ਕਿ ਢੋਆ ਢੁਆਈ ਦੌਰਾਨ ਸੂਰਾਂ ਦਾ ਭਾਰ ਘੱਟਦਾ ਹੈ। ਜਦੋਂ ਸੂਰਾਂ ਨੂੰ ਮੰਡੀ ਵਿਚ ਉਤਾਰਿਆ ਜਾਂਦਾ ਹੈ ਤਾਂ ਉਨ੍ਹਾਂ ਦੇ ਪਹਿਲੇ ਭਾਰ ਨਾਲੋਂ ਇਨ੍ਹਾਂ ਦਾ ਭਾਰ ਘੱਟ ਹੁੰਦਾ ਹੈ । ਇਸ ਭਾਰ ਘੱਟਣ ਦੇ ਹੇਠ ਲਿਖੇ ਕਾਰਨ ਹੋ ਸਕਦੇ ਹਨ ।

1. ਦਾਣੇ ਪਾਣੀ ਵਿੱਚ ਰੁਕਾਵਟ
2. ਗੋਹਾ ਤੇ ਪਿਸ਼ਾਬ ਕਰਨਾ
3. ਸਾਹ ਰਾਹੀਂ ਪਾਣੀ ਸਰੀਰ ਵਿੱਚੋਂ ਵਧੇਰੇ ਬਾਹਰ ਜਾਣਾ ।

**ਭਾਰ ਘਾਟਾ**

ਸੂਰਾਂ ਦੇ ਭਾਰ ਦੀ ਕਮੀ ਇਨ੍ਹਾਂ ਦੇ ਢੋਆ ਢੋਆਈ ਦੀ ਦੂਰੀ, ਮੌਸਮ ਅਤੇ ਇਨ੍ਹਾਂ ਦੀ ਕਿਸਮ ਤੇ ਮੁਨੱਸਰ ਕਰਦਾ ਹੈ। ਜਿੰਨੀ ਵਧੇਰੇ ਦੂਰੀ ਹੋਵੇਗੀ ਭਾਰ ਓਨਾਂ ਹੀ ਜ਼ਿਆਦਾ ਘਟੇਗਾ । ਗਰਮੀਆਂ ਵਿਚ ਸਰਦੀਆਂ ਦੇ ਮੁਕਾਬਲੇ ਭਾਰ ਦੀ ਕਮੀ ਵਧੇਰੇ ਹੋਵੇਗੀ।

| **ਸੂਰਾਂ ਦੀ ਕਿਸਮ** | **ਢੋਆ ਢੁਆਈ ਦੀ ਦੂਰੀ** | |
|---|---|---|
| | **50 ਮੀਲ** | **100 ਮੀਲ** |
| ਖੱਸੀ ਸੂਰ | 2-3 | 4-6 |
| ਜਵਾਨ ਸੂਰੀਆਂ | 2-3 | 4-6 |
| ਵੱਡੀਆਂ ਸੂਰੀਆਂ | 4-5 | 5-6 |

ਸੂਰਾਂ ਦੇ ਇਸ ਘਟੇ ਹੋਏ ਭਾਰ ਨੂੰ ਕੁਝ ਹੱਦ ਤੱਕ ਮੰਡੀ ਵਿੱਚ ਪੂਰਾ ਕੀਤਾ ਜਾ ਸਕਦਾ ਹੈ ਜਿਵੇਂ ਕਿ ਵੇਚਣ ਤੋਂ ਪਹਿਲਾਂ ਸੂਰਾਂ ਨੂੰ ਖੁੱਲ੍ਹਾ ਪਾਣੀ ਪਿਲਾਉਣਾ ਅਤੇ ਦਾਣਾ ਆਦਿ ਦੇਣਾ।

**ਮੰਡੀਕਰਨ ਦੇ ਤਰੀਕੇ**

1. **ਸਿੱਧਾ ਮੰਡੀਕਰਣ:** ਜਿਸ ਤਰ੍ਹਾਂ ਕਿਸਾਨ ਵੀਰ ਆਪਣੀਆਂ ਸਬਜ਼ੀਆਂ ਨੂੰ ਆਪਣੀ ਮੰਡੀ ਵਿੱਚ ਲਿਜਾ ਕੇ ਆਪ ਹੀ ਨਿਰਧਾਰਤ ਮੁੱਲ ਤੇ ਵੇਚ ਦਿੰਦੇ ਹਨ ਉਸੇ ਤਰ੍ਹਾਂ ਸੂਰ ਪਾਲਕ ਸੂਰਾਂ ਨੂੰ ਆਪ ਵੇਚ ਸਕਦੇ ਹਨ ਜਾਂ ਫਿਰ ਕੱਚਾ ਮੀਟ ਵੀ ਵੇਚ ਸਕਦੇ ਹਨ। ਜਦੋਂ ਸੂਰਾਂ ਦਾ ਕੱਚਾ ਮੀਟ ਵੇਚਣਾ ਹੋਵੇ ਤਾਂ ਧਿਆਨ ਰੱਖੋ ਕਿ ਸੂਰ ਦੇ ਕਿਸ ਅੰਗ ਦੇ ਮੀਟ ਦੀ ਵਧੇਰੇ ਮੰਗ ਹੈ। ਸੂਰ ਦੇ ਉਸ ਹਿੱਸੇ ਦਾ ਮੀਟ ਵਧੇਰੇ ਭਾਅ ਤੇ ਵੇਚ ਕੇ ਵਧੇਰੇ ਪੈਸੇ ਕਮਾਏ ਜਾ ਸਕਦੇ ਹਨ।
2. **ਨਿਲਾਮੀ:** ਕਈ ਵਾਰੀ ਸੂਰਾਂ ਨੂੰ ਜਨਤਕ ਨਿਲਾਮੀ ਤੇ ਵੇਚ ਦਿੱਤਾ ਜਾਂਦਾ ਹੈ ਇਹ ਸੂਰਾਂ ਦੇ ਭਾਰ ਦੇ ਮੁਤਾਬਿਕ ਜਾਂ ਉੱਕਾ ਪੁੱਕਾ ਭਾਅ ਕਰਕੇ ਵੀ ਵੇਚੇ ਜਾ ਸਕਦੇ ਹਨ ਅਜਿਹੀ ਖਰੀਦੋ ਫਰੋਖਤ ਵਿਚ ਦਲਾਲ ਵੀ ਸ਼ਾਮਲ ਹੋ

ਸਕਦੇ ਹਨ । ਇਸ ਸਮੇਂ ਸੂਰਾਂ ਦੇ ਦਲਾਲ ਨਾਲ ਦਲਾਲੀ ਪਹਿਲਾਂ ਹੀ ਤਹਿ ਕਰ ਲੈਣੀ ਚਾਹੀਦੀ ਹੈ। ਜੇਕਰ ਸੂਰਾਂ ਦੇ ਖਰੀਦਦਾਰ ਜਾਂ ਦਲਾਲ ਸਿੱਧੇ ਫਾਰਮ ਤੋਂ ਹੀ ਸੂਰ ਖਰੀਦਣ ਲਈ ਪਹੁੰਚ ਜਾਣ ਤਾਂ ਉਨ੍ਹਾਂ ਨੂੰ ਸੂਰ ਫਾਰਮ ਦੇ ਅੰਦਰ ਨਹੀਂ ਵੜਨ ਦੇਣਾ ਚਾਹੀਦਾ। ਆਮ ਤੌਰ ਤੇ ਇਹ ਸਵੇਰੇ ਸਵੇਰੇ ਸੂਰ ਫਾਰਮ ਤੇ ਆਉਂਦੇ ਹਨ ਅਤੇ ਖੜੇ ਸੂਰਾਂ ਦਾ ਸੌਦਾ ਕਰ ਲੈਂਦੇ ਹਨ ਇਸ ਵੇਲੇ ਸੂਰ ਭੁੱਖੇ ਤਿਹਾਏ ਹੁੰਦੇ ਹਨ ਅਤੇ ਉਨ੍ਹਾਂ ਦਾ ਭਾਰ ਵੀ ਘੱਟ ਹੁੰਦਾ ਹੈ। ਵਧੇਰੇ ਲਾਭ ਖੱਟਣ ਲਈ ਇਹ ਜ਼ਰੂਰੀ ਹੈ ਕਿ ਸੌਦਾ ਕਰਨ ਤੋਂ ਪਹਿਲਾਂ ਸੂਰਾਂ ਨੂੰ ਖੁੱਲਾ ਦਾਣਾ ਅਤੇ ਪਾਣੀ ਦੇਣਾ ਚਾਹੀਦਾ ਹੈ। ਜਿਸ ਨਾਲ ਉਨ੍ਹਾਂ ਦਾ ਭਾਰ ਵੀ ਵੱਧ ਜਾਵੇਗਾ ਅਤੇ ਉਹ ਦੇਖਣ ਵਿਚ ਵੀ ਰਿਸ਼ਟ ਪੁਸ਼ਟ ਨਜ਼ਰ ਆਉਣਗੇ ਅਤੇ ਇਸ ਨਾਲ ਸਾਨੂੰ ਸੂਰਾਂ ਤੋਂ ਵਧੇਰੇ ਵੇਚ ਮੁੱਲ ਮਿਲ ਸਕੇਗਾ।

ਸੂਰ ਪਾਲਣ ਦਾ ਕਿੱਤਾ ਸਾਡੀ ਸੁਸਾਇਟੀ ਵਿਚ ਆਰਥਿਕ ਤੌਰ ਤੇ ਕਮਜ਼ੋਰ ਲੋਕਾਂ ਦੇ ਹੱਥਾਂ ਵਿੱਚ ਰਿਹਾ ਹੈ ਜਿਸ ਕਰਕੇ ਕੋਈ ਵੀ ਸੰਗਠਿਤ ਮੰਡੀ ਦੀ ਸਹੂਲਤ ਨਹੀਂ ਮਿਲਦੀ ਜੋ ਵੀ ਸੂਰ ਸ਼ਹਿਰਾਂ ਦੇ ਨਜ਼ਦੀਕ ਪਾਲਦੇ ਹਨ ਉਹ ਉਨ੍ਹਾਂ ਨੂੰ ਸ਼ਹਿਰ ਵਿਚ ਹੀ ਮੀਟ ਦੇ ਤੌਰ ਤੇ ਵੇਚ ਦਿੰਦੇ ਹਨ। ਪਰੰਤੂ ਹੁਣ ਸੂਰ ਦੇ ਮੀਟ ਦੀ ਪੰਜ ਤਾਰਾ ਹੋਟਲਾਂ ਵਿਚ ਬਾਹਰਲੇ ਮੁਲਕਾਂ ਤੋਂ ਆ ਰਹੇ ਸੈਲਾਨੀਆਂ ਦੀ ਵਧੇਰੇ ਆਮਦ ਕਾਰਨ ਮੰਗ ਵੱਧ ਰਹੀ ਹੈ। ਜਿਨ੍ਹਾਂ ਦੀ ਲੋੜ ਨੂੰ ਪੂਰਾ ਕਰਨ ਲਈ ਦਲਾਲ ਫਾਰਮਾਂ ਤੋਂ ਸੂਰ ਖਰੀਦਦੇ ਹਨ ਅਤੇ ਪੰਜ ਤਾਰਾ ਹੋਟਲਾਂ ਵਿਚ ਪਹੁੰਚਾਉਂਦੇ ਹਨ।

# ਅਰਥ ਵਿਵਸਥਾ

ਕਿਸੇ ਵੀ ਕਿੱਤੇ ਨੂੰ ਅਪਨਾਉਣ ਦਾ ਮੁੱਖ ਮਕਸਦ ਉਸ ਕਿੱਤੇ ਤੋਂ ਵਧੇਰੇ ਮੁਨਾਫਾ ਕਮਾਉਣਾ ਹੁੰਦਾ ਹੈ। ਪਸ਼ੂ ਪਾਲਣ ਕਿੱਤਿਆਂ ਵਿੱਚੋਂ ਸੂਰ ਪਾਲਣ ਪੰਜਾਬ ਵਿੱਚ ਕਿਸਾਨਾਂ ਵੱਲੋਂ ਖੇਤੀ ਸਹਾਇਕ ਕਿੱਤੇ ਵਜੋਂ ਅਪਣਾਇਆ ਜਾ ਰਿਹਾ ਹੈ। ਸੂਰਾਂ ਦੀਆਂ ਖਾਸ ਵਿਸ਼ੇਸ਼ਤਾਈਆਂ ਜਿਵੇਂ ਜਲਦੀ ਭਾਰ ਵਾਧਾ, ਛੇਤੀ ਜਵਾਨ ਹੋਣਾ, ਵਧੇਰੇ ਬੱਚੇ ਪੈਦਾ ਕਰਨਾ, ਸਾਲ ਵਿੱਚ ਦੋ ਵਾਰ ਸੂਣਾ ਆਦਿ ਨੇ ਸੂਰ ਪਾਲਣ ਦੇ ਕਿੱਤੇ ਨੂੰ ਛੋਟੇ ਕਿਸਾਨਾਂ ਵਿੱਚ ਬਹੁਤ ਪਾਪੂਲਾਰ ਕੀਤਾ ਹੈ। ਸੂਰ ਪਾਲਣ ਵਿੱਚ ਵਧੇਰੇ ਖਰਚ ਇਨ੍ਹਾਂ ਦੀ ਖੁਰਾਕ ਤੇ ਆਉਂਦਾ ਹੈ। ਇਸ ਕਿੱਤੇ ਤੋਂ ਕਿਵੇਂ ਵਧੇਰੇ ਲਾਭ ਲੈਣਾ ਹੈ ਅਤੇ ਕਿਸ ਚੀਜ਼ ਤੇ ਕਿੰਨਾਂ ਖਰਚ ਆਉਂਦਾ ਹੈ ਦਾ ਹਿਸਾਬ ਕਿਤਾਬ ਰੱਖਣਾ ਜ਼ਰੂਰ ਆਉਣਾ ਚਾਹੀਦਾ ਹੈ। ਸੂਰ ਪਾਲਣ ਦੇ ਵੱਖ ਵੱਖ ਪਹਿਲੂਆਂ ਤੇ ਆਉਣ ਵਾਲੇ ਖਰਚ ਦਾ ਬਿਓਰਾ ਇਸ ਤਰ੍ਹਾਂ ਹੈ।।

**ਲਾਗਤ ਅਤੇ ਫਾਇਦੇ ਦਾ ਹਿਸਾਬ-ਕਿਤਾਬ**

10 ਸੂਰੀਆਂ ਅਤੇ 1 ਸੂਰ ਦੇ ਨਸਲਕਸ਼ੀ ਅਤੇ ਝਟਕਾਉਣ ਵਾਲੇ ਸੂਰ ਫਾਰਮ ਦੀ ਲਾਗਤ ਅਤੇ ਮੁਨਾਫੇ ਦੀ ਸਲਾਨਾ ਰਿਪੋਰਟ ਤਿਆਰ ਕਰਨ ਲਈ ਹੇਠ ਲਿਖੀਆਂ ਸੇਧਾਂ ਵਰਤੀਆਂ ਜਾ ਸਕਦੀਆਂ ਹਨ।

## ਪੂਰਵ ਅਨੁਮਾਨ

1. ਸੂਰ ਫਾਰਮ ਬਣਾਉਣ ਲਈ ਕਿਸਾਨ ਵੀਰਾਂ ਕੋਲ ਆਪਣੀ ਜ਼ਮੀਨ ਹੋਵੇ।
2. ਨਸਲਕਸ਼ੀ ਲਈ ਜਵਾਨ ਸੂਰੀਆਂ/ਸੂਰ ਦੀ ਉਮਰ — 8-9 ਮਹੀਨੇ
3. ਸੂਏ/ ਸੂਰੀ / ਸਾਲ — 2
4. ਜਨਮ ਸਮੇਂ ਬੱਚਿਆਂ ਦੀ ਔਸਤ ਸੰਖਿਆ/ ਸੂਰੀ — 12
5. ਦੁੱਧ ਛਡਾਉਣ ਦੇ ਸਮੇਂ ਬੱਚਿਆਂ ਦੀ ਔਸਤ ਸੰਖਿਆ /ਸੂਰੀ — 10
6. ਦੁੱਧੋਂ ਛਡਾਉਣ ਦੀ ਉਮਰ — 8 ਹਫਤੇ

| | | |
|---|---|---|
| 7. ਖੁਰਾਕ ਦੀ ਲਾਗਤ/ਕੁਇੰਟਲ (ਰੁ.) | ੳ. ਬਾਲਗ ਸੂਰ | 1,100/- |
| | ਅ. ਵਧ ਫੁੱਲ ਰਹੇ ਸੂਰ | 1,300/- |
| | ੲ. ਕਰੀਪ | 1500/- |
| 8. ਛੱਤ ਵਾਲੇ ਹਿੱਸੇ ਨੂੰ ਬਣਾਉਣ ਦੀ ਕੀਮਤ/ ਪ੍ਰਤੀ ਵਰਗ ਫੁੱਟ (ਰੁ.) | | 225/- |
| 9. ਬਿਨ੍ਹਾਂ ਛੱਤੇ ਹਿੱਸੇ ਨੂੰ ਬਣਾਉਣ ਦੀ ਕੀਮਤ/ ਪ੍ਰਤੀ ਵਰਗ ਫੁੱਟ (ਰੁ.) | | 175/- |
| 10. ਸੂਰਾਂ ਦਾ ਵਿਕਰੀ ਮੁੱਲ/ਕਿ.ਗ੍ਰਾ. (ਜੀਵਤ ਭਾਰ) | | 70/- |
| 11. ਵੱਡੇ ਸੂਰ ਦਾ ਬੀਮਾ (%) | | 4 |
| 12. ਵਿਆਜ ਦਰ (%) | | 10 |
| 13. ਸੂਰਾਂ ਦੀ ਰਿਹਾਇਸ਼ ਦੀ ਥਾਂ/ ਸੂਰ | | ਬੀ.ਆਈ.ਐਸ ਅਨੁਸਾਰ |
| 14. ਸਲਾਨਾ ਸਾਜੋ ਸਮਾਨ ਦੀ ਕੀਮਤ ਦੀ ਕਟੌਤੀ (੧੦ ਸਾਲ) % | | 10 |
| 15. ਸਲਾਨਾ ਇਮਾਰਤ ਦੀ ਕੀਮਤ ਦੀ ਕਟੌਤੀ (੨੦ ਸਾਲ) % | | 5 |

## ਖਰਚ ਦਾ ਲੇਖਾ ਜੋਖਾ

**(ੳ) ਅਣ–ਆਵਰਤੀ / ਸਥਿਰ ਪੂੰਜੀ ਨਿਵੇਸ਼**

**੧. ਇਮਾਰਤ/ ਘਰ ਬਨਾਉਣ ਦਾ ਖਰਚ**

| | |
|---|---|
| (ੳ) ਛੱਤੇ ਹੋਏ ਥਾਂ ਦਾ ਉਸਾਰੀ ਖਰਚ (2350 ਵਰਗ ਫੁੱਟ) | ਰੁਪਏ 5,28,750/- |
| (ਅ) ਬਿਨਾਂ ਛੱਤੀ ਥਾਂ ਦਾ ਉਸਾਰੀ ਖਰਚ (2068 ਵਰਗ ਫੁੱਟ) | ਰੁਪਏ 3,61,900/- |
| (ੲ) ਗੋਦਾਮ ਅਤੇ ਦਫਤਰ (2000 ਵਰਗ ਫੁੱਟ) | |
| ਕੁੱਲ ਇਮਾਰਤ ਖਰਚ | ਰੁਪਏ 9,350,650/- |

**੨. ਨਕਲਕਸ਼ੀ ਵਾਲੇ ਸੂਰ**

| | |
|---|---|
| 10 ਜਵਾਨ ਸੂਰੀਆਂ ਦੀ ਕੀਮਤ (7,000 ਰੁ./ਸੂਰੀ) | ਰੁਪਏ 70,000/- |
| 1 ਸਾਨ੍ਹ ਸੂਰ | ਰੁਪਏ 7,000/- |

ਕੁੱਲ ਸੂਰ ਖ੍ਰੀਦਣ ਦਾ ਖਰਚ ਰੁਪਏ 77,000/-

੩. ਫੁੱਟਕਲ ਸਾਜ਼ੋ -ਸਮਾਨ-ਬਾਲਟੀਆਂ,ਕਹੀਆਂ,ਬੇਲਚਾ,

ਇੱਕ ਪਹੀਆ ਰੇੜ੍ਹੀ ਆਦਿ। ਰੁਪਏ 5,000/-

ਕੁੱਲ ਅਣ-ਆਵਰਤੀ ਖਰਚ (੧+੨+੩) = ਰੁਪਏ 10,17,650/-

ਉਧਾਰ (75%) = ਰੁਪਏ 7,63238/-

ਮਾਰਜਿਨ ਮਨੀ (੨੫%) = ਰੁਪਏ 2,54413/-

**(ਅ) ਆਵਰਤੀ / ਚਲੰਤ ਖਰਚੇ**

੧. ਖੁਰਾਕ ਦੇ ਖਰਚੇ

(ੳ) ੧੦ ਫੰਡਰ ਸੂਰੀਆਂ ਦੀ ਖੁਰਾਕ (੨੪੫ ਦਿਨ) ਦਾ ਖਰਚ (4900 ਕਿਲੋ) = ਰੁਪਏ 53900/-

੧੦ ਦੁੱਧ ਚੁੰਘਾਉਂਦੀਆਂ ਸੁਰੀਆਂ (੧੨੦ ਦਿਨ)ਦਾ ਖਰਚ (੩੬੦੦ ਕਿਲੋ) = ਰੁਪਏ 39600/-

(ਅ) ੧ ਸਾਨ੍ਹ ਸੂਰ ਦੀ ਖੁਰਾਕ ਦਾ ਖਰਚ ਇੱਕ ਸਾਲ (912.5 ਕਿਲੋ) = ਰੁਪਏ 10037/50

(ੲ) ੧੮੦ ਵਧ- ਫੁੱਲ ਰਹੇ ਅਤੇ ਮੋਟੇ ਹੋ ਰਹੇ ਸੂਰਾਂ ਦੀ (੨.੫

ਕਵਿੰਟਲ /ਸੂਰ) ਖੁਰਾਕ ਦਾ ਖਰਚ =ਰੁਪਏ 5,85,000.00

(ਸ) ੧੮੦ ਦੁੱਧ ਚੁੰਘਦੇ ਬੱਚਿਆਂ ਦੀ ਖੁਰਾਕ ਦਾ ਖਰਚ (੯੦੦ ਕਿਲੋ) = ਰੁਪਏ 13500/-

੨. ਕਾਮਿਆ ਦਾ ਖਰਚ ੨੦੦ ਰੁ. ਪ੍ਰਤੀ ਦਿਨ = ਰੁਪਏ 73000/-

੩. ਟੀਕਾਕਰਨ/ਦਵਾਈਆਂ =ਰੁਪਏ 5,000/-

੪. ਬਾਕੀ ਖਰਚੇ (ਬਿਜਲੀ, ਪਾਣੀ) = ਰੁਪਏ 5,000/-

ਕੁੱਲ ਆਵਰਤੀ ਖਰਚ (੧+੨+੩+੪) = ਰੁਪਏ 7,85,037/50

**(ੲ) ਉਤਪਾਦਨ ਦੀ ਸਲਾਨਾ ਲਾਗਤ**

੧. ਆਵਰਤੀ ਖਰਚਾ = ਰੁਪਏ 7,85,037/50

੨. ਇਮਾਰਤ ਦੀ ਲਾਗਤ ਵਿੱਚ ਘਾਟਾ = ਰੁਪਏ 46782/50

੩. ਸਾਜੋ-ਸਮਾਨ ਦੀ ਲਾਗਤ ਵਿੱਚ ਘਾਟਾ = ਰੁਪਏ 500/-

੪. ਮੁੱਖ ਖਰਚੇ (ਉਧਾਰ) ਉੱਤੇ ਵਿਆਜ = ਰੁਪਏ 76,323/-

੫. ਨਸਲਕਸ਼ੀ ਵਾਲੇ ਸੂਰਾਂ ਦਾ ਬੀਮਾ ਖਰਚ (੪%) = ਰੁਪਏ 3,080/-

ਕੁੱਲ ਉਤਪਾਦਨ ਖਰਚ (੧+੨+੩+੪+੫) = ਰੁਪਏ 9,11,723.25

**(ਸ) ਸਾਲਾਨਾ ਵਸੂਲੀ**

੧. 180 ਝਟਕਾਉਣ ਯੋਗ ਸੂਰਾਂ ਦੀ ਵਿਕਰੀ (90 ਕਿਲੋ/ ਸੂਰ, ੭੦ ਰੁਪਏ/ਕਿਲੋ ਭਾਰ) = ਰੁਪਏ 11,34,000/-

੨. ੳ. 11 ਨਸਲਕਸ਼ੀ ਵਾਲੇ ਸੂਰਾਂ ਤੋਂ ਖਾਦ ਦੀ ਵਿਕਰੀ =ਰੁਪਏ 5,000/-

ਅ. 180 ਵਧ-ਫੁੱਲ ਰਹੇ ਸੂਰਾਂ ਤੋਂ ਖਾਦ ਦੀ ਵਿਕਰੀ = ਰੁਪਏ 35,000/-

੩. 600 ਖਾਲੀ ਬੋਰੀਆਂ ਦੀ ਵਿਕਰੀ (10/- ਰੇ./ ਬੋਰੀ) = ਰੁਪਏ 6000/-

ਕੁੱਲ ਆਮਦਨ (੧+੨+੩) = ਰੁਪਏ 11,80,000/-

**(ਹ) ਕੁੱਲ ਲਾਭ**

ਕੁੱਲ ਮੁਨਾਫਾ = ਸਾਲਾਨਾ ਰਕਮ - ਉਤਪਾਦਨ ਦੀ ਸਾਲਾਨਾ ਲਾਗਤ

= ਰੁਪਏ 11,80,000/- - 9,11,723/-

= ਰੁਪਏ 2,68,277/-.

ਮੁਨਾਫਾ ਪ੍ਰਤੀ ਮਹੀਨਾ = ਰੁਪਏ 22,356/-

ਇਨ੍ਹਾਂ ਤੋਂ ਇਲਾਵਾ ੧੦ ਸੂਰੀਆਂ ਅਤੇ ਇੱਕ ਸਾਨ੍ਹ ਸੂਰ ਵੀ ਕਿਸਾਨ ਕੋਲ ਬੱਚ ਜਾਂਦੇ ਹਨ।

ਸੂਰ ਉਤਪਾਦਨ ਵਿੱਚ ਕੁਲ ਲਾਗਤ ਦਾ 70-75 % ਖੁਰਾਕ ਤੇ ਖਰਚ ਹੁੰਦਾ ਹੈ।ਸੂਰ ਪਾਲਕ ਇਸ ਖਰਚੇ ਨੂੰ ਰਸੋਈ ਘਰ, ਹੋਸਟਲ, ਹੋਟਲ ਆਦਿ ਦੇ ਬੱਚੇ-ਖੁੱਚੇ ਭੋਜਨ ਨੂੰ ਸੂਰਾਂ ਦੀ ਖੁਰਾਕ ਵਿੱਚ ਸ਼ਾਮਿਲ ਕਰਕੇ ਲਾਗਤ ਨੂੰ ਘਟਾ ਸਕਦੇ ਹਨ।

# ਸੂਰਾਂ ਨੂੰ ਝਟਕਾਉਣਾ ਅਤੇ ਉਸ ਦੀ ਗੁਣਵਤਾ

**ਸੂਰਾਂ ਨੂੰ ਝਟਕਾਉਣਾ**

ਜਿਊਂਦੇ ਸੂਰ ਤੋਂ ਮਾਸ ਪ੍ਰਾਪਤ ਕਰਨ ਲਈ ਸੂਰ ਨੂੰ ਮਾਰਿਆ ਜਾਂਦਾ ਹੈ। ਪਸ਼ੂਆਂ ਤੋਂ ਮਾਸ ਪ੍ਰਾਪਤ ਕਰਨ ਲਈ ਸਾਡੇ ਦੇਸ਼ ਵਿਚ ਦੋ ਵਿਧੀਆਂ ਵਰਤੀਆਂ ਜਾਂਦੀਆਂ ਹਨ। ਜਿਨ੍ਹਾਂ ਨਾਲ ਪਸ਼ੂਆਂ ਤੋਂ ਮੀਟ ਪ੍ਰਾਪਤ ਕੀਤਾ ਜਾਂਦਾ ਹੈ।

**੧. ਹਲਾਲ ਕਰਨਾ**

**੨. ਝਟਕਾਉਣਾ**

ਸੂਰਾਂ ਤੋਂ ਮਾਸ ਪ੍ਰਾਪਤ ਕਰਨ ਲਈ ਸੂਰਾਂ ਨੂੰ ਝਟਕਾਇਆ ਜਾਂਦਾ ਹੈ। ਹਲਾਲ ਕਰਨ ਦੀ ਵਿਧੀ ਮੁਸਲਮਾਨਾਂ ਵਿਚ ਵਰਤੀ ਜਾਂਦੀ ਹੈ ਪਰੰਤੂ ਮੁਸਲਮਾਨ ਸੂਰ ਦਾ ਮਾਸ ਇਸਤੇਮਾਲ ਨਹੀਂ ਕਰਦੇ ਇਸ ਲਈ ਸੂਰਾਂ ਤੋਂ ਮਾਸ ਪ੍ਰਾਪਤ ਕਰਨ ਲਈ ਝਟਕਾ ਵਿਧੀ ਹੀ ਵਰਤੀ ਜਾਂਦੀ ਹੈ।

1. **ਸੂਰਾਂ ਨੂੰ ਭੁੱਖੇ ਰਖਣਾ**

   ਸੂਰਾਂ ਨੂੰ ਝਟਕਾਉਣ ਤੋਂ ਘੱਟੋ ਘੱਟ 16 ਘੰਟੇ ਪਹਿਲਾਂ ਸੂਰਾਂ ਨੂੰ ਖਾਨੇ ਚੋਂ ਲਿਆ ਕੇ ਅਲੱਗ ਖਾਨੇ ਵਿੱਚ ਰੱਖਿਆ ਜਾਂਦਾ ਹੈ ਜਿਥੇ ਉਹ ਅਰਾਮ ਕਰ ਸਕਣ ਅਤੇ ਉਤਾਵਲੇ ਵੀ ਨਾ ਹੋਣ ਤਾਂ ਜੋ ਉਨ੍ਹਾਂ ਦੇ ਖ਼ੂਨ ਦਾ ਵਹਾਅ ਠੀਕ ਬਣਿਆ ਰਹੇ। ਇਸ ਸਮੇਂ ਸੂਰਾਂ ਨੂੰ ਦਾਣਾ ਨਹੀਂ ਪਾਣਾ ਚਾਹੀਦਾ ਪਰੰਤੂ ਪਾਣੀ ਖੁੱਲਾ ਦੇਣਾ ਚਾਹੀਦਾ ਹੈ ਤਾਂ ਜੋ ਅੰਤੜੀਆਂ ਵਿਚਲਾ ਦਾਣਾ ਹਜ਼ਮ ਹੋਕੇ ਜਜ਼ਬ ਹੋ ਜਾਵੇ ਅਤੇ ਮੱਲ ਪਦਾਰਥ ਵੀ ਬਹੁਤ ਘੱਟ ਬਚੇ। ਸੂਰਾਂ ਨੂੰ ਝਟਕਾਉਣ ਦੇ ਪੜਾਅ ਹੇਠਾਂ ਦਿੱਤੇ ਹਨ।

**2. ਸੁੰਨ ਕਰਨਾ**

ਸੂਰ ਇਕ ਬਹੁਤ ਤਾਕਤਵਰ ਜਾਨਵਰ ਹੈ ਇਸ ਲਈ ਇਸਨੂੰ ਕਾਬੂ ਕਰਨ ਲਈ ਸਰੀਰਕ ਜ਼ੋਰ ਦੀ ਬਹੁਤ ਜ਼ਰੂਰਤ ਹੁੰਦੀ ਹੈ। ਇਸ ਲਈ ਇਸ ਨੂੰ ਕਾਬੂ ਕਰਨ ਲਈ 3-4 ਵਿਅਕਤੀ ਚਾਹੀਦੇ ਹਨ। ਇਸ ਜ਼ੋਰ ਅਜ਼ਮਾਇਸ਼ ਤੋਂ ਛੁਟਕਾਰਾ ਪਾਉਣ ਲਈ ਅਤੇ ਸੱਭਿਅਕ ਤਰੀਕੇ ਨਾਲ ਝਟਕਾਉਣ ਲਈ ਸੂਰਾਂ ਨੂੰ ਸੁੰਨ ਕੀਤਾ ਜਾਂਦਾ ਹੈ। ਸੂਰਾਂ ਨੂੰ ਬੇਜੋਸ਼ ਕਰਨ ਲਈ ਇਨ੍ਹਾਂ ਨੂੰ ਹਲਕਾ ਕਰੰਟ ਲਗਾਇਆ ਜਾਂਦਾ ਹੈ ਜਾਂ ਫਿਰ ਬੰਦੂਕ ਨਾਲ ਨਕਲੀ ਗੋਲੀ ਮੱਥੇ ਵਿਚ ਮਾਰ ਕੇ ਬੇਹੋਸ਼ ਕੀਤਾ ਜਾਂਦਾ ਹੈ।

**3. ਸੂਰ ਨੂੰ ਮਾਰਨਾ**

ਸੂਰ ਨੂੰ ਮਾਰਨ ਲਈ ਇਕ ਤਿੱਖੇ ਦੋ ਧਾਰੀ ਚਾਕੂ ਨਾਲ ਛਾਤੀ ਦੇ ਅਗਲੇ ਹਿੱਸੇ ਵਿੱਚ ਸਿੱਧਾ ਤੇ ਲੰਮਾ ਚੀਰਾ ਦੇ ਕੇ ਗਰਦਨ ਦੀ ਨਾੜੀ ਨੂੰ ਕੱਟਿਆ ਜਾਂਦਾ ਹੈ ਅਤੇ ਸੂਰ ਨੂੰ ਪਿਛਲੀਆਂ ਲੱਤਾਂ ਦੇ ਸਹਾਰੇ ਪੁੱਠਾ ਟੰਗਿਆ ਜਾਂਦਾ ਹੈ ਤਾਂ ਜੋ ਸੂਰ ਦਾ ਸਾਰਾ ਖੂਨ ਨਿਚੜ ਜਾਵੇ ਅਜਿਹਾ ਕਰਨ ਨਾਲ ਸੂਰ ਦੇ ਮਾਸ ਦਾ ਮਿਆਰ ਬਣਿਆ ਰਹੇ। ਆਮ ਤੌਰ ਤੇ ਗਰੀਬ ਤਬਕੇ ਦੇ ਲੋਕ ਸੂਰਾਂ ਨੂੰ ਘਰ ਵਿਚ ਜਾਂ ਛੋਟੇ ਛੋਟੇ ਸਲਾਟਰ (slaughter ) ਘਰਾਂ ਵਿਚ ਮਾਰਕੇ ਮੀਟ ਪ੍ਰਾਪਤ ਕਰਦੇ ਹਨ। ਇਸ ਵਿਧੀ ਅਨੁਸਾਰ ਸੂਰ ਨੂੰ ਪਕੜ ਕੇ ਸੂਰ ਨੂੰ ਸੱਜੀ ਵੱਖੀ ਵਲ ਲਿਟਾ ਦਿੱਤਾ ਜਾਂਦਾ ਹੈ। ਫਿਰ ਅਗਲੀ ਖੱਬੀ ਲੱਤ ਨੂੰ ਮੋੜ ਕੇ ਪਸਲੀ ਤੇ ਰੱਖ ਕੇ ਜਿਸ ਪਸਲੀ ਤੇ ਪੈਰ ਪਹੁੰਚਦੇ ਹਨ। ਉਸ ਪਸਲੀ ਦੇ ਵਿਚ ਇੱਕ ਤਿੱਖੇ ਦੋ ਧਾਰ ਚਾਕੂ ਨੂੰ ਘੋਪ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਚਾਕੂ ਸਿੱਧਾ ਸੂਰ ਦੇ ਦਿਲ ਨੂੰ ਪਾੜ ਦਿੰਦਾ ਹੈ

4. **ਵਾਲ ਉਤਾਰਨੇ**

ਸੂਰ ਦੀ ਚਮੜੀ ਪੂਰੀ ਤਰ੍ਹਾਂ ਖਾਣ ਯੋਗ ਹੁੰਦੀ ਹੈ।ਪਰੰਤੂ ਇਸ ਉੱਤੇ ਮੋਟੇ ਅਤੇ ਲੰਬੇ ਵਾਲ ਹੁੰਦੇ ਹਨ। ਇਨ੍ਹਾਂ ਨੂੰ ਉਤਾਰਨ ਲਈ ਸਰੀਰ ਦੇ ਉਪਰਲੀ ਚਮੜੀ ਦੀ ਤਹਿ ਨੂੰ ਨਰਮ ਅਤੇ ਢਿੱਲਾ ਕਰਨਾ ਪੈਂਦਾ ਹੈ। ਤਾਂ ਜੋ ਸਾਰੇ ਵਾਲ ਠੀਕ ਤਰ੍ਹਾਂ ਉਤਰ ਸਕਣ। ਇਸ ਲਈ ਇਕ ਵਡੇ ਕੜਾਹੇ ਵਿਚ ਪਾਣੀ ਗਰਮ ਕਰਕੇ, ਜਿਸਦਾ ਤਾਪਮਾਨ $60^0$ ਸੈਂਟੀ ਗਰੇਡ ਹੋਵੇ,ਉਸ ਵਿਚ ਝਟਕਾਏ ਹੋਏ ਸੂਰ ਨੂੰ 5 ਮਿੰਟ ਤੱਕ ਰੱਖ ਦਿਓ।ਇਸ ਦੌਰਾਨ ਚਮੜੀ ਦੇ ਵਾਲ ਢਿੱਲੇ ਹੋ ਜਾਂਦੇ ਹਨ। ਜਿਨ੍ਹਾਂ ਨੂੰ ਇਕ ਲੋਹੇ ਦੀ ਕੁਪੀ ਦੀ ਮਦਦ ਨਾਲ ਖੁਰਚ ਕੇ ਲਾਹ ਲਿਆ ਜਾਂਦਾ ਹੈ। ਸਰੀਰ ਤੇ ਬਾਕੀ ਰਹਿ ਗਏ ਵਾਲਾਂ ਨੂੰ ਲੈਂਪ ਜਾਂ ਸਟੋਪ ਨਾਲ ਝੁਲਸਾ ਦਿੱਤਾ ਜਾਂਦਾ ਹੈ ਅਤੇ ਸਰੀਰ ਵਾਲ ਰਹਿਤ ਹੋ

ਜਾਂਦਾ ਹੈ। ਜਿਥੇ ਪਾਣੀ ਗਰਮ ਕਰਨ ਵਾਲਾ ਕੜਾਹਾ ਨਾ ਮਿਲੇ ਉੱਥੇ ਲੋਥ ਨੂੰ ਅੱਗ ਲਗਾ ਕੇ ਭੁੰਨ ਕੇ ਵੀ ਵਾਲ ਉਤਾਰੇ ਜਾ ਸਕਦੇ ਹਨ।

**5. ਲੋਥ ਨੂੰ ਵੱਖ –ਵੱਖ ਹਿਸਿਆਂ ਵਿਚ ਵੰਡਣਾ**

ਵਾਲ ਰਹਿਤ ਕਰਨ ਉਪਰੰਤ ਸੂਰ ਦੀ ਲੋਥ ਨੂੰ ਚੰਗੀ ਤਰ੍ਹਾਂ ਧੋਕੇ ਅਤੇ ਗਰਦਨ ਦੀ ਹੱਡੀ ਵਾਲੇ ਜੌੜ ਤੋਂ ਸਿਰ ਨੂੰ ਧੜ ਤੋਂ ਵੱਖ ਕਰ ਦਿਓ। ਪੈਰਾਂ ਨੂੰ ਖੁੱਚ ਦੇ ਜੌੜ ਤੋਂ ਵੱਖ ਕਰੋ ।ਪੁੱਠੇ ਲਟਕਾਏ ਸੂਰ ਦੇ ਧੜ ਦੀ ਅਰਧ ਰੇਖਾ ਤੇ ਸਿੱਧਾ ਨਿਸ਼ਾਨ ਲਗਾ ਕੇ ਛਾਤੀ ਦੀ ਹੱਡੀ ਅਤੇ ਪੇਟ ਨੂੰ ਚੀਰ ਦਿਓ। ਅਤੇ ਸਰੀਰ ਦੇ ਅੰਦਰੂਨੀ ਅੰਗਾਂ {ਦਿਲ, ਜਿਗਰ, ਗੁਰਦੇ, ਤਿਲੀ, ਮਸਾਨਾ, ਬੱਚੇਦਾਨੀ (ਜੇਕਰ ਸੂਰੀ ਹੋਵੇ), ਮਿਹਦਾ,ਅੰਤੜੀਆਂ ਆਦਿ} ਨੂੰ ਬਾਹਰ ਕੱਢ ਲਓ। ਇਸ ਤੋਂ ਬਾਅਦ ਸੂਰ ਦੀ ਗਰਦਨ ਤੋਂ ਰੀੜ ਦੀ ਹੱਡੀ ਦੇ ਬਿਲਕੁਲ ਵਿਚਕਾਰੋਂ ਇਕ ਤਿੱਖੇ ਟੋਕੇ ਨਾਲ ਧੜ ਨੂੰ ਬਰਾਬਰ ਦੋ ਹਿੱਸਿਆਂ ਵਿਚ ਵੰਡਿਆਂ ਜਾਂਦਾ ਹੈ। ਇਸ ਤਰ੍ਹਾਂ ਪ੍ਰਾਪਤ ਸੂਰ ਦੇ ਮੀਟ ਨੂੰ $1\text{-}2^0$ ਸੈਂਟੀ ਗ੍ਰੇਡ ਤਾਪਮਾਨ ਤੇ ਰੱਖਿਆ ਜਾ ਸਕਦਾ ਹੈ। ਜੇਕਰ ਲੰਬੇ ਸਮੇਂ ਲਈ ਸੂਰ ਦੇ ਕੱਚੇ ਮੀਟ ਨੂੰ ਰੱਖਣਾ ਹੋਵੇ ਤਾਂ ਇਸ ਨੂੰ ਫਰਿਜ (Deep freezer ) ਵਿਚ ਰੱਖਣਾ ਚਾਹੀਦਾ ਹੈ।

**6. ਝਟਕਾਏ ਸੂਰ ਦੇ ਟੁਕੜੇ**

ਸੂਰ ਨੂੰ ਝਟਕਾਉਣ ਉਪਰੰਤ ਵੱਖ- ਵੱਖ ਹਿੱਸਿਆਂ ਨੂੰ ਕੱਟ ਕੇ ਟੁਕੜੇ ਕੀਤੇ ਜਾਂਦੇ ਹਨ। ਇਨ੍ਹਾਂ ਦੇ ਨਾਮ ਚਿੱਤਰ ਵਿਚ ਦਰਸਾਏ ਗਏ ਹਨ।




ਸੂਰ ਦੇ ਮੀਟ ਦੇ ਵੇਚਣਯੋਗ ਹਿੱਸੇ

ਜਬਾੜਾ, ਮੋਢੇ ਦੇ ਉਪਰਲੇ ਹਿੱਸੇ ਨੂੰ ਬਾਸਟਨ ਬੱਟ ਅਤੇ ਥਲਵੇਂ ਹਿੱਸੇ ਨੂੰ ਪਿਕਨਿਕ ਆਖਦੇ ਹਨ, ਪੁੱਠ (ਪਿੱਠ ਦਾ ਪਿਛਲਾ ਹਿੱਸਾ), ਬੇਕਨ (ਪੇਟ ਦਾ ਹਿੱਸਾ ), ਪੱਟ (ਹੈਮ ), ਵਾਧੂ ਪਸਲੀਆਂ (spare ribs ) ਅਤੇ ਪੈਰ ਪ੍ਰਮੁੱਖ ਹਿੱਸੇ ਹਨ। ਇਸ ਤੋਂ ਇਲਾਵਾ ਕਲੇਜਾ, ਗੁਰਦੇ, ਦਿਲ, ਤਿੱਲੀ ਆਦਿ ਵੀ ਖਾਣ ਵਾਲੇ ਮੀਟ ਦੇ ਨਾਲ ਹੀ ਆਉਦੇ ਹਨ।

**ਵੱਖ –ਵੱਖ ਹਿੱਸਿਆ ਤੋ ਪ੍ਰਾਪਤ ਮੀਟ (%)**

| **ਮੀਟ** | **%** |
|---|---|
| ਪੱਟ ਦਾ ਮਾਸ (Ham) | 14.00 |
| ਪੇਟ (Belly) | 11.00 |
| ਪੁੱਠ (Lion) | 9.50 |
| ਮੋਢਿਆਂ ਦਾ ਉਪਰਲਾ ਹਿੱਸਾ (Boston Butt) | 4.75 |
| ਮੋਢਿਆਂ ਦਾ ਹੇਠਲਾ ਹਿੱਸਾ(Picnic) | 5.50 |
| ਪਿੱਠ ਦੀ ਚਰਬੀ | 3.00 |
| ਚਰਬੀ ਰਹਿਤ ਤਰਾਸ਼ਿਆ ਮੀਟ | 3.00 |
| ਜਬਾੜੇ ਦਾ ਮੀਟ | 2.00 |
| ਵਾਧੂ ਪਸਲੀਆਂ | 1.50 |
| ਚਰਬੀ (ਢਲੀ ਹੋਈ) | 13.00 |
| ਫੁਟਕਲ | 21.75 |
| ਲੀਵਰ, ਕਿਡਨੀ, ਸਪਲੀਨ ਆਦਿ | 3.50 |
| ਗਲ, ਖ਼ੂਨ ਆਦਿ | 25.0 |

7. **ਮੀਟ ਦਾ ਗੁਣਾਤਮਕ ਮਾਪ ਤੋਲ:**

ਸੂਰਾਂ ਤੋਂ ਵਧੇਰੇ ਲਾਭ ਲੈਣ ਲਈ ਸੂਰਾਂ ਨੂੰ ਝਟਕਾਉਣ ਉਪਰੰਤ ਉਨ੍ਹਾਂ ਦਾ ਗੁਣਾਤਮਕ ਮਾਪ ਤੋਲ ਦਾ ਗਿਆਨ ਹੋਣਾ ਜ਼ਰੂਰੀ ਹੈ ਜਿਸ ਤੋਂ ਅਸੀਂ ਸੂਰ ਤੋਂ ਪ੍ਰਾਪਤ ਹੋਏ ਮੀਟ ਦੀ ਕੀਮਤ ਤਹਿ ਕਰ ਸਕਦੇ ਹਾਂ।

1. **ਖਾਣ ਯੋਗ ਮੀਟ (%)** = <u>ਝਟਕਾਏ ਸੂਰ ਦਾ ਭਾਰ x **100**</u>

   ੳ. ਜਿਉਂਦੇ ਸੂਰ ਦਾ ਭਾਰ

2. **ਲੰਬਾਈ:** ਸੂਰ ਦੇ ਮੀਟ ਦੀ ਲੰਬਾਈ ਪਹਿਲੀ ਪਸਲ਼ੀ ਤੋਂ ਪੱਟ ਦੀ ਹੱਡੀ ਤੱਕ ਮਿਣੀ ਜਾਂਦੀ ਹੈ। ਲੰਬਾਈ ਜਿੰਨੀ ਵੱਧ ਹੋਵੇਗੀ ਮੀਟ ਓਨਾ ਹੀ ਵਧੇਰੇ ਹੋਵੇਗਾ।

3. **ਚਰਬੀ:** ਸੂਰ ਦੇ ਸਰੀਰ ਤੇ ਚਰਬੀ ਦੀ ਮੋਟੀ ਤਹਿ ਹੁੰਦੀ ਹੈ ਜਿਸਨੂੰ ਸਾਂਟ ਕਹਿੰਦੇ ਹਨ ਇਹ ਜਿੰਨੀ ਮੋਟੀ ਹੋਵੇਗੀ ਮਾਸ ਵਿੱਚ ਓਨੀ ਹੀ ਵਧੇਰੇ ਚਰਬੀ ਹੋਵੇਗੀ ਤੇ ਲਾਲ ਮੀਟ ਓਨਾ ਹੀ ਘੱਟ ਹੋਵੇਗਾ। ਚਰਬੀ ਦੀ ਮੋਟਾਈ ਤਿੰਨ ਜਗ੍ਹਾ ਤੋਂ ਮਿਣੀ ਕੇ ਇਨ੍ਹਾਂ ਦੀ ਔਸਤ ਲਈ ਜਾਂਦੀ ਹੈ ਇਹ ਪਹਿਲੀ ਤੇ ਅਖੀਰਲੀ ਪਸਲੀ ਅਤੇ ਰੀੜ ਦੀ ਹੱਡੀ ਦੇ ਅਖੀਰਲੇ ਮਣਕੇ ਤੋਂ ਮਿਣੀ ਜਾਂਦੀ ਹੈ ਅਤੇ ਇਨ੍ਹਾਂ ਔਸਤ ਲਈ ਜਾਂਦੀ ਹੈ।

4. **ਲਾਇਨ ਆਈ ਮਾਸ ਪੇਸ਼ੀ ਦਾ ਖੇਤਰਫਲ:** ਇਹ ਸੂਰ ਦੀ ਪਿੱਠ ਤੇ ਰੀੜ ਦੀ ਹੱਡੀ ਦੇ ਦੋਹੀਂ ਪਾਸੀ ਇਕ ਲੰਬੀ ਮਾਸਪੇਸ਼ੀ (longisimus dorsi) ਹੁੰਦੀ ਹੈ। ਜਿਹੜੀ ਕਿ ਸੂਰ ਵਿਚ ਚਰਬੀ ਰਹਿਤ ਮਾਸਪੇਸ਼ੀਆਂ ਦੇ ਬਾਰੇ ਦਰਸਾਉਂਦੀ ਹੈ। ਇਸਦਾ ਖੇਤਰਫਲ ਜਿੰਨ੍ਹਾਂ ਜ਼ਿਆਦਾ ਹੋਵੇ ਇਹ ਓਨੀ ਹੀ ਬਿਹਤਰ ਸਮਝੀ ਜਾਂਦੀ ਹੈ। ਇਸਨੂੰ **10** ਵੀਂ ਤੇ **11** ਵੀਂ ਪਸਲੀ ਦੇ ਵਿਚਕਾਰੋਂ ਮਿਣਿਆ ਜਾਂਦਾ ਹੈ।

5. **ਚਰਬੀ ਰਹਿਤ ਮੀਟ:** ਪੱਟ (Ham), ਮੌਢਾ (Shoulder ) ਅਤੇ ਪੁੱਠ (Lion) ਦੇ ਮਾਸ ਦੇ ਟੁਕੜਿਆਂ ਵਿਚ ਚਰਬੀ ਬਹੁਤ ਘੱਟ ਹੁੰਦੀ ਹੈ ਇਸ ਲਈ ਇਨ੍ਹਾਂ ਤੋਂ ਪ੍ਰਾਪਤ ਮਾਸ ਚਰਬੀ ਰਹਿਤ ਮਾਸ ਗਿਣਿਆ ਜਾਂਦਾ ਹੈ। ਅਤੇ ਇਸ ਦੀ ਵਧੇਰੇ ਪ੍ਰਤੀਸ਼ਤਤਾ ਗੁਣਕਾਰੀ ਗਿਣੀ ਜਾਂਦੀ ਹੈ।

6. **ਪ੍ਰਮੁੱਖ ਹਿੱਸੇ:–** ਚਰਬੀ ਰਹਿਤ ਮੀਟ ਵਿਚ ਜਦੋਂ ਪੇਟ ਦਾ ਮੀਟ ਨਾਲ ਗਿਣਿਆ ਜਾਵੇ ਤਾਂ ਇਹ ਸਰੀਰ ਦੇ ਪ੍ਰਮੁੱਖ ਮੀਟ ਦੇ ਹਿੱਸੇ ਹਨ।

# ਮੀਟ ਦੀ ਖੁਰਾਕੀ ਗੁਣਵਤਾ

ਮਨੁੱਖ ਨੂੰ ਚੰਗੀ ਸਿਹਤ ਅਤੇ ਰਿਸ਼ਟ ਪੁਸ਼ਟ ਰਹਿਣ ਲਈ ਚੰਗੀ ਅਤੇ ਪੌਸ਼ਟਿਕ ਖ਼ੁਰਾਕ ਦੀ ਜ਼ਰੂਰਤ ਹੈ ਜਿਸ ਵਿੱਚ ਘੱਟੋ ਘੱਟ ੫੦ ਖੁਰਾਕੀ ਤੱਤ ਸਹੀ ਮਾਤਰਾ ਅਤੇ ਠੀਕ ਅਨੁਪਾਤ ਵਿਚ ਹੋਣ। ਖੁਰਾਕ ਨੂੰ ਸੰਤੁਲਿਤ ਕਰਨ ਲਈ ਰੋਜ਼ਾਨਾ ਖੁਰਾਕ ਵਿਚ ਵੱਖ-ਵੱਖ ਖੁਰਾਕੀ ਪਦਾਰਥਾਂ ਦਾ ਉਪਯੋਗ ਕੀਤਾ ਜਾਂਦਾ ਹੈ ਇਨ੍ਹਾਂ ਖ਼ੁਰਾਕੀ ਪਦਾਰਥਾਂ ਨੂੰ ਅਲੱਗ-ਅਲੱਗ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਜਿਨ੍ਹਾਂ ਵਿਚੋਂ ਮੀਟ ਵੀ ਇਕ ਸ਼੍ਰੇਣੀ ਵਿੱਚ ਆਉਂਦਾ ਹੈ।

ਸੂਰ ਦਾ ਮੀਟ ਤੱਤਾਂ ਨਾਲ ਭਰਪੂਰ ਸੁਆਦਲਾ ਮਨੁੱਖੀ ਭੋਜਨ ਹੈ। ਜਿਸ ਵਿੱਚ ਵੱਖੋ-ਵੱਖਰੇ ਤੱਤ ਭਰਪੂਰ ਮਾਤਰਾ ਵਿੱਚ ਉਪਲੱਬਧ ਹਨ। ਵੱਖੋ-ਵੱਖਰੀ ਕਿਸਮ ਦੇ ਮਿਲਣ ਵਾਲੇ ਮੀਟ ਵਿੱਚ ਪਾਏ ਜਾਣ ਵਾਲੇ ਤੱਤ ਸਾਰਨੀ ਵਿੱਚ ਦਿੱਤੇ ਗਏ ਹਨ।ਸੂਰ ਦੇ ਮੀਟ ਵਿਚਲੀ ਪ੍ਰੋਟੀਨ ਬਹੁਤ ਉੱਤਮ ਮਿਆਂਰ ਦੀ ਪ੍ਰੋਟੀਨ ਹੈ ਜੋਕਿ ਜਲਦੀ ਹਜ਼ਮ (98-100%) ਹੋ ਜਾਂਦੀ ਹੈ

**ਸਾਰਣੀ : ਤਾਜ਼ੇ ਮੀਟ ਵਿੱਚ ਖੁਰਾਕੀ ਤੱਤ (%)**

| | **ਮੀਟ ਦੀ ਕਿਸਮ** | | | | |
|---|---|---|---|---|---|
| | **ਸੂਰ** | **ਬੱਕਰੀ** | **ਭੇਡ** | **ਮੁਰਗੀ** | **ਮੱਝ/ਗਾਂ** |
| ਪਾਣੀ | 42.00 | 76.10 | 55.80 | 74.80 | 63.00 |
| ਪ੍ਰੋਟੀਨ | 11.90 | 12.50 | 15.70 | 18.20 | 18.20 |
| ਚਰਬੀ | 45.00 | 1.90 | 22.70 | 6.20 | 18.00 |
| ਖਣਿਜ ਪਦਾਰਥ ਊਰਜਾ | 0.66 | 1.40 | 0.08 | 0.78 | 0.09 |
| 100 ਗ੍ਰਾਮ | 457 | 99 | 317 | 154 | 240 |

ਇਸ ਦੀ ਸਰੀਰ ਵਿਚ ਉਪਯੋਗਤਾ ਦਾ ਮਿਆਰ (Biological Value) 75-80 % ਹੈ। ਇਹ ਸਰੀਰ ਵਿਚ ਤੰਤੂਆਂ ਨੂੰ ਬਣਾਉਣ ਵਿਚ ਬਹੁਤ ਸਹਾਈ ਹੁੰਦੀ ਹੈ । ਕਿਉਂਕਿ ਇਸ ਵਿਚ ਸਾਰੇ ਜ਼ਰੂਰੀ ਅਮੀਨੋ ਐਸਿਡ (Essential amino acids) ਵਧੇਰੇ ਮਾਤਰਾ ਵਿੱਚ ਪਾਏ ਜਾਂਦੇ ਹਨ।

**ਧਾਤਾਂ**

ਸੂਰ ਦਾ ਮੀਟ ਧਾਤਾਂ ਭਰਪੂਰ ਸੋਮਾ ਹੈ । ਇਹ ਜਿੰਕ, ਸੈਲੀਨੀਅਮ ਅਤੇ ਫਾਸਫੋਰਸ ਦਾ ਇੱਕ ਉੱਤਮ ਸ੍ਰੋਤ ਹੈ ਲੋਹੇ ਅਤੇ

ਪੋਟਾਸ਼ੀਅਮ ਦਾ ਵੀ ਵਧੀਆ ਸ੍ਰੋਤ ਹੈ ਪਰੰਤੂ ਮੈਗਨੀਸ਼ੀਅਮ ਚੰਗੀ ਮਾਤਰਾ ਵਿੱਚ ਮਿਲਦਾ ਹੈ ।

**ਵਿਟਾਮਿਨ**

ਸੂਰ ਦਾ ਮੀਟ ਬੀ ਵਿਟਾਮਿਨਾਂ ਦਾ ਇਕ ਉੱਤਮ ਸ੍ਰੋਤ ਮੰਨਿਆ ਗਿਆ ਹੈ।ਇਸ ਵਿਚ ਬੀ$_{੧}$, (ਥਾਇਆਮੀਨ) ਦੂਸਰੇ ਭੋਜਨਾਂ ਦੇ ਮੁਕਾਬਲੇ 3 ਗੁਣਾ ਜ਼ਿਆਦਾ ਹੈ। ਇਸ ਤੋਂ ਇਲਾਵਾ ਨਾਇਆਸੀਨ, ਬੀ$_{6}$, ਬੀ$_{12}$ ਵੀ ਬਹੁਤ ਵਧੇਰੇ ਮਾਤਰਾ ਵਿੱਚ ਮਿਲਦੇ ਹਨ। ਇਨ੍ਹਾਂ ਤੋਂ ਇਲਾਵਾ ਰਾਈਬੋਫਲੇਵਿਨ, ਪੈਂਟੋਥੈਨਿਕ ਐਸਿਡ ਵੀ ਕਾਫੀ ਮਾਤਰਾ ਵਿੱਚ ਮਿਲਦੇ ਹਨ ।

**ਊਰਜਾ**

ਸੂਰ ਦਾ ਮੀਟ ਊਰਜਾ ਦਾ ਭਰਪੂਰ ਸੋਮਾ ਹੈ ਕਿਉਂਕਿ ਇਸਦੇ ਸਰੀਰ ਤੇ ਚਰਬੀ ਦੀ ਤਹਿ ਜਮੀਂ ਹੁੰਦੀ ਹੈ। ਇਸ ਦੀ ਮੋਟਾਈ ਖੁਰਾਕ ਦੀ ਕਿਸਮ ਉੱਤੇ ਨਿਰਭਰ ਕਰਦੀ ਹੈ। ਸੂਰ ਦੇ ਮੀਟ ਵਿਚ ਪ੍ਰੋਟੀਨ, ਖਣਿਜ ਪਦਾਰਥ, ਚਰਬੀ ਅਤੇ ਪਾਣੀ ਦੀ ਮਾਤਰਾ ਵਾਤਾਵਰਣ ਅਤੇ ਉਨ੍ਹਾਂ ਦੀ ਜੱਦ ਤੇ ਮੁਨੱਸਰ ਕਰਦੀ ਹੈ। ਖਣਿਜ ਅਤੇ ਪ੍ਰੋਟੀਨ ਦੀ ਮਾਤਰਾ ਵਿੱਚ ਵਧੇਰੇ ਫਰਕ ਨਹੀਂ ਪੈਂਦਾ ਜਦੋਂ ਕਿ ਜੇ ਚਰਬੀ ਘੱਟ ਜਾਵੇ ਤਾਂ ਪਾਣੀ ਓਨਾ ਹੀ ਵੱਧ ਜਾਂਦਾ ਹੈ ।

ਸੂਰ ਦੇ ਮੀਟ ਵਿੱਚ ਅਸੰਤ੍ਰਿਪਤ ਚਰਬੀ ਵਿਚਲੇ ਫੈਟੀ ਐਸਿਡ ਲਿਨਔਲਿਕ ਐਸਿਡ ੮-੯% ਜਾਂ ੧੩% ਤੱਕ ਹੁੰਦਾ ਹੈ। ਲਿਨੋਲੈਨਿਕ ਐਸਿਡ ਅਤੇ ਅਰੈਕੀਡੋਨਿਕ ਐਸਿਡ ੧-੪ ਜਾਂ ੫% ਤੱਕ ਮਿਲਦਾ ਹੈ। ਬਹੁਤ ਸਾਰੇ ਲੋਕ ਇਹ ਸੋਚਦੇ ਹਨ ਕਿ ਸੂਰ ਦੇ ਮੀਟ ਵਿੱਚ ਕੋਲੈਸਟਰੋਲ ਬਹੁਤ ਜ਼ਿਆਦਾ ਹੁੰਦੀ ਹੈ ਪਰੰਤੂ ਇਹ ਦੂਜੇ ਜਾਨਵਰਾਂ ਦੇ ਮੀਟ ਦੇ ਮੁਕਾਬਲੇ ਕਾਫੀ ਘੱਟ ਹੁੰਦੀ ਹੈ ।

**ਸਾਰਣੀ : ਵੱਖੋ ਵੱਖਰੇ ਕਿਸਮ ਦੇ ਮੀਟ ਵਿਚਲੀ ਪ੍ਰੋਟੀਨ ਵਿੱਚ ਮਿਲਣ ਵਾਲੇ ਅਮੀਨੋ ਐਸਿਡ**

| **ਅਮੀਨੋ ਐਸਿਡ** | **ਸੂਰ** | **ਭੇਡ** | **ਮੁਰਗੀ** | **ਦੁੱਧ ਦੀ ਪ੍ਰੋਟੀਨ** |
|---|---|---|---|---|
| ਆਰਜੀਨੀਨ | 6.4 | 6.9 | 7.1 | 3.9 |
| ਹਿਸਟੀਡੀਨ | 3.2 | 2.7 | 2.3 | 3.2 |
| ਆਈਸੋਲਿਊਸੀਨ | 4.9 | 4.8 | -- | 5.1 |
| ਲਿਊਸੀਨ | 7.5 | 7.4 | -- | 7.6 |
| ਲਾਈਸੀਨ | 7.8 | 7.6 | 8.4 | 8.2 |
| ਮਿਥਾਓਨੀਨ | 2.5 | 2.3 | 3.2 | 3.1 |
| ਫਿਨਾਈਲ ਐਲਾਨੀਨ | 4.1 | 3.9 | 4.6 | 4.1 |
| ਥਰੀਓਨੀਨ | 5.1 | 4.9 | 4.7 | 4.1 |
| ਟ੍ਰਿਪਟੋਫੇਨ | 1.4 | 1.3 | 1.2 | 1.0 |
| ਵੇਲੀਨ | 5.0 | 5.0 | - | 6.0 |

# ਸੂਰ ਦੇ ਮੀਟ ਦੇ ਪਕਵਾਨ

ਸੂਰ ਦਾ ਮੀਟ ਪ੍ਰਾਪਤ ਕਰਨ ਉਪਰੰਤ ਇਸਨੂੰ ਮਨੁੱਖੀ ਭੋਜਨ ਵਿਚ ਕਈ ਤਰੀਕਿਆਂ ਨਾਲ ਸੁਆਦਲਾ ਬਣਾ ਕੇ ਵਰਤਿਆ ਜਾ ਸਕਦਾ ਹੈ। ਸੂਰ ਦੇ ਮੀਟ ਤੋਂ ਹੇਠ ਲਿਖੇ ਪਕਵਾਨ ਬੜੀ ਅਸਾਨੀ ਨਾਲ ਬਣਾਏ ਜਾ ਸਕਦੇ ਹਨ।

**ਮੀਟ ਦੀਆਂ ਟਿੱਕੀਆਂ**

ਸੂਰ ਦੇ ਮੀਟ ਨੂੰ ਬਰਗਰ ਜਾਂ ਪੈਟੀ ਦੇ ਰੂਪ ਵਿਚ ਵਰਤਿਆ ਜਾ ਸਕਦਾ ਹੈ। ਇਸ ਲਈ ਤਕਰੀਬਨ 250 ਗ੍ਰਾਮ ਚਰਬੀ ਰਹਿਤ ਮੀਟ ਕੀਮਾ ਕਰ ਲਓ ਉਸ ਵਿਚ 5-6 ਗ੍ਰਾਮ ਲੂਣ, 5 ਗ੍ਰਾਮ ਮੀਟ ਮਸਾਲਾ, 5 ਗ੍ਰਾਮ ਕਾਲੀ ਮਿਰਚ, 10 ਗ੍ਰਾਮ ਮੈਦਾ ਲੈ ਕੇ ਚੰਗੀ ਤਰ੍ਹਾਂ ਮਿਲਾ ਲਓ। ਇਕ ਕੜਾਹੀ ਵਿਚ ਤੇਲ ਪਾਕ, ਇਸ ਮਿਸ਼ਰਣ ਦੀਆਂ 70-75 ਗ੍ਰਾਮ ਦੇ ਕਰੀਬ ਦੀਆ ਟਿਕੀਆਂ ਬਣਾ ਕੇ ਤੱਲ ਲਓ। ਜਦੋਂ ਇਹ ਸੁਨਹਿਰੀ ਰੰਗ ਤੋਂ ਭੂਰੀਆਂ ਲਾਲ ਹੋ ਜਾਣ ਤਾਂ ਇਹ ਟਿੱਕੀਆਂ ਤਿਆਰ ਹਨ। ਇਨ੍ਹਾਂ ਟਿੱਕੀਆਂ ਨੂੰ ਬਰਗਰ (ਇਕ ਗੋਲ ਬੰਦ) ਨੂੰ ਦੋ ਹਿੱਸਿਆਂ ਵਿਚ ਕੱਟਣ ਉਪਰੰਤ ਵਿਚ ਰੱਖ ਕੇ, ਚਟਨੀ, ਪਿਆਜ਼, ਟਮਾਟਰ, ਬੰਦ ਗੋਭੀ ਪਾਕੇ ਸੁਆਦ ਨਾਲ ਖਾਧਾ ਜਾ ਸਕਦਾ ਹੈ।

**ਮੀਟ ਕੋਫਤਾ**

ਸੂਰ ਦੇ ਮੀਟ ਦੇ ਕੋਫਤੇ ਤਲ ਕੇ, ਤਰੀ ਵਾਲੇ ਬਣਾ ਕੇ ਰੋਟੀ ਨਾਲ ਖਾਦੇ ਜਾਂਦੇ ਹਨ। ਕੋਫਤੇ ਬਣਾਉਣ ਲਈ 250 ਗ੍ਰਾਮ ਚਰਬੀ ਰਹਿਤ ਮੀਟ ਦਾ ਕੀਮਾ ਕਰ ਕੇ ਉਸ ਵਿਚ 40-45 ਗ੍ਰਾਮ ਕੀਮਾ ਕੀਤੀ ਹੋਈ ਚਰਬੀ, 6-8 ਗ੍ਰਾਮ ਲੂਣ, 4-5 ਗ੍ਰਾਮ ਮੀਟ ਮਸਾਲਾ, 8-10 ਗ੍ਰਾਮ ਮੈਦਾ ਅਤੇ ਇਕ ਅੰਡੇ ਨੂੰ ਫੈਂਟ ਕੇ ਚੰਗੀ ਤਰ੍ਹਾਂ ਮਿਲਾ ਲਓ। ਇਸ ਮਿਸ਼ਰਣ ਵਿਚੋਂ 15-20 ਗ੍ਰਾਮ ਲੈ ਕੇ ਗੋਲ–ਗੋਲ ਗੋਲੇ ਬਣਾ ਕੇ ਕੜਾਹੀ ਵਿਚ ਤੇਲ ਪਾਕੇ ਸੁਨਹਿਰੀ ਭੂਰੇ ਰੰਗ ਹੋਣ ਤੱਕ ਤੱਲ ਲਓ। ਇਨ੍ਹਾਂ ਨੂੰ ਚਾਹ ਨਾਲ ਇੰਜ ਵੀ ਖਾਧਾ ਜਾ ਸਕਦਾ ਹੈ। ਸਬਜ਼ੀ ਦੇ ਤੌਰ ਤੇ ਕੋਫਤਿਆਂ ਲਈ ਤਰੀ (Curry) ਬਣਾਉਣ ਲਈ 10-20 ਗ੍ਰਾਮ ਲੱਸਣ, 12-20 ਗ੍ਰਾਮ ਅਦਰਕ, 100-150 ਗ੍ਰਾਮ ਪਿਆਜ਼ ਬਰੀਕ ਕੁਤਰਕੇ ਘਿਉ ਵਿਚ ਹਲਕੇ ਭੂਰੇ ਰੰਗ ਤਕ ਭੁੰਨ ਲਓ। ਇਸ ਵਿਚ ਪੀਸੇ ਹੋਏ ਟਮਾਟਰ, ਨਮਕ, ਪੀਸੀ ਹੋਈ ਮਿਰਚ (ਸੁਆਦ ਅਨੁਸਾਰ), ਹਲਦੀ, ਪੀਸਿਆ ਹੋਇਆ ਸੁੱਕਾ ਧਣੀਆ, ਗਰਮ ਮਸਾਲਾ ਆਦਿ ਪਾਕੇ ਚੰਗੀ ਤਰ੍ਹਾਂ ਪਕਾਓ। ਲੋੜ ਅਨੁਸਾਰ ਤਰੀ ਬਣਾਉਣ ਲਈ ਪਾਣੀ ਪਾਓ ਅਤੇ ਇਸ ਨੂੰ ਉਬਾਲੋ ਤੇ ਫਿਰ ਤੱਲੇ ਹੋਏ ਕੋਫਤੇ ਵਿਚ ਪਾਕੇ 5 ਮਿੰਟ ਲਈ ਪਕਾ ਲਓ। ਤਰੀ ਨੂੰ ਸੰਘਣਾ ਕਰਨ ਲਈ 3-5 ਗ੍ਰਾਮ

ਅਰਾਰੂਟ ਪਾਣੀ ਵਿਚ ਘੋਲ ਕੇ ਤਰੀ ਵਿਚ ਪਾ ਕੇ ਇਕ ਹਲਕਾ ਜਿਹਾ ਉਬਾਲਾ ਜਰੂਰ ਦੇ ਦਿਓ। ਇੰਜ ਤਰੀ ਵਾਲੇ ਕੋਫਤੇ ਤਿਆਰ ਹਨ।

ਜੇਕਰ ਕੋਫਤਿਆਂ (ਗੋਲੀਆਂ) ਨੂੰ ਨਾ ਤੱਲਣਾ ਹੋਵੇ ਤਾਂ ਇਨ੍ਹਾਂ ਗੋਲੀਆਂ ਨੂੰ ਓਵਨ ਵਿੱਚ ਜਿਸਦਾ ਤਾਪਮਾਨ **180-190**$^{0}$ ਸੈਂਟੀਗ੍ਰੇਡ C ਹੋਵੇ ਵਿੱਚ **15-20** ਮਿੰਟ ਲਈ ਰੱਖ ਦਿਓ। ਇਹ ਪੱਕ ਜਾਣਗੇ ਅਤੇ ਇਨ੍ਹਾਂ ਨੂੰ ਠੰਢਾ ਕਰਕੇ ਫਰਿਜ ਵਿਚ ਰੱਖ ਦਿਓ ਜਦੋਂ ਲੋੜ ਪਵੇ ਕੋਫਤਾ ਕਰੀ ਬਣਾ ਲਓ।

**ਮੀਟ ਨਗਟਸ**

ਜਿਵੇਂ ਕੋਫਤਿਆਂ ਨੂੰ ਬਣਾਉਣ ਲਈ ਮਿਸ਼ਰਣ ਤਿਆਰ ਕੀਤਾ ਸੀ ਉਸ ਵਿਚ ਥੋੜਾ ਜਿਹਾ ਬੇਕਿੰਗ ਪਾਊਡਰ ਪਾਕੇ ਮਿਲਾ ਲਓ ਅਤੇ ਇਕ ਸਾਂਚੇ ਵਿਚ ਪਾ ਦਿਓ ਇਸ ਸਾਂਚੇ ਨੂੰ ਕੁੱਕਰ ਵਿੱਚ ਰੱਖ ਕੇ **20-25** ਮਿੰਟ ਲਈ ਪਕਾਓ। ਠੰਢਾ ਕਰਨ ਉਪਰੰਤ ਇਸਦੇ ਲੋੜ ਅਨੁਸਾਰ ਛੋਟੇ– ਛੋਟੇ ਟੁਕੜੇ ਕੱਟ ਲਏ ਜਾਂਦੇ ਹਨ।

**ਪੇੜਾ (Sausages)**

ਇਕ ਕਿਲੋ ਸੂਰ ਦਾ ਮੀਟ ਜਿਸ ਵਿੱਚ **200-300** ਗ੍ਰਾਮ ਚਰਬੀ ਮਿਲੀ ਹੋਵੇ ਲੈਕੇ ਉਸਦਾ ਕੀਮਾ ਬਣਾ ਲਓ। ਇਸ ਵਿੱਚ **20-25** ਗ੍ਰਾਮ ਲੂਣ, **2-3** ਗ੍ਰਾਮ ਖੰਡ ਜਾਂ ਗੁੜ, ਇਕ ਚਮਚ ਕਾਲੀ ਮਿਰਚ, **5-10** ਗ੍ਰਾਮ ਲਾਲ ਮਿਰਚ, **2-3** ਪੋਥੀਆਂ ਪੀਸਿਆ ਹੋਇਆ ਲੱਸਣ, **15-20** ਗ੍ਰਾਮ ਪੀਸੀ ਹੋਈ ਅਦਰਕ, **25-50** ਗ੍ਰਾਮ ਪਿਆਜ਼ ਪਾਕੇ ਇਨ੍ਹਾਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਮਿਲਾਓ। ਸੂਰ ਦੀ ਅੰਤੜੀ ਨੂੰ ਚੰਗੀ ਤਰ੍ਹਾਂ ਧੋ ਕੇ ਇਸ ਵਿਚ ਉਪਰੋਕਤ ਮਿਸ਼ਰਣ ਨੂੰ ਚੰਗੀ ਤਰ੍ਹਾਂ ਭਰ ਦਿਓ। ਇਸ ਭਰੀ ਹੋਈ ਅੰਤੜੀ ਨੂੰ **9-10** ਇੰਚ ਦੇ ਫਾਸਲੇ ਤੇ ਬੰਨ ਲਓ ਅਤੇ ਇਸਨੂੰ ਚੰਗੀ ਤਰ੍ਹਾਂ ਉਬਾਲ ਲਓ। ਠੰਡਾ ਹੋਣ ਤੇ ਪੇੜਾ ਤਿਆਰ ਹੈ। ਜਾਂ ਫਿਰ ਇਸਨੂੰ ਗਰਿਲ ਕਰ ਲਓ ਜਾਂ ਫਿਰ **14-25** ਦਿਨ ਲਈ ਇਸ ਦਾ ਕੁਦਰਤੀ ਤੌਰ ਤੇ ਖਮੀਰ ਉਠਣ ਦਿਓ। ਇਹ ਸਾਜੇਜਿਜ਼ ਤਿਆਰ ਹੋ ਜਾਣਗੀਆਂ। ਖਮੀਰ ਉਠਾਉਣ ਵੇਲੇ ਇਸ ਦਾ ਤਾਪਮਾਨ ਅਤੇ ਨਮੀ ਦਾ ਧਿਆਨ ਰੱਖਣਾ ਚਾਹੀਦਾ ਹੈ ਇਸ ਤਰ੍ਹਾਂ ਤਿਆਰ ਕੀਤੀਆਂ ਸਾਸਜਿਜ਼ ਦਾ **25-30 %** ਭਾਰ ਘਟਦਾ ਹੈ। ਤਿਆਰ ਕੀਤੀਆਂ ਸਾਸੇਜਿਜ਼ ਨੂੰ ਫਰਿਜ ਵਿਚ ਠੰਡਾ ਰੱਖਿਆ ਜਾਂਦਾ ਹੈ। ਇਨ੍ਹਾਂ ਨੂੰ ਚਾਹ ਦੇ ਨਾਲ ਬਿਸਕੁਟਾਂ ਵਾਂਗ ਕੱਟ ਕੇ ਪਰੋਸਿਆ ਜਾਂਦਾ ਹੈ ਜੋ ਕਿ ਬਹੁਤ ਹੀ ਸੁਆਦ ਹੁੰਦੀਆਂ ਹਨ।

**ਸੂਰ ਦੇ ਮੀਟ ਦਾ ਅਚਾਰ**

ਸੂਰ ਦੇ ਮੀਟ ਦਾ ਅਚਾਰ ਇਕ ਸੁਆਦਲਾ ਖਾਣਾ ਹੈ। ਜੋ ਕਿ ਕਿਸੇ ਵੀ ਸਮੇਂ ਤੇ ਸਵੇਰੇ ਨਾਸ਼ਤੇ, ਦੁਪਹਿਰ ਦੇ ਖਾਣੇ, ਰਾਤ ਦੇ ਖਾਣੇ ਨਾਲ ਜਾਂ ਫਿਰ ਚਾਹ ਦੇ ਨਾਲ ਖਾਧਾ ਜਾ ਸਕਦਾ ਹੈ ਅਚਾਰ ਬਣਾਉਣ ਦੇ ਕਈ ਤਰੀਕੇ ਹਨ। ਪਰ ਆਮ ਤੌਰ ਤੇ ਪ੍ਰਯੋਗ ਵਿਚ ਲਿਆਂਦਾ ਜਾਣ ਵਾਲਾ ਤਰੀਕਾ ਇਸ ਤਰ੍ਹਾਂ ਹੈ। ਅਚਾਰ ਬਣਾਉਣ ਲਈ ਇਕ ਕਿਲੋ ਸੂਰ ਦਾ ਮੀਟ ਚਰਬੀ ਅਤੇ ਸਾਂਟ ਸਮੇਤ ਲੈਕੇ ਉਸਦੇ ਲੋੜ ਅਨੁਸਾਰ ਪੀਸ (1 ਇੰਚ) ਕਰਕੇ ਚੰਗੀ ਤਰ੍ਹਾਂ ਧੋ ਲਓ। ਇਸ ਵਿਚ ਲੋੜ ਅਨੁਸਾਰ ਲੂਣ ਪਾਕੇ ਕੜਾਹੀ ਵਿਚ ਥੋੜਾ ਜਿਹਾ ਤੇਲ ਪਾਕੇ ਹਲਕਾ ਹਲਕਾ ਭੁੰਨ ਲਓ। ਜਦੋਂ ਮੀਟ ਪੂਰੀ ਤਰ੍ਹਾਂ ਪਾਣੀ ਛੱਡ ਜਾਵੇ ਤਾਂ ਇਸੇ ਹੀ ਪਾਣੀ ਵਿਚ ਇਸਨੂੰ ਚੰਗੀ ਤਰ੍ਹਾਂ ਰਿੰਨੋ। ਜਦੋਂ ਮੀਟ ਪੂਰੀ ਤਰ੍ਹਾਂ ਗਲ਼ ਜਾਵੇ ਅਤੇ ਪਾਣੀ ਸੁੱਕ ਜਾਵੇ ਇਸ ਨੂੰ ਲਾਹ ਕੇ ਠੰਡਾ ਹੋਣ ਦਿਓ। ਇਕ ਹੋਰ ਕੜਾਹੀ ਵਿਚ ਲੋੜ ਅਨੁਸਾਰ ਬਰੀਕ ਕੁਤਰੇ ਹੋਏ ਪਿਆਜ (100-200 ਗ੍ਰਾਮ), 50 ਗ੍ਰਾਮ ਅਦਰਕ, 50 ਗ੍ਰਾਮ ਲੱਸਣ ਪਾਕੇ ਹਲਕਾ ਭੂਰਾ ਰੰਗ ਤਕ ਭੁੰਨੋ। ਜਦੋਂ ਇਹ ਮਸਾਲਾ ਚੰਗੀ ਤਰ੍ਹਾਂ ਭੁੰਨਿਆ ਜਾਵੇ ਤਾਂ ਇਸ ਵਿਚ 30 ਗ੍ਰਾਮ ਧਨੀਆ, 50 ਗ੍ਰਾਮ ਕਾਲੀ ਮਿਰਚ, 25 ਗ੍ਰਾਮ ਲੂਣ, 10-20 ਗ੍ਰਾਮ ਗੁੜ ਪਾਕੇ ਪਕਾਓ। ਇਸ ਮਸਾਲੇ ਵਿਚ ਪਹਿਲਾਂ ਤੋ ਪਕਾਇਆ ਹੋਇਆ ਸੂਰ ਦਾ ਮੀਟ ਅਤੇ ਸਿਰਕਾ ਪਾਕੇ ਚੰਗੀ ਤਰ੍ਹਾਂ ਮਿਲਾ ਲਓ ਅਤੇ ਥੋੜੇ ਸਮੇਂ ਲਈ ਇਸਨੂੰ ਅੱਗ ਤੇ ਹੀ ਰੱਖੋ ਤਾਂ ਜੋ ਇਸ ਵਿਚ ਕੋਈ ਵਾਧੂ ਪਾਣੀ ਨਾ ਰਹੇ। ਇਸ ਤਰ੍ਹਾਂ ਇਹ ਮੀਟ ਦਾ ਅਚਾਰ ਤਿਆਰ ਹੈ। ਜਦੋਂ ਇਹ ਠੰਢਾ ਹੋ ਜਾਵੇ ਤਾਂ ਇਸ ਵਿੱਚ ਲੌਂਗਾਂ ਦੇ ਤੇਲ ਦੇ 5-6 ਤੁਪਕੇ ਪਾਕੇ ਮਿਲਾਓ। ਇਹ ਇੱਕ ਬਹੁਤ ਵਧੀਆ ਸੁੰਗਧ ਦੇਵੇਗਾ। ਵਧੇਰੇ ਸਮੇਂ ਲਈ ਰੱਖਣ ਲਈ ਇਸ ਵਿੱਚ ਸਰੋਂ ਦਾ ਤੇਲ ਪਾਓ। ਇਸ ਤਰ੍ਹਾਂ ਇਹ ਕਾਫੀ ਸਮੇਂ ਤੱਕ ਰੱਖਿਆ ਜਾ ਸਕਦਾ ਹੈ।

**ਮੀਟ ਦਾ ਟਿੱਕਾ**

ਸੂਰ ਦੇ ਮੀਟ ਦਾ ਟਿੱਕਾ ਤਿਆਰ ਕਰਕੇ ਵੀ ਪਰੋਸਿਆ ਜਾਂਦਾ ਹੈ। ਇਸ ਲਈ 750 ਗ੍ਰਾਮ ਸੂਰ ਦਾ ਮੀਟ ਲੈ ਕੇ ਇਸ ਦਾ ਕੀਮਾ ਕਰ ਲਓ। ਇਸ ਵਿੱਚ 50-60 ਗ੍ਰਾਮ ਬਰੀਕ ਕੁਤਰੇ ਹੋਏ ਪਿਆਜ਼, 15-20 ਗ੍ਰਾਮ ਪੀਸਿਆ ਹੋਇਆ ਲਸਣ ਤੇ ਅਦਰਕ, 15 ਗ੍ਰਾਮ ਲੂਣ, 10 ਗ੍ਰਾਮ ਲਾਲ ਮਿਰਚ, 5 ਗ੍ਰਾਮ ਕਾਲੀ ਮਿਰਚ, 15-20 ਗ੍ਰਾਮ ਮੈਦਾ, 100 ਗ੍ਰਾਮ ਦੇ ਕਰਬੀ ਚਰਬੀ ਲੈ ਕੇ ਚੰਗੀ ਤਰ੍ਹਾਂ ਮਿਲਾ ਲਓ ਅਤੇ ਇਸ ਦੇ ਛੋਟੇ-ਛੋਟੇ ਚੌਰਸ ਪੀਸ ਬਣਾ ਕੇ ਗਰਿਲ ਕਰ ਲਏ ਜਾਂਦੇ ਹਨ ਜਾਂ ਫਿਰ ਕੱਚੇ ਕੋਲਿਆਂ ਦੇ ਸੇਕ ਤੇ ਭੁੰਨ ਲਿਆ ਜਾਂਦਾ ਹੈ। ਮੀਟ ਦੇ ਟਿੱਕੇ ਖਾਣ ਵਿੱਚ ਬਹੁਤ ਸੁਆਦ ਹੁੰਦੇ ਹਨ।